ਜਨਵਰੀ-ਫ਼ਰਵਰੀ 2011 * ₹10

# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

## THE DOCTOR WHOM THE STATE FEARS



## ਡਾ. ਬਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ ਦਾ ਵਿਰੋਧ ਕਰੋ !

## ਅਲਵਿਦਾ 2010, ਖ਼ੁਸ਼ਾਮਦੀਦ 2011

ਅਣਖ਼ ਦੇ ਨਾਂ 'ਤੇ ਕਤਲ - ਮਨੁੱਖੀ ਅਜ਼ਾਦੀ 'ਤੇ ਹਮਲਾ

ਪੰਜਾਬ ਸਰਕਾਰ ਨੇ ਬਣਾਏ ਦੋ ਖ਼ਤਰਨਾਕ ਕਾਲ਼ੇ ਕਾਨੂੰਨ

## 'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➤ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➤ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾੜ੍ਹਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

## ਇਸ ਅੰਕ ਵਿੱਚ


*ਸੰਪਾਦਕੀ*

* ਅਲਵਿਦਾ 2010, ਖ਼ੁਸ਼ਆਮਦੀਦ 2011 — 1

*ਭੱਖਦੇ ਮੱਸਲੇ*

* ਅਣਖ ਦੇ ਨਾਂ 'ਤੇ ਕਤਲ - ਮਨੁੱਖੀ ਅਜ਼ਾਦੀ 'ਤੇ ਹਮਲਾ — 3
* ਨੀਰਾ ਰਾਡੀਆ: ਟੇਪ ਲੀਕ ਮਾਮਲਾ ਅਤੇ ਭਾਰਤ ਵਿੱਚ ਲਾਬਿੰਗ ਇਸ ਹਮਾਮ ਵਿੱਚ ਸਭ ਨੰਗੇ ਹਨ! — 7
* ਪੰਜਾਬ ਸਰਕਾਰ ਨੇ ਬਣਾਏ ਦੋ ਖ਼ਤਰਨਾਕ ਕਾਲੇ ਕਾਨੂੰਨ: ਪੂੰਜੀਵਾਦੀ ਹਾਕਮਾਂ ਨੂੰ ਸਤਾ ਰਿਹਾ ਹੈ ਲੋਕ ਲਹਿਰਾਂ ਦਾ ਡਰ — 10
* ਬਣਾਉਟੀ ਸੈੱਲ ਦੀ ਵਰਤੋਂ ਅਤੇ ਨੈਤਿਕਤਾ — 13

*ਕੌਮਾਂਤਰੀ ਝਰੋਖਾ*

* ਕਾਨਕੁਨ ਜਲਵਾਯੂ ਤਬਦੀਲੀ ਵਾਰਤਾ — 12
* ਓਬਾਮਾ ਦੀ ਸੋਚ — 22
* ਇੰਗਲੈਂਡ 'ਚ ਵਿਦਿਆਰਥੀ-ਰੋਹ ਦੇ ਝਟਕੇ — 30

*ਇਤਿਹਾਸ*

* ਵਿਗਿਆਨ ਦਾ ਮਹਾਂਮਾਨਵ - ਚਾਰਲਸ ਡਾਰਵਿਨ — 16
* ਰਾਇਲ ਇੰਡੀਅਨ ਨੇਵੀ ਵਿਦਰੋਹ — 17
* ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨ੍ਹਾ ਦੀ ਸੇਵਾ ਕਰਦਾ ਹੈ? — 20

*ਸ਼ਰਧਾਂਜਲੀ*

* ਵਿਦਿਆਰਥੀ ਸੰਘਰਸ਼ਾਂ ਦਾ ਜਰਨੈਲ ਸੀ ਜਰਨੈਲ — 29

*ਸਰਗਰਮੀਆਂ*

* ਲੁਧਿਆਣੇ ਦੀ ਮਜ਼ਦੂਰ ਬਸਤੀ 'ਚ "ਮਜ਼ਦੂਰ ਲਾਈਬ੍ਰੇਰੀ" ਦੀ ਸਥਾਪਨਾ — 32

*ਸਾਹਿਤ ਤੇ ਕਲਾ*

* ਕੁਲਦੀਪ ਸਿਰਸੇ ਦੀਆਂ ਕਾਵਿਤਾਵਾਂ — 9
* ਕੌਮੀ ਸੱਭਿਆਚਾਰ ਲਈ ਸਿੱਖਿਆ — 26



# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

ਬੁਲੇਟਿਨ 16

ਜਨਵਰੀ-ਫ਼ਰਵਰੀ 2011



**ਸੰਪਾਦਕ**

ਲਖਵਿੰਦਰ

**ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ**

ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 96461 50249

e-mail: lalkaar08@rediffmail.com



**ਸਾਲਾਨਾ ਚੰਦਾ - 60 ਰੁਪਏ (ਡਾਕ ਰਾਹੀਂ 80 ਰੁਪਏ)**

ਤੁਸੀਂ 'ਲਲਕਾਰ' ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। 'ਲਲਕਾਰ' ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।

**lalkaar.wordpress.com**

- ਸੰਪਾਦਕੀ

# ਅਲਵਿਦਾ 2010, ਖੁਸ਼ਆਮਦੀਦ 2011

ਨਵੀਂ ਸਦੀ ਦਾ ਇੱਕ ਹੋਰ ਵਰ੍ਹਾ ਗੁਜ਼ਰ ਗਿਆ। ਇਸ ਸਾਲ ਦੇ ਅੰਤ ਨਾਲ਼ ਨਵੀਂ ਸਦੀ ਦੇ ਪਹਿਲੇ ਦਹਾਕੇ ਦਾ ਵੀ ਅੰਤ ਹੋ ਗਿਆ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਨਵੇਂ ਵਰ੍ਹੇ ਦੀ ਆਮਦ 'ਤੇ ਦੇਸ਼ ਦੀ ਉੱਪਰਲੀ ਅਮੀਰ ਅਬਾਦੀ ਨੇ ਮਹਿੰਗੇ ਹੋਟਲਾਂ, ਪੱਬਾਂ ਵਿੱਚ ਜਸ਼ਨ ਮਨਾਏ। ਕਰੋੜਾਂ ਰੁਪਏ ਫੂਕੇ। 31 ਦਸੰਬਰ ਦੀ ਅੱਧੀ ਰਾਤ ਨੂੰ ਪਟਾਖਿਆਂ, ਆਤਿਸ਼ਬਾਜ਼ੀਆਂ, ਸ਼ੈਂਪੇਨ ਦੀਆਂ ਫੁਹਾਰਾਂ ਨਾਲ਼ ਨਵੇਂ ਸਾਲ ਦਾ ਸਵਾਗਤ ਕੀਤਾ। ਸਾਲ ਭਰ ਦੇ ਕਈ ਮੌਕਿਆਂ ਵਾਂਗ ਇਸ ਮੌਕੇ ਨੂੰ ਵੀ ਦੇਸ਼ ਦੇ ਅਮੀਰਾਂ ਨੇ ਦੇਸ਼ ਦੇ ਕਿਰਤੀਆਂ ਦੀ ਅੰਨ੍ਹੀ ਲੁੱਟ ਤੋਂ ਹਾਸਿਲ ਕੀਤੇ ਬੇਪਨਾਹ ਧਨ ਦੇ ਦਿਖਾਵੇ ਅਤੇ ਇਸ ਧਨ ਨੂੰ ਫਜ਼ੂਲ 'ਚ ਉਡਾਉਣ ਲਈ ਬਾਖੂਬੀ ਵਰਤਿਆ।

ਦੂਜੇ ਪਾਸੇ ਦੇਸ਼ ਦੀ 80 ਫੀਸਦੀ ਕਿਰਤੀ ਆਬਾਦੀ ਲਈ ਨਵਾਂ ਸਾਲ, ਗੁਜ਼ਰੇ ਸਾਲ ਵਰਗਾ ਹੀ ਸੀ। ਉਹਨਾਂ ਕੋਲ ਨਵੇਂ ਸਾਲ ਦੇ ਜਸ਼ਨ ਮਨਾਉਣ ਦਾ ਨਾ ਤਾਂ ਕੋਈ ਕਾਰਨ ਹੀ ਹੈ ਨਾ ਸਮਾਂ ਅਤੇ ਨਾ ਸਾਧਨ। ਜਦੋਂ ਦੇਸ਼ ਦੇ ਅਮੀਰ ਨਵੇਂ ਸਾਲ ਦੇ ਜਸ਼ਨਾਂ ਵਿੱਚ ਮਸ਼ਗੂਲ ਸਨ ਤਾਂ ਦੇਸ਼ ਦੇ ਕਿਰਤੀ ਲੋਕਾਂ ਨੂੰ ਢਿੱਡ ਭਰਨ ਦੀ ਚਿੰਤਾ ਸਤਾ ਰਹੀ ਸੀ। ਕੜਾਕੇ ਦੀ ਠੰਡ ਵਿੱਚ ਕਿਵੇਂ ਨਾ ਕਿਵੇਂ ਜਿਉਂਦੇ ਰਹਿਣ ਦੀ ਚਿੰਤਾ ਸਤਾ ਰਹੀ ਸੀ। ਜਦੋਂ ਦੇਸ਼ ਦੇ ਅਮੀਰ ਪਟਾਖੇ ਅਤੇ ਆਤਿਸ਼ਬਾਜ਼ੀਆਂ ਚਲਾ ਰਹੇ ਸਨ, ਸ਼ੈਂਪੇਨ ਦੇ ਡੱਟ ਹਵਾ 'ਚ ਉਡਾ ਰਹੇ ਸਨ, ਤਾਂ ਦੇਸ਼ ਦੇ ਕਰੋੜਾਂ ਬੇਘਰ ਗਰੀਬ, ਕੁੱਤਿਆਂ ਵਾਂਗ ਉਹਨਾਂ ਘੁਰਨਿਆਂ ਦੀ ਤਲਾਸ਼ ਕਰ ਰਹੇ ਸਨ, ਜਿੱਥੇ ਉਹ ਰਾਤ ਕੱਟ ਸਕਣ ਤਾਂ ਕਿ ਅਗਲੀ ਸਵੇਰ ਉਹਨਾਂ ਦੀ ਅੱਖ ਖੁੱਲ੍ਹ ਸਕੇ।

ਪਿਛਲੇ ਤਿੰਨ ਚਾਰ ਸਾਲਾਂ ਤੋਂ ਲਗਾਤਾਰ ਵਧ ਰਹੀ ਮਹਿੰਗਾਈ ਨੇ ਦੇਸ਼ ਦੇ ਗਰੀਬਾਂ ਦਾ ਲੱਕ ਤੋੜ ਛੱਡਿਆ ਹੈ। ਮਹਿੰਗਾਈ ਵਧਣ ਦਾ ਸਿਲਸਿਲਾ 2010 ਵਿੱਚ ਵੀ ਬਾਦਸਤੂਰ ਜਾਰੀ ਰਿਹਾ। ਆਮ ਲੋਕਾਂ ਦੀ ਜ਼ਰੂਰਤ ਦੀਆਂ ਸਭ ਚੀਜ਼ਾਂ ਦੇ ਭਾਅ ਆਸਮਾਨ ਛੂਹ ਰਹੇ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਸਾਰਾ ਸਾਲ ਬਿਆਨ ਦਾਗਦਾ ਰਿਹਾ ਕਿ ਮਹਿੰਗਾਈ 'ਤੇ ਜਲਦ ਹੀ ਕਾਬੂ ਪਾ ਲਿਆ ਜਾਵੇਗਾ। ਪਰ ਉਹ 'ਜਲਦ' ਕਦੇ ਨਾ ਆਈ, ਉਲਟਾ ਮਹਿੰਗਾਈ ਘਟਣੀ ਤਾਂ ਕੀ ਸੀ ਸਗੋਂ ਹੋਰ ਵਧਦੀ ਗਈ।

ਪਿਛਲੇ ਵਰ੍ਹੇ ਦੇ ਅੰਤ ਵਿੱਚ ਗੰਢਿਆਂ ਅਤੇ ਲਸਣ ਦੇ ਭਾਅ ਵਿੱਚ ਤੇਜ਼ ਉਛਾਲ ਆਇਆ। ਅੱਜ ਗੰਢੇ ਅਤੇ ਲਸਣ ਗਰੀਬਾਂ ਤਾਂ ਕੀ ਆਮ ਮੱਧਵਰਗੀ ਪਰਿਵਾਰਾਂ ਦੀ ਰਸੋਈ ਵਿੱਚੋਂ ਵੀ ਗਾਇਬ ਹੋ ਚੁੱਕੇ ਹਨ। ਦਾਲਾਂ, ਸਬਜ਼ੀਆਂ, ਦੁੱਧ, ਗੈਸ, ਮਿੱਟੀ ਦਾ ਤੇਲ ਆਦਿ ਹਰ ਚੀਜ਼ ਆਮ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕੀ ਹੈ। ਨਵੇਂ ਸਾਲ ਦੇ ਮੌਕੇ ਇਸ ਦੇਸ਼ ਦੇ ਹਾਕਮਾਂ ਵੱਲੋਂ ਦੇਸ਼ ਦੇ ਗਰੀਬਾਂ ਲਈ ਇਹ ਨਵੇਂ ਸਾਲ ਦਾ "ਤੋਹਫਾ" ਹੈ। ਪੰਜਾਬ ਸਰਕਾਰ ਨੇ ਬੱਸਾਂ ਦੇ ਕਿਰਾਏ 'ਚ ਭਾਰੀ ਵਾਧਾ ਕਰਕੇ ਪੰਜਾਬ ਦੇ ਗਰੀਬਾਂ ਨੂੰ ਦਿੱਤੇ ਜਾਣ ਵਾਲੇ "ਤੋਹਫਿਆ" 'ਚ ਹੋਰ ਵਾਧਾ ਕਰ ਦਿੱਤਾ।

*

2010 ਵਿੱਚ ਦੇਸ਼ ਦਾ ਲੁਟੇਰਾ ਪੂੰਜੀਵਾਦੀ ਢਾਂਚਾ ਲੋਕਾਂ ਦੀਆਂ ਨਜ਼ਰਾਂ ਵਿੱਚ ਹੋਰ ਵੀ ਬੇਪੜਦ ਹੋਇਆ ਹੈ। ਇਸ ਢਾਂਚੇ ਦੇ ਸਾਰੇ ਅੰਗ, ਸਰਕਾਰ, ਸਿਆਸੀ ਪਾਰਟੀਆਂ ਅਤੇ ਸਿਆਸਤਦਾਨ, ਨਿਆਂਪਾਲਿਕਾ, ਮੀਡੀਆ, ਨੌਕਰਸ਼ਾਹੀ, ਫੌਜੀ ਅਫ਼ਸਰ ਆਦਿ ਸਭ ਬੀਤੇ ਸਾਲ ਦੇਸ਼ ਦੇ ਧਨ ਨੂੰ ਦੋਹੀਂ ਹੱਥੀ ਲੁੱਟਣ 'ਚ ਲੱਗੇ ਰਹੇ। ਆਦਰਸ਼ ਸੋਸਾਇਟੀ ਘੋਟਾਲ਼ਾ, ਕਾਮਨਵੈਲਥ ਖੇਡਾਂ 'ਚੋਂ ਸਿਆਸਤਦਾਨ ਅਤੇ ਨੌਕਰਸ਼ਾਹਾਂ ਵੱਲੋਂ ਵੈਲਥ (ਧਨ) ਛਕਣਾ, 2 ਜੀ ਸਪੈਕਟਰਮ ਘੋਟਾਲ਼ਾ ਆਦਿ ਘੋਟਾਲ਼ਿਆਂ ਦੀ ਚਰਚਾ ਸਾਰਾ ਸਾਲ ਹੁੰਦੀ ਰਹੀ। 1.76 ਲੱਖ ਕਰੋੜ ਦੇ 2 ਜੀ ਸਪੈਕਟਰਮ ਘੋਟਾਲ਼ੇ ਨੇ ਸਭ ਰਿਕਾਰਡ ਹੀ ਤੋੜ ਦਿੱਤੇ। ਇਹ ਸ਼ਾਇਦ ਹੁਣ ਤੱਕ ਦੇਸ਼ ਵਿੱਚ ਸਭ ਘੋਟਾਲ਼ਿਆਂ 'ਚੋਂ ਵੱਡਾ ਹੈ। ਇਸ ਘੋਟਾਲ਼ੇ ਦੀ ਇੱਕ ਮੁੱਖ ਪਾਤਰ ਨੀਰਾ ਰਾਡੀਆ ਵੱਲੋਂ ਨੌਕਰਸ਼ਾਹਾਂ, ਪੂੰਜੀਪਤੀਆਂ, ਸਿਆਸਤਦਾਨਾਂ ਨਾਲ ਫੋਨ 'ਤੇ ਕੀਤੀ ਜਾਂਦੀ ਗੱਲਬਾਤ ਦੇ ਜੋ ਟੇਪ ਨਸ਼ਰ ਹੋਏ ਹਨ, ਉਹਨਾਂ ਨੇ ਹੁਣ ਕੋਈ ਭਰਮ ਨਹੀਂ ਰਹਿਣ ਦਿੱਤਾ ਕਿ ਸਰਕਾਰ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਹੁੰਦੀ ਹੈ ਅਤੇ ਪਾਰਲੀਮਾਨੀ ਪਾਰਟੀਆਂ ਦੇ ਸਿਆਸਤਦਾਨ ਪੂੰਜੀਪਤੀਆਂ ਦੀ ਸ਼ਤਰੰਜ ਦੇ ਪਿਆਦੇ ਹਨ।

*

**ਡਾ. ਬਿਨਾਇਕ ਸੇਨ ਨੂੰ ਰਾਏਪੁਰ ਸੈਸ਼ਨ ਕੋਰਟ (ਛੱਤੀਸਗੜ੍ਹ) ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ, 2010 ਦੀ ਇੱਕ ਹੋਰ ਵੱਡੀ ਘਟਨਾ ਹੈ। ਡਾ. ਬਿਨਾਇਕ ਸੇਨ ਕਿੱਤੇ ਵਜੋਂ ਇੱਕ ਡਾਕਟਰ ਹੈ ਅਤੇ ਜਮਹੂਰੀ ਅਧਿਕਾਰਾਂ ਦੀ ਜੱਥੇਬੰਦੀ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਦੇ ਕੌਮੀ ਮੀਤ ਪ੍ਰਧਾਨ ਹਨ। ਇੱਕ ਡਾਕਟਰ ਵਜੋਂ ਉਹਨਾਂ ਨੇ ਇੱਕ ਆਲੀਸ਼ਾਨ, ਅਰਾਮ ਭਰੀ ਜ਼ਿੰਦਗੀ ਬਿਤਾਉਣ ਦੀ ਬਜਾਏ ਆਪਣੀ ਯੋਗਤਾ ਨੂੰ ਉਹਨਾਂ ਛੱਤੀਸਗੜ੍ਹ ਦੇ ਗਰੀਬ ਆਦਿਵਾਸੀਆਂ ਦੀ ਸੇਵਾ 'ਚ ਲਾਇਆ। ਸਲਵਾ ਜੁਡਮ ਅਤੇ ਅਜਿਹੀ ਹੋਰ ਜਾਬਰ ਮੁਹਿੰਮਾਂ ਰਾਹੀਂ ਸਰਕਾਰੀ ਤਾਕਤਾਂ ਵੱਲੋਂ ਗਰੀਬ ਆਦਿਵਾਸੀਆਂ ਦੇ ਉਜਾੜੇ, ਕਤਲਾਂ, ਔਰਤਾਂ ਨਾਲ਼ ਬਲਾਤਕਾਰ ਆਦਿ ਵਿਰੁੱਧ ਸੰਘਰਸ਼ ਕਰ ਰਹੇ ਸਨ। ਅਤੇ ਸਰਕਾਰੀ ਮਸ਼ੀਨਰੀ ਦੇ ਕੁਕਰਮਾਂ ਨੂੰ ਨੰਗਾ ਕਰ ਰਹੇ ਸਨ। ਛੱਤੀਸਗੜ੍ਹ ਦੀ ਸਰਕਾਰ ਉਹਨਾਂ ਨੂੰ ਆਪਣੇ ਰਾਹ ਦਾ ਵੱਡਾ ਰੋੜਾ ਸਮਝਦੀ ਰਹੀ ਹੈ ਅਤੇ ਲਗਾਤਾਰ ਉਸਨੂੰ ਕਿਸੇ ਨਾ**

ਕਿਸੇ ਮੁਕੱਦਮੇ 'ਚ ਉਲਝਾਉਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ।

ਡਾ. ਸੇਨ ਨੂੰ ਮਈ 2007 ਵਿੱਚ ਮਾਓਵਾਦੀਆਂ ਨਾਲ਼ ਸਬੰਧਾਂ ਦਾ ਦੋਸ਼ ਲਾ ਕੇ ਗ੍ਰਿਫਤਾਰ ਕੀਤਾ ਗਿਆ। ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਇਸ ਦੀ ਵੱਡੀ ਪੱਧਰ 'ਤੇ ਨਿੰਦਾ ਹੋਈ। ਇਸ ਵੱਡੇ ਜਨਤਕ ਦਬਾਅ ਕਾਰਨ ਦੋ ਸਾਲ ਬਾਅਦ ਸੁਪਰੀਮ ਕੋਰਟ ਤੋਂ ਉਹਨਾਂ ਨੂੰ ਜਮਾਨਤ ਮਿਲ਼ੀ ਸੀ। ਪਰ 24 ਦਸੰਬਰ 2010 ਨੂੰ ਉਹਨਾਂ ਹੀ ਦੋਸ਼ਾਂ ਤਹਿਤ ਡਾ. ਬਿਨਾਇਕ ਸੇਨ 'ਤੇ ਦੇਸ਼ ਧ੍ਰੋਹ ਦਾ ਦੋਸ਼ ਮੜ੍ਹ ਕੇ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੂਰੇ ਦੇਸ਼ ਵਿੱਚ ਇਸ ਘੋਰ ਅਨਿਆਂ ਵਿਰੁੱਧ ਇਨਸਾਫ਼ਪਸੰਦ ਜੱਥੇਬੰਦੀਆਂ, ਨਾਗਰਿਕਾਂ, ਬੁੱਧੀਜੀਵੀਆਂ ਨੇ ਇਸ ਦਾ ਵਿਰੋਧ ਕੀਤਾ ਹੈ ਅਤੇ ਇਹ ਵਿਰੋਧ ਲਗਾਤਾਰ ਜਾਰੀ ਹੈ।

ਭੋਪਾਲ ਗੈਸ ਕਾਂਡ 'ਚ ਹਜ਼ਾਰਾਂ ਲੋਕਾਂ ਦੇ ਕਾਤਲਾਂ ਨੂੰ ਦੇਸ਼ ਦੇ ਹਾਕਮਾਂ ਨੇ ਸਹੀ ਸਲਾਮਤ ਇੱਥੋਂ ਜਾਣ ਦਿੱਤਾ, ਕਰੋੜਾਂ ਅਰਬਾਂ ਦੇ ਘੋਟਾਲ਼ੇ ਕਰਨ ਵਾਲੇ ਪੂਰੀ ਤਰ੍ਹਾਂ ਸੁਰੱਖਿਅਤ ਐਯਾਸ਼ੀ ਭਰਿਆ ਜੀਵਨ ਜੀਅ ਰਹੇ ਹਨ, ਨੀਰਾ ਰਾਡੀਆ ਦਾ ਧੰਦਾ ਜਿਉਂ ਦਾ ਤਿਉਂ ਚੱਲ ਰਿਹਾ ਹੈ। ਪਰ ਦੇਸ਼ ਦੇ ਗਰੀਬਾਂ 'ਚੋਂ ਵੀ ਅੱਤ ਦੇ ਗਰੀਬਾਂ ਦੀ ਸੇਵਾ ਕਰਨ ਵਾਲੇ, ਉਹਨਾਂ 'ਤੇ ਹੋ ਰਹੇ ਸਰਕਾਰੀ ਅੱਤਿਆਚਾਰਾਂ ਵਿਰੁੱਧ ਆਵਾਜ਼ ਉਠਾਉਣ ਵਾਲ਼ੇ ਡਾ. ਬਿਨਾਇਕ ਸੇਨ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਹਨ। ਪਾਸ਼ ਨੇ ਠੀਕ ਹੀ ਕਿਹਾ ਸੀ ਕਿ ਭਾਰਤੀ ਸਿਆਸੀ ਢਾਂਚਾ ਇੱਕ 'ਗੁੰਡਿਆਂ ਦੀ ਸਲਤਨਤ' ਹੈ। ਡਾ. ਬਿਨਾਇਕ ਸੇਨ ਦੇ ਕੇਸ ਵਿੱਚ ਇਹ ਇੱਕ ਵਾਰ ਫੇਰ ਸਾਬਤ ਹੋ ਗਿਆ ਹੈ।

*

ਪੰਜਾਬ ਸਰਕਾਰ ਨੇ 'ਪੰਜਾਬ ਸਰਵਜਨਿਕ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਕਾਨੂੰਨ 2010' ਅਤੇ 'ਪੰਜਾਬ ਵਿਸ਼ੇਸ਼ ਸੁਰੱਖਿਆ ਕਾਨੂੰਨ 2010' ਜਿਹੇ ਦੋ ਕਾਲ਼ੇ ਕਾਨੂੰਨ ਬਣਾ ਕੇ ਪੰਜਾਬ ਦੇ ਕਿਰਤੀ ਲੋਕਾਂ ਨੂੰ ਨਵੇਂ ਸਾਲ ਦਾ ਇਕ ਹੋਰ "ਤੋਹਫਾ" ਦਿੱਤਾ ਹੈ। ਅਜਿਹੇ ਕਾਨੂੰਨਾਂ ਰਾਹੀਂ ਹਾਕਮ ਵਿਰੋਧ ਦੀ ਹਰ ਅਵਾਜ਼ ਨੂੰ ਦਬਾ ਦੇਣਾ ਚਾਹੁੰਦੇ ਹਨ। ਇਹ ਸਿਲਸਿਲਾ ਪੂਰੇ ਦੇਸ਼ ਵਿੱਚ ਹੀ ਚੱਲ ਰਿਹਾ ਹੈ। ਮਨੁੱਖੀ ਅਧਿਕਾਰਾਂ ਲਈ ਲੜਨ ਵਾਲ਼ੇ ਡਾ. ਬਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ ਦੇਣਾ, ਕਸ਼ਮੀਰ ਮਸਲੇ ਉੱਪਰ ਸਿਰਫ਼ ਆਪਣੇ ਵਿਚਾਰ ਪ੍ਰਗਟਾਉਣ ਕਾਰਨ ਅਰੁੰਧਤੀ ਰਾਏ ਅਤੇ ਗਿਲਾਨੀ ਉੱਪਰ ਕੇਸ ਦਰਜ਼ ਕਰਨਾ ਇਸੇ ਕੜੀ ਦਾ ਹਿੱਸਾ ਹੈ। ਦਰਅਸਲ ਦੇਸ਼ ਦੇ ਹਾਕਮਾਂ ਨੂੰ ਲੁੱਟ, ਗਰੀਬੀ, ਮਹਿੰਗਾਈ, ਭੁੱਖਮਰੀ ਦੇ ਸਤਾਏ ਕਿਰਤੀਆਂ ਦੇ ਇਸ ਲੁਟੇਰੇ ਪੂੰਜੀਵਾਦੀ ਢਾਂਚੇ ਵਿਰੁੱਧ ਉੱਠ ਖੜ੍ਹੇ ਹੋਣ ਦਾ ਡਰ ਸਤਾ ਰਿਹਾ ਹੈ, ਅਜਿਹੇ ਕਿਸੇ ਵੀ ਉਭਾਰ ਨਾਲ਼ ਨਜਿੱਠਣ ਲਈ ਉਹ ਪਹਿਲਾਂ ਤੋਂ ਹੀ ਤਿਆਰੀ ਕਰ ਰਹੇ ਹਨ। ਹਾਕਮ ਜਮਾਤ ਦਾ ਇਹ ਡਰ ਹੀ ਦਿਖਾ ਰਿਹਾ ਹੈ ਕਿ ਕਿਰਤੀ ਲੋਕ ਇਸ ਲੁੱਟ ਦੇ ਰਾਜ ਨੂੰ ਚੁੱਪ ਚਾਪ ਹੀ ਬਰਦਾਸ਼ਤ ਨਹੀਂ ਕਰਦੇ ਰਹਿਣਗੇ।

*

ਪੰਜਾਬ ਸਰਕਾਰ ਵੱਲੋਂ ਬਣਾਏ ਉਪਰੋਕਤ ਕਾਲ਼ੇ ਕਾਨੂੰਨਾਂ ਵਿਰੁੱਧ ਪੰਜਾਬ ਦੇ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਮੁਲਾਜ਼ਮਾਂ ਆਦਿ ਦੀਆਂ ਲਗਭਗ 40 ਜਨਤਕ ਜੱਥੇਬੰਦੀਆਂ ਨੇ ਇੱਕ ਸਾਂਝਾ ਮੋਰਚਾ ਬਣਾਇਆ ਹੈ। ਇਸ ਮੋਰਚੇ ਵੱਲੋਂ ਇਹਨਾਂ ਕਾਲ਼ੇ ਕਾਨੂੰਨਾਂ ਦੇ ਵਿਰੋਧ ਵਿੱਚ 20 ਜਨਵਰੀ 2011 ਨੂੰ ਪੰਜਾਬ ਦੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਧਰਨੇ ਦਿੱਤੇ ਜਾ ਰਹੇ ਹਨ। ਨਵੇਂ ਸਾਲ ਦੇ ਸ਼ੁਰੂ ਵਿੱਚ ਇਹ ਇੱਕ ਸਵਾਗਤਯੋਗ ਸ਼ੁਰੂਆਤ ਹੋਈ ਹੈ। ਪੰਜਾਬ ਸਰਕਾਰ ਨੇ ਉਪਰੋਕਤ ਕਾਲ਼ੇ ਕਾਨੂੰਨਾਂ ਦੇ ਰੂਪ ਵਿੱਚ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਜਿੰਨਾ ਵੱਡਾ ਹੱਲਾ ਬੋਲਿਆ ਹੈ, ਉਸ ਵਿਰੁੱਧ ਲੜ ਸਕਣਾ ਕਿਸੇ ਕੱਲੀ ਕਾਰੀ ਜੱਥੇਬੰਦੀ ਦੇ ਵੱਸ ਦੀ ਗੱਲ ਨਹੀਂ ਹੈ। ਵੱਖ ਵੱਖ ਧਿਰਾਂ ਵੱਲੋਂ ਮਿਲਕੇ ਹੀ ਇਸ ਹੱਲੇ ਦਾ ਸਾਹਮਣਾ ਕੀਤਾ ਜਾ ਸਕਦਾ ਹੈ।

ਇਹਨਾਂ ਕਾਲ਼ੇ ਕਾਨੂੰਨਾਂ ਦਾ ਸਾਰੀਆਂ ਧਿਰਾਂ ਲਗਭਗ ਇੱਕੋ ਜਿਹਾ ਵਿਰੋਧ ਕਰ ਰਹੀਆਂ ਹਨ। ਇਹਨਾਂ ਕਾਲ਼ੇ ਕਾਨੂੰਨਾਂ ਵਿਰੁੱਧ ਮਿਲ ਕੇ ਲੜਨ ਲਈ ਘੱਟੋ ਘੱਟ ਸਾਂਝ ਦਾ ਆਧਾਰ ਵੀ ਮੌਜੂਦ ਹੈ। ਪਰ ਅਜਿਹਾ ਸਾਂਝਾ ਮੋਰਚਾ ਤਦ ਹੀ ਕਾਮਯਾਬ ਹੋ ਸਕਦਾ ਹੈ ਜਦੋਂ ਸਭ ਧਿਰਾਂ ਆਪਣੇ ਸੰਕੀਰਣ ਜੱਥੇਬੰਦਕ ਹਿੱਤਾਂ ਤੋਂ ਉੱਪਰ ਉੱਠ ਕੇ ਇਕੱਠੇ ਚੱਲਣ ਲਈ ਸਾਜ਼ਗਾਰ ਹਾਲਤਾਂ ਤਿਆਰ ਕਰਨ। ਉਮੀਦ ਕਰਦੇ ਹਾਂ ਕਿ ਨਵੇਂ ਸਾਲ ਵਿੱਚ ਘੱਟੋ ਘੱਟ ਸਾਂਝ ਵਾਲ਼ੇ ਮੁੱਦਿਆਂ 'ਤੇ ਸਾਂਝੇ ਘੋਲ਼ਾਂ ਦਾ ਸਿਲਸਿਲਾ ਹੋਰ ਜ਼ੋਰ ਫੜੇਗਾ।

*

ਗੁਜ਼ਰੇ ਸਾਲ ਵਿੱਚ ਦੇਸ਼ ਦੀਆਂ ਹਾਕਮ ਜਮਾਤਾਂ ਲੋਕਾਂ 'ਚ ਵਧੇਰੇ ਨੰਗੀਆਂ ਹੋਈਆਂ ਹਨ ਅਤੇ ਨਾਲ਼ ਦੀ ਨਾਲ਼ ਲੋਕਾਂ ਉੱਪਰ ਹਾਕਮ ਜਮਾਤਾਂ ਦੇ ਹਮਲੇ ਵੀ ਤੇਜ਼ ਹੋਏ ਹਨ। ਪਿਛਲੇ ਦੋ ਦਹਾਕਿਆਂ 'ਚ ਦੇਸ਼ ਦੇ ਹਾਕਮ ਉਦਾਰੀਕਰਨ, ਨਿੱਜੀਕਰਨ, ਵਿਸ਼ਵੀਕਰਨ ਦੀਆਂ ਜਿਹਨਾਂ ਨੀਤੀਆਂ ਉੱਪਰ ਚੱਲ ਰਹੇ ਹਨ, ਉਹਨਾਂ ਨਾਲ਼ ਅਮੀਰ ਗਰੀਬ ਦਰਮਿਆਨ ਧਰੁਵੀਕਰਨ ਤਿੱਖਾ ਹੋਇਆ ਹੈ। ਲੋਕਾਂ ਦਾ ਜੀਣਾ ਹੋਰ ਵੀ ਦੁੱਭਰ ਹੋਇਆ ਹੈ। ਲੋਕਾਂ ਵਿੱਚ ਬੇਚੈਨੀ ਵਧੀ ਹੈ। ਇਸ ਬੇਚੈਨੀ ਨੂੰ ਦੇਸ਼ ਦੇ ਹਾਕਮ ਡੰਡੇ ਦੇ ਜ਼ੋਰ ਦਬਾ ਦੇਣਾ ਚਾਹੁੰਦੇ ਹਨ। ਦੂਜੇ ਪਾਸੇ ਦੇਸ਼ ਵਿੱਚ ਸਰਗਰਮ ਧਾਰਮਿਕ ਮੂਲਵਾਦੀ, ਜਾਤੀਵਾਦੀ, ਇਲਾਕਾਵਾਦੀ ਪਿਛਾਖੜੀ ਤਾਕਤਾਂ ਲੋਕਾਂ ਦੀ ਇਸ ਬੇਚੈਨੀ ਨੂੰ ਕੁਰਾਹੇ ਪਾਉਣ ਲਈ ਦਿਨ ਰਾਤ ਇੱਕ ਕਰ ਰਹੀਆਂ ਹਨ। ਅਜਿਹੇ ਸਮੇਂ ਜੇਕਰ ਇਨਕਲਾਬੀ ਤਾਕਤਾਂ ਪਹਿਲ ਕਦਮੀ ਲੈਣ ਵਿੱਚ ਅਸਫਲ ਰਹਿੰਦੀਆਂ ਹਨ ਤਾਂ ਨਿਸ਼ਚੇ ਹੀ ਪਿਛਾਖੜੀ ਤਾਕਤਾਂ ਲੋਕਾਂ ਨੂੰ ਗੁਮਰਾਹ ਕਰਨ ਵਿੱਚ ਕਾਮਯਾਬ ਹੋਣਗੀਆਂ। ਇਸ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਜੁਅਰੱਤ ਨਾਲ਼ ਜਗਾਉਣ, ਲਾਮਬੰਦ ਕਰਨ ਅਤੇ ਜੱਥੇਬੰਦ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਅਸੀਂ ਜ਼ਰਬਾਂ ਦੇਈਏ। ਆਓ ਨਵੇਂ ਸਾਲ ਵਿੱਚ ਪਹਿਲਾਂ ਨਾਲੋਂ ਕੁਝ ਹੋਰ ਨਵੇਂ ਬਣੀਏ। ਲੋਕਾਂ ਦੀ ਸੇਵਾ ਕਰਨ ਦੀ ਆਪਣੀ ਯੋਗਤਾ ਨੂੰ ਹੋਰ ਵਿਕਸਿਤ ਕਰੀਏ।

# ਅਣਖ਼ ਦੇ ਨਾਂ 'ਤੇ ਕਤਲ - ਮਨੁੱਖੀ ਅਜ਼ਾਦੀ 'ਤੇ ਹਮਲਾ

– ਡਾ. ਅੰਮ੍ਰਿਤ

ਕੁਝ ਮਹਿਨੇ ਪਹਿਲਾਂ ਕਰਨਾਲ ਦੀ ਇੱਕ ਅਦਾਲਤ ਨੇ ਬਹੁਚਰਚਿਤ ਮਨੋਜ ਅਤੇ ਬਬਲੀ ਕਤਲ ਕੇਸ ਵਿੱਚ ਪੰਜ ਹਤਿਆਰਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਜਿਹਨਾਂ ਵਿੱਚ ਇੱਕ ਖਾਪ ਪੰਚਾਇਤ ਦਾ ਮੁਖੀ ਵੀ ਸ਼ਾਮਲ ਹੈ। ਦੋ ਸਾਲ ਪਹਿਲਾਂ ਮਨੋਜ ਤੇ ਬਬਲੀ ਨੇ ਪ੍ਰੇਮ ਵਿਆਹ ਕੀਤਾ ਸੀ ਜਿਸ ਨੂੰ ਉੱਥੇ ਦੀ ਖਾਪ ਪੰਚਾਇਤ ਨੇ ਇੱਕੋ ਗੋਤ ਵਿੱਚ ਹੋਣ ਕਰਕੇ ਗੈਰ-ਕਾਨੂੰਨੀ ਐਲਾਨ ਦਿੱਤਾ ਅਤੇ ਮਨੋਜ ਤੇ ਬਬਲੀ ਨੂੰ ਅਲੱਗ ਹੋਣ ਦਾ ਮੱਧਯੁੱਗੀ ਫ਼ਤਵਾ ਸੁਣਾ ਦਿੱਤਾ। ਖਾਪ ਦੇ ਫ਼ਤਵੇ ਤੋਂ ਬਾਅਦ ਮਨੋਜ ਤੇ ਬਬਲੀ ਨੇ ਪਿੰਡ ਛੱਡ ਦਿੱਤਾ ਅਤੇ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਪਰ ਹਫ਼ਤੇ ਬਾਅਦ ਹੀ ਖਾਪ ਪੰਚਾਇਤ ਦੇ ਨਿਯੁਕਤ ਕੀਤੇ ਹੱਤਿਆਰਿਆਂ ਨੇ, ਜਿਹਨਾਂ ਵਿੱਚ ਬਬਲੀ ਦੇ ਰਿਸ਼ਤੇਦਾਰ ਹੀ ਸ਼ਾਮਲ ਸਨ ਘਿਨਾਉਣੇ ਤਰੀਕੇ ਨਾਲ ਨੌਜਵਾਨ ਪ੍ਰੇਮੀ ਜੋੜੇ ਦੀ ਹੱਤਿਆ ਕਰ ਦਿੱਤੀ। ਅਦਾਲਤ ਦੇ ਫੈਸਲੇ ਤੋਂ ਮਗਰੋਂ ਹਰਿਆਣੇ, ਪੂਰਬੀ ਉੱਤਰ ਪ੍ਰਦੇਸ਼ ਤੇ ਰਾਜਸਥਾਨ ਦੀਆਂ ਸਾਰੀਆਂ ਖਾਪ ਪੰਚਾਇਤਾਂ ਵਿਰੋਧ ਵਿੱਚ ਇਕਜੁੱਟ ਹੋ ਗਈਆਂ ਅਤੇ 'ਹਿੰਦੂ ਵਿਆਹ ਕਾਨੂੰਨ' ਵਿੱਚ ਸੋਧ ਦੀ ਮੰਗ ਕਰਨ ਲੱਗ ਪਈਆਂ

ਖਾਪ ਪੰਚਾਇਤਾਂ ਦਾ ਰੁਖ ਦੇਖ ਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਨਕਾਬ ਪਹਿਨਣ ਵਾਲੇ ਦੇਸ਼ ਦੀਆਂ ਵੋਟ-ਬਟੋਰੂ ਪਾਰਟੀਆਂ ਵੀ ਖਾਪਾਂ ਦੀ ਹਮਾਇਤ ਵਿੱਚ ਉਤਰ ਆਈਆਂ। ਕਰਨਾਲ ਦੇ ਮੈਂਬਰ ਪਾਰਲੀਮੈਂਟ ਤੇ ਕਾਂਗਰਸ ਦੀ 'ਨਵੀਂ ਪੀੜ੍ਹੀ' ਦੇ 'ਨੌਜਵਾਨ ਨੇਤਾ' ਤੇ ਉਦਯੋਗਪਤੀ ਨਵੀਨ ਜਿੰਦਲ ਜੀ ਖਾਪਾਂ ਦੇ ਹੱਕ ਵਿੱਚ ਉਤਰ ਆਏ। ਕਿਸਾਨ ਨੇਤਾ ਮਹੇਂਦਰ ਸਿੰਘ ਟਕੈਤ, ਜੋ ਖੁਦ ਬਲਿਆਨ ਖਾਪ ਦੇ ਮੁਖੀ ਹਨ ਅਤੇ ਓਮ ਪ੍ਰਕਾਸ਼ ਚੌਟਾਲਾ ਦੀ ਗਰੀਨ ਪਾਰਟੀ ਵੀ ਖੁੱਲ੍ਹੇਆਮ ਖਾਪਾਂ ਦੀ ਵਕਾਲਤ ਵਿੱਚ ਸ਼ਾਮਿਲ ਹੋ ਗਈ। ਹਰਿਆਣੇ ਦੇ ਕਾਂਗਰਸੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਾਹਬ ਨੇ ਤਾਂ ਇਹਨਾਂ ਹਤਿਆਵਾਂ ਨੂੰ 'ਪਰਿਵਾਰਕ ਮਸਲੇ' ਦੱਸ ਕੇ ਹੀ ਸਾਰ ਲਿਆ। ਅਜਿਹੇ ਸਮੇਂ ਹਿਟਲਰ ਦੇ ਹਮਰਾਜ ਤੇ ਹਮਰਾਹ, ਨਾਜ਼ੀਆਂ ਤੇ ਫਾਸਿਸਟਾਂ ਦੇ 'ਭਾਰਤੀ ਐਡੀਸ਼ਨ' ਚੁੱਪ ਰਹਿਣ, ਇਹ ਕਿਵੇਂ ਹੋ ਸਕਦਾ ਸੀ। ਦੇਵੇਂਦਰ ਸਵਰੂਪ ਨਾਂ ਦੇ 'ਸੰਘੀ ਵਿਗਿਆਨੀ' ਨੇ ਕਿਹਾ ਹੈ ਕਿ ਵਿਗਿਆਨ ਵੀ ਸਗੋਤਰੀ ਵਿਆਹਾਂ ਦੀ ਇਜ਼ਾਜਤ ਨਹੀਂ ਦਿੰਦਾ। ਇਸ ਖੋਜ 'ਬ੍ਰਹਮ ਗਿਆਨ' ਸਵਰੂਪ ਜੀ ਨੂੰ ਕਿਹੜੇ ਵਿਗਿਆਨੀ ਤੋਂ ਮਿਲੀ, ਇਹ ਤਾਂ ਉਹੀ ਜਾਣਨ। ਇਹੋ ਜਿਹੇ 'ਸ਼ਾਇੰਟੇਫਿਕ ਤਰਕ' ਖਾਪਾਂ ਦੇ ਹੋਰ ਸਮਰਥਕ ਵੀ ਦਿੰਦੇ ਰਹਿੰਦੇ ਹਨ। ਵੈਸੇ ਸਵਰੂਪ ਜੀ ਵਰਗੇ ਵਿਗਿਆਨੀਆਂ ਨੂੰ ਪੁੱਛਿਆ ਜਾਵੇ ਕਿ ਅੰਤਰ-ਜਾਤੀ ਤੇ ਅੰਤਰ-ਧਾਰਮਿਕ ਵਿਆਹਾਂ ਦੀ ਮਨਾਹੀ ਕਿਹੜੇ ਵਿਗਿਆਨ ਵਿੱਚ ਲਿਖੀ ਹੈ? ਗੁਜਰਾਤ ਦੇ ਬਾਬੂ ਬਜਰੰਗੀ ਵਰਗੇ ਗੁੰਡਿਆਂ ਨੂੰ ਅੰਤਰ-ਧਾਰਮਿਕ ਵਿਆਹ ਤੁੜਵਾਉਣ ਦੀ ਇਜਾਜ਼ਤ ਕਿਹੜਾ ਵਿਗਿਆਨ ਦਿੰਦਾ ਹੈ? ਅਤੇ ਵਿਗਿਆਨ ਤਾਂ ਧਰਮਾਂ ਵਿਚਲੇ ਕੂੜੇ-ਕਬਾੜੇ ਦੀ ਵੀ ਇਜਾਜ਼ਤ ਨਹੀਂ ਦਿੰਦਾ, ਇਸ ਬਾਰੇ ਕੀ ਖਿਆਲ ਹੈ?

ਪਰ ਸਿਰਫ਼ ਰਾਜਨੀਤਕ ਪਾਰਟੀਆਂ ਦੁਆਰਾ ਖਾਪਾਂ ਦੀ ਹਮਾਇਤ ਦਾ ਸਵਾਲ ਨਹੀਂ ਅਤੇ ਨਾ ਹੀ ਖਾਪ ਪੰਚਾਇਤਾਂ ਦੀ ਇਹ ਮੱਧਯੁੱਗੀ ਬਰਬਰਤਾ ਦਾ ਹੀ ਹੈ, ਸਗੋਂ ਸਥਿਤੀ ਇਸ ਕਰਕੇ ਵੀ ਭਿਅੰਕਰ ਹੈ ਕਿਉਂਕਿ ਆਪ ਲੋਕਾਂ ਦਾ ਇੱਕ ਵੱਡਾ ਹਿੱਸਾ ਵੀ ਇਸ ਸੌੜੀ ਮਾਨਸਿਕਤਾ ਦਾ ਸ਼ਿਕਾਰ ਹੈ ਅਤੇ ਨੌਜਵਾਨ ਵੀ ਅਜਿਹੇ ਘਿਨਾਉਣੇਪਣ ਦਾ ਵਿਰੋਧ ਨਹੀਂ ਕਰ ਰਹੇ (ਬਹੁਤ ਸਾਰੇ ਤਾਂ ਅਣਖ ਦੇ ਨਾਂ 'ਤੇ ਭਰਮ-ਭੁਲੇਖੇ ਦਾ ਸ਼ਿਕਾਰ ਹੋ ਕੇ ਮੂਕ ਜਾਂ ਸਪੱਸ਼ਟ ਸਮਰਥਕ ਵੀ ਹਨ) ਜੋ ਮਨੁੱਖ ਦੀ ਪ੍ਰੇਮ ਕਰਨ ਅਤੇ ਆਪਣਾ ਜੀਵਨਸਾਥੀ ਚੁਣਨ ਦੇ ਬੁਨਿਆਦੀ ਹੱਕ 'ਤੇ ਸਿੱਧਾ ਹਮਲਾ ਹੈ। ਅਣਖ ਦੇ ਨਾਂ 'ਤੇ ਕਤਲ ਤੇ ਹੋਰ ਇਸੇ ਕਿਸਮ ਦੇ ਅਪਰਾਧ ਨੌਜਵਾਨਾਂ ਦੀ ਆਜ਼ਾਦੀ 'ਤੇ ਹਮਲਾ ਹੈ ਅਤੇ ਪੁਰਾਣੀ ਪੀੜ੍ਹੀ ਦੁਆਰਾ ਨਵੀਂ ਪੀੜ੍ਹੀ ਨੂੰ ਦਬਾਉਣ, ਉਸ ਦੀ ਚੇਤਨਾ ਨੂੰ ਖੁੰਡੀ ਕਰਕੇ ਮੱਧਯੁੱਗੀ ਸੋਚ ਤੇ ਰਸਮਾਂ-ਰਿਵਾਜਾਂ, ਜਿਨ੍ਹਾਂ ਦੀ ਹੁਣ ਕੋਈ ਸਾਰਥਿਕਤਾ ਨਹੀਂ ਰਹਿ ਗਈ, ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਹੈ। ਇਹ ਨਵੇਂ-ਪੁਰਾਣੇ ਦਾ ਸੰਘਰਸ਼ ਹੈ ਜਿਸ ਵਿੱਚ ਨਵਾਂ ਵੱਧ ਊਰਜਾਵਾਨ ਹੁੰਦਾ ਹੋਇਆ ਵੀ ਪੁਰਾਣੇ ਅੱਗੇ ਗੋਡੇ ਟੇਕਦਾ ਨਜ਼ਰ ਆ ਰਿਹਾ ਹੈ ਜੋ ਕਿ ਮਨੁੱਖਤਾ ਦੇ ਵਿਕਾਸ ਲਈ ਘਾਤਕ ਸਿੱਧ ਹੋਵੇਗਾ। ਇਸ ਨਵੇਂ-ਪੁਰਾਣੇ ਦੇ ਸੰਘਰਸ਼ ਵਿੱਚ ਰਾਜਨੀਤਕ ਪਾਰਟੀਆਂ ਤੇ ਮੌਜੂਦਾ ਜ਼ਰਜ਼ਰ ਹੋਇਆ ਲੋਟੂ ਸਮਾਜਿਕ-ਆਰਥਿਕ ਢਾਂਚਾ ਲਾਜ਼ਮੀ ਹੀ ਪੁਰਾਣੇ ਦੀ ਹਮਾਇਤ ਕਰੇਗਾ ਕਿਉਂਕਿ ਇਸੇ ਵਿੱਚ ਹੀ ਉਹਨਾਂ ਦੇ ਹਿੱਤ ਸੁਰੱਖਿਅਤ ਹਨ।

ਅਣਖ ਦੇ ਨਾਂ 'ਤੇ ਕਤਲ ਭਾਵੇਂ ਖਾਪ ਪੰਚਾਇਤਾਂ ਦੇ ਫਤਵਿਆਂ ਕਾਰਨ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣੇ ਹਨ, ਪਰ ਇਹ ਸਿਰਫ਼ ਹਰਿਆਣੇ ਦੀ ਤਰਾਸਦੀ ਨਹੀਂ ਹੈ, ਸਗੋਂ ਪੂਰਬੀ ਉੱਤਰ-ਪ੍ਰਦੇਸ਼, ਬਿਹਾਰ ਤੇ ਰਾਜਸਥਾਨ ਤੋਂ ਇਲਾਵਾ ਪੰਜਾਬ ਦੀ ਧਰਤੀ ਨੂੰ ਦਾਗਦਾਰ ਕਰ ਰਹੇ ਹਨ। ਇੱਕ ਅਧਿਐਨ ਮੁਤਾਬਕ ਭਾਰਤ ਵਿੱਚ ਹਰ ਸਾਲ ਕਰੀਬ 1000 ਹੱਤਿਆਵਾਂ ਇਸ ਕਿਸਮ ਦੀਆਂ ਘਟਨਾਵਾਂ ਵਿੱਚ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ 900 ਇਕੱਲੇ ਹਰਿਆਣੇ, ਪੰਜਾਬ ਤੇ ਪੂਰਬੀ ਉੱਤਰ ਪ੍ਰਦੇਸ਼ ਵਿੱਚ ਹੁੰਦੀਆਂ ਹਨ। ਇਸ ਤਰ੍ਹਾਂ ਭਾਰਤ ਪਾਕਿਸਤਾਨ ਦੇ ਲਗਭਗ ਬਰਾਬਰ ਖੜ੍ਹ ਜਾਂਦਾ ਹੈ ਜਿੱਥੇ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਅਣਖ ਦੇ ਨਾਂ ਕਤਲ ਹੁੰਦੇ ਹਨ। ਪਰ ਅਣਖ ਦੇ ਨਾਂ 'ਤੇ ਹੋਣ ਵਾਲੀਆਂ ਹੱਤਿਆਵਾਂ, ਅਣਖ ਦੇ ਨਾਂ 'ਤੇ ਹੋਣ ਵਾਲੇ ਅਪਰਾਧਾਂ ਤੇ ਜ਼ਿਆਦਤੀਆਂ ਵਿੱਚ ਆਟੇ ਵਿੱਚ ਲੂਣ ਦੇ ਬਰਾਬਰ ਹਨ। ਇਹ ਉਸ ਸੋਚ ਦਾ ਮਹਿਜ਼ ਇੱਕ ਛੋਟਾ ਜਿਹਾ ਪ੍ਰਗਟਾਵਾ ਹਨ ਜੋ ਨੌਜਵਾਨਾਂ ਦੀ ਜ਼ਿੰਦਗੀ ਦੇ

ਹਰ ਕਦਮ ’ਤੇ ਬੰਦਿਸ਼ਾਂ ਲਾਉਂਦੀ ਹੈ, ਨੌਜਵਾਨਾਂ ਦੀਆਂ ਅੱਖਾਂ ’ਤੇ ਖੋਪੇ ਬੰਨ੍ਹ ਕੇ ਊਠ ਵਾਂਗ ਲਕੀਰ ਦੇ ਫਕੀਰ ਬਣਾਉਣ ਦੀ ਕੋਸ਼ਿਸ਼ ਕਰਦੀ ਹੈ, ਅਤੇ ਜੋ 21ਵੀਂ ਸਦੀ ਵਿੱਚ ਮੱਧਯੁੱਗ ਦੀ ਧੁੰਦ ਨਾਲ਼ ਸੂਰਜ ਨੂੰ ਢੱਕ ਲੈਣਾ ਚਾਹੁੰਦੀ ਹੈ। ਕਤਲ ਕਰਨ ਦੀਆਂ ਵਾਰਦਾਤਾਂ ਵਿੱਚ ਅਕਸਰ ਲੜਕਾ ਤੇ ਲੜਕੀ ਦੋਵਾਂ ਨੂੰ ਨਿਸ਼ਾਨਾਂ ਬਣਾਇਆ ਜਾਂਦਾ ਹੈ ਅਤੇ ਕਈ ਵਾਰ ਤਾਂ ਇੱਕ ਪਰਿਵਾਰ, ਜਿਸ ਦੀ ਇੱਜ਼ਤ (ਇੱਜ਼ਤ ਭਾਵ ਨੌਜਵਾਨਾਂ ਦੀ ਗੁਲਾਮੀ) ਰੁਲੀ ਹੁੰਦੀ ਹੈ, ਵੱਲੋਂ ਦੂਸਰੇ ਪਰਿਵਾਰ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵਿਆਹੁਤਾ ਜਾਂ ਪ੍ਰੇਮੀ ਜੋੜਿਆਂ ਜਾਂ ਸਿਰਫ਼ ਲੜਕੀ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜੋ ‘ਅਣਖ ਦੇ ਨਾਂ ਹੇਠ ਕਤਲ’ ਦੀ ‘ਕਾਨੂੰਨੀ ਪਰਿਭਾਸ਼ਾ’ ਵਿੱਚ ਨਹੀਂ ਆਉਂਦਾ। ਵਿਆਹੁਤਾ ਜੋੜਿਆਂ ਨੂੰ ਕੁੱਟਣਾ, ਧਮਕਾਉਣਾ, ਸਮਾਜਿਕ ਬਾਈਕਾਟ ਕਰਨਾ, ਸਮਾਜਿਕ ਤੌਰ ’ਤੇ ਬੇਇੱਜ਼ਤ ਕਰਨਾ, ਘਰ-ਘਾਟ ਛੱਡਣ ਲਈ ਮਜਬੂਰ ਕਰਨਾ, ਵਿਆਹ ਤੁੜਵਾਉਣਾ ਤੇ ਲੜਕੀ ਦਾ ਉਸ ਦੀ ਇੱਛਾ ਦੇ ਖਿਲਾਫ਼ ਵਿਆਹ ਕਰਨਾ ਅਤੇ ਇੱਥੋਂ ਤੱਕ ਕਿ ਕਈ ਵਾਰੀ ਲੜਕੀ ਦਾ ਯੌਨ-ਸ਼ੋਸ਼ਣ ਤੇ ਬਲਾਤਕਾਰ ਕਰਨਾ ਵੀ ਇਸੇ ਘਟੀਆ ਤੇ ਅਣਮਨੁੱਖੀ ਸੋਚ ਦਾ ਹਿੱਸਾ ਹਨ। ਲੜਕੀਆਂ ਨੂੰ ਤਾਂ ਇਸ ਤੋਂ ਵੀ ਜ਼ਿਆਦਾ ਸਹਿਣ ਕਰਨਾ ਪੈਂਦਾ ਹੈ। ਪ੍ਰੇਮ ਸਬੰਧਾਂ ਦਾ ਮਾਪਿਆਂ ਜਾਂ ਭਰਾਵਾਂ ਨੂੰ ਪਤਾ ਲੱਗਣ ’ਤੇ ਕੁੱਟਮਾਰ ਕਰਨਾ, ਪੜਾਈ ਛੁਡਵਾਉਣਾ, ਘਰ ਵਿੱਚ ਕੈਦੀ ਬਣਾ ਰੱਖਣਾ, ਝੱਟਪਟ ਵਿਆਹ ਕਰਨਾ, ਮਾਨਸਿਕ ਤੇ ਸਰੀਰਿਕ ਤਸੀਹੇ ਦੇਣਾ ਵੀ ਇਸੇ ਅਖੌਤੀ ‘ਅਣਖੀਲੀ’ ਸੋਚ ਦਾ ਹਿੱਸਾ ਹਨ ਜੋ ਕਿ ਸੱਭਿਅਕ ਤੇ ਅਗਾਂਹਵਧੂ ਕਹਾਉਂਦੇ ਪੜ੍ਹੇ ਲਿਖੇ ਪਰਿਵਾਰਾਂ ਵਿੱਚ ਆਮ ਦੇਖਿਆ ਜਾ ਸਕਦਾ ਹੈ।

ਅਖ਼ਬਾਰੀ ਤੇ ਇਲੈਕਟ੍ਰਾਨਿਕ ਮੀਡੀਏ ਦੀ ਕਵਰੇਜ਼ ਤੋਂ ਆਮ ਤੌਰ ’ਤੇ ਇਹ ਪ੍ਰਭਾਵ ਬਣਦਾ ਹੈ ਕਿ ਇਹ ਵਾਰਦਾਤਾਂ ਸਗੋਤਰੀ ਵਿਆਹਾਂ ਦੇ ਮਾਮਲਿਆਂ ਵਿੱਚ ਹੀ ਹੁੰਦੀਆਂ ਹਨ ਪਰ ਅਸਲੀਅਤ ਕੁਝ ਹੋਰ ਹੈ। ਇਹਨਾਂ ਅਪਰਾਧਾਂ ਪਿੱਛੇ ਅਸਲ ਵਿੱਚ ਨੌਜਵਾਨਾਂ, ਖਾਸ ਕਰਕੇ ਲੜਕੀਆਂ ਦੁਆਰਾ ਆਪਣੀ ਮਰਜੀ ਨਾਲ਼ ਜੀਵਨਸਾਥੀ ਚੁਣੇ ਜਾਣਾ ਹੈ। ਇਸ ਬੁਨਿਆਦੀ ਮਨੁੱਖੀ ਹੱਕ ਦੀ ਵਰਤੋਂ ਕਰਨ ਤੇ ਸਮਾਜਿਕ ਗੁਲਾਮੀ ਖਿਲਾਫ਼ ਨੌਜਵਾਨਾਂ ਦੁਆਰਾ ਉਠਾਏ ਇਸ ਕਦਮ ਨੂੰ ਪੁਰਾਣੀ ਪੀੜ੍ਹੀ ਆਪਣੀ ਧੌਂਸ ਲਈ ਵੰਗਾਰ ਸਮਝਦੀ ਹੈ (ਤੇ ਜੋ ਹੈ ਵੀ) ਅਤੇ ਆਪਣੀ ਧੌਂਸ ਬਣਾਈ ਰੱਖਣ ਲਈ ‘ਬੱਚਿਆ ਦੀ ਖੁਸ਼ੀ ਤੇ ਬਿਹਤਰੀ’ ਦਾ ਅਣਥੱਕ ਢੰਡੋਰਾ ਪਿੱਟਣ ਵਾਲੀ ਇਹ ਪੀੜ੍ਹੀ ਆਪਣੇ ਹੀ ਬੱਚਿਆ ਦੀ ਖੂਨ ਦੀ ਪਿਆਸੀ ਹੋ ਜਾਂਦੀ ਹੈ। ਅਣਖ ਦੇ ਨਾਂ ’ਤੇ ਹੁੰਦੀਆਂ ਕਤਲ ਦੀਆਂ ਬਹੁਤੀਆਂ ਘਟਨਾਵਾਂ ਵਿੱਚ ਪ੍ਰੇਮੀ-ਪ੍ਰੇਮਿਕਾ ਅਲੱਗ-ਅਲੱਗ ਗੋਤ ਨਾਲ਼ ਸਬੰਧ ਰੱਖਦੇ ਸਨ। ਇਕ ਹੋਰ ਅਧਿਐਨ ਮੁਤਾਬਕ ਪਿਛਲੇ ਦੋ ਦਹਾਕਿਆਂ ਦੌਰਾਨ ਹੋਈਆਂ ਕਤਲ ਦੀਆਂ ਵਾਰਦਾਤਾਂ ਵਿੱਚ ਸਿਰਫ਼ 3 ਫੀਸਦੀ ਮਾਮਲਿਆਂ ਵਿੱਚ ਸਗੋਤਰੀ ਵਿਆਹ ਹੋਏ ਸਨ ਬਾਕੀ ਸਾਰੇ ਅੰਤਰ-ਜਾਤੀ ਵਿਆਹ ਸਨ ਜਾਂ ਆਪਣੀ ਮਰਜੀ ਨਾਲ਼ ਕੀਤੇ ਗਏ ਵਿਆਹ ਸਨ ਜਿਸ ਵਿੱਚ ਪਰਿਵਾਰ ਦੇ ‘ਬਜ਼ੁਰਗਾਂ’ ਦੀ ਸਹਿਮਤੀ ਨਹੀਂ ਸੀ। ਸਾਫ਼ ਹੈ ਕਿ ਇਹ ਘਟਨਾਵਾਂ ਉਸ ਸੋਚ ਦਾ ਪ੍ਰਗਟਾਵਾ ਹਨ ਜਿਸ ਨੇ ਵਿਆਹ ਜਿਹੇ ਨਿੱਜੀ ਤੇ ਕੋਮਲ ਰਿਸ਼ਤਿਆਂ ਨੂੰ ਵੀ ਪਸ਼ੂ ਮੰਡੀ ਬਣਾ ਦਿੱਤਾ ਹੈ ਜਿਸ ਵਿੱਚ ਨੌਜਵਾਨ ਮੁੰਡੇ-ਕੁੜੀਆਂ ਖਰੀਦੇ ਵੇਚੇ ਜਾਂਦੇ ਹਨ ਅਤੇ ਫਿਰ ਇਸ ਘਿਨਾਉਣੀ ਖਰੀਦ-ਵੇਚ ਨੂੰ ‘ਭਾਰਤੀ ਸੱਭਿਆਚਾਰ’ ‘ਪਵਿੱਤਰ ਰਿਸ਼ਤਿਆਂ’ ਦਾ ਚੋਲਾ ਪਹਿਨਾ ਕੇ ਧਰਮਾਂ-ਜਾਤਾਂ ਦੀ ਮੋਹਰ ਲਗਾ ਕੇ ਨੌਜਵਾਨਾਂ ਉੱਪਰ ਥੋਪਿਆ ਜਾਂਦਾ ਹੈ।

ਇਹਨਾਂ ਘਟਨਾਵਾਂ ਦਾ ਇੱਕ ਹੋਰ ਪੱਖ ਵੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਖਾਪ ਪੰਚਾਇਤਾਂ ਵਿੱਚ ਸਿਰਫ਼ ਧਨਾਢਾਂ ਨੂੰ ਜਗ੍ਹਾ ਮਿਲਦੀ ਹੈ। ਫਿਰ ਇਹ ਧਨਾਢ, ਜੋ ਕਿ ਅਖੌਤੀ ਉੱਚ ਜਾਤ ਨਾਲ਼ ਵੀ ਸਬੰਧ ਰੱਖਦੇ ਹੁੰਦੇ ਹਨ, ਆਪਣੀ ਆਰਥਿਕ ਤੇ ਸਮਾਜਿਕ ਪੋਜ਼ੀਸ਼ਨ ਨੂੰ ਬਰਕਰਾਰ ਰੱਖਣ ਲਈ, ਬਦਲੇ ਲੈਣ ਤੇ ਖੁੰਦਕਾ ਕੱਢਣ ਲਈ ਖਾਪ ਦੇ ਫਤਵਿਆਂ ਦੀ ਰੱਜ ਕੇ ਵਰਤੋਂ ਕਰਦੇ ਹਨ। ਪੰਜਾਬ ਵਿੱਚ ਵੀ ਉੱਚ ਜਾਤੀ ਦਾ ਹੰਕਾਰ ਤੇ ਉੱਚ ਆਰਥਿਕ ਪੋਜ਼ੀਸ਼ਨ ਦੀ ਧੌਂਸ ਕਤਲਾਂ ਦੀਆਂ ਵਾਰਦਾਤਾਂ ਪਿਛੇ ਮੁੱਖ ਕਾਰਨ ਹਨ ਅਤੇ ਅਕਸਰ ਪਿਛੜੀਆਂ ਜਾਤਾਂ ਜਾਂ ਆਰਥਿਕ ਤੌਰ ’ਤੇ ਕਮਜ਼ੋਰ ਨੌਜਵਾਨ ਹੀ ਸ਼ਿਕਾਰ ਹੁੰਦੇ ਹਨ। ਇਸ ਨੂੰ ਤਹਿਲਕਾ ਦੀ ਰਿਪੋਰਟ ਵੀ ਸਪੱਸ਼ਟ ਕਰ ਦਿੰਦੀ ਹੈ। ਰਿਪੋਰਟ ਮੁਤਾਬਕ ਜਿੱਥੇ ਸਗੋਤਰੀ ਵਿਆਹ ਧਨਾਢ ਪਰਿਵਾਰਾਂ ਵਿੱਚ ਹੋਏ, ਉੱਥੇ ਖਾਪ ਦੇ ਫਤਵੇ ਜਾਂ ਭਾੜੇ ਦੇ ਹਤਿਆਰੇ ਕੋਈ ‘ਅਣਖ’ ਨਹੀਂ ਦਿਖਾ ਸਕੇ।

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁੱਕਿਆ ਹੈ ਕਿ ਅਣਖ ਦੇ ਨਾਂ ’ਤੇ ਹੱਤਿਆਵਾਂ, ਅਪਰਾਧਾਂ ਤੇ ਜ਼ਿਆਦਤੀਆਂ ਵਿੱਚ ਸਿਰਫ਼ ਖਾਪ ਪੰਚਾਇਤਾਂ, ਧਨਾਢ ਲੋਕ ਤੇ ਉੱਚ ਜਾਤੀ ਦਾ ਘੁਮੰਡ ਹੀ ਸ਼ਾਮਿਲ ਨਹੀਂ, ਸਗੋਂ ਸਮਾਜ ਦਾ ਇੱਕ ਵੱਡਾ ਹਿੱਸਾ ਵੀ ਇਸ ਦਾ ਮੂਕ ਸਮਰਥਕ ਹੈ ਤੇ ਬਹੁਗਿਣਤੀ ਲੋਕ ਅੱਜ ਵੀ ਨੌਜਵਾਨਾਂ ਦੇ ਪ੍ਰੇਮ ਸਬੰਧ ਬਣਾਉਣ ਤੇ ਜੀਵਨਸਾਥੀ ਚੁਣਨ ਦੇ ਬੁਨਿਆਦੀ ਮਨੁੱਖੀ ਹੱਕ ਨੂੰ ਅਨੈਤਿਕ ਸਮਝਦੇ ਹਨ। ਇਸ ਤਰ੍ਹਾਂ ਇਹਨਾਂ ਮੱਧਯੁੱਗੀ ਜਗੀਰੂ ਕਦਰਾਂ ਕੀਮਤਾਂ ਦਾ ਗਲਬਾ ਕਿਤੇ ਜ਼ਿਆਦਾ ਵਿਆਪਕ ਹੈ ਜਿਸ ਤੋਂ ‘ਲੋਕਾਂ ਦੀ ਰੱਖਿਅਕ’ ‘ਖਾਕੀ ਵਰਦੀ’ ਵੀ ਮੁਕਤ ਨਹੀਂ ਹੈ, ਉਹ ਵੀ ਇਹਨਾਂ ਅਪਰਾਧਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਹਮਾਇਤ ਦਿੰਦੀ ਹੈ ਜਾਂ ਰੋਕਣ ਲਈ ਵਾਜਿਬ ਕਦਮ ਨਹੀਂ ਚੁੱਕਦੀ। ਇਸ ਘਿਨਾਉਣੀ ਜਗੀਰੂ ਸੋਚ ਦੇ ਸਮਾਜ ਦੇ ਹਰ ਹਿੱਸੇ ਵਿੱਚ ਅੱਜ 21ਵੀਂ ਸਦੀ ਵਿੱਚ, ਜਦੋਂ ਉਤਪਾਦਨ ਦੇ ਜਗੀਰੂ ਸਬੰਧ ਢਹਿ ਢੇਰੀ ਹੋ ਚੁੱਕੇ ਹਨ, ਬਣੇ ਰਹਿਣ ਦੇ ਕਾਰਨ ਵੀ ਭਾਰਤ ਦੇ ਇਤਿਹਾਸ ਨੂੰ ਸਮਝਦੇ ਹੋਏ ਹੀ ਜਾਣੇ ਜਾ ਸਕਦੇ ਹਨ।

ਪੱਛਮੀ ਮੁਲਕਾਂ ਖਾਸ ਕਰਕੇ ਇੰਗਲੈਂਡ, ਫ਼ਰਾਂਸ ਤੇ ਅਮਰੀਕਾ ਵਿੱਚ ਪੂੰਜੀਵਾਦੀ ਜਮਹੂਰੀਅਤ ਦੀ ਸਥਾਪਨਾ ਇਨਕਲਾਬੀ ਤਰੀਕੇ ਨਾਲ਼ ਹੋਈ ਸੀ। ਇੱਥੇ ਪੂੰਜੀਵਾਦ ਦੀ ਸਥਾਪਨਾ ਤੋਂ ਪਹਿਲਾਂ ‘ਪੁਨਰ-ਜਾਗਰਣ’ ਤੇ ‘ਪ੍ਰਬੋਧਨ’ ਜਿਹੀਆਂ ਲਹਿਰਾਂ ਚੱਲੀਆਂ ਜਿਹਨਾਂ ਨੇ ਹਰ ਤਰ੍ਹਾਂ ਦੀ ਮੱਧਯੁੱਗੀ ਜਗੀਰੂ ਆਦਿਕਾਲੀਨ ਰੂੜੀ ਦਾ ਵਿਰੋਧ ਕੀਤਾ ਇਹ ਚਾਹੇ ਧਰਮ ਹੋਵੇ, ਚਾਹੇ ਦਰਸ਼ਨ, ਸੱਭਿਆਚਾਰ ਜਾਂ ਮਨੁੱਖੀ ਰਿਸ਼ਤਿਆਂ ਦਾ ਖੇਤਰ ਹੋਵੇ। ਇਸ ਤਰ੍ਹਾਂ ਪੂੰਜੀਵਾਦ ਨੇ ਜਾਗੀਰਦਾਰੀ ਤੇ ਰਾਜਾਸ਼ਾਹੀ ਨੂੰ

ਸਮਾਜ ਦੇ ਹਰ ਖੇਤਰ ਵਿੱਚ ਹਰਾਇਆ ਅਤੇ ਜਮਹੂਰੀ ਕਦਰਾਂ-ਕੀਮਤਾਂ ਆਮ ਲੋਕਾਂ ਦੀ ਜੀਵਨ ਜਾਚ ਵਿੱਚ ਡੂੰਘੀ ਤਰ੍ਹਾਂ ਘਰ ਕਰ ਗਈਆਂ। ਯੂਰਪ ਦੇ ਜਿਹਨਾਂ ਮੁਲਕਾਂ, ਜਿਵੇਂ ਜਰਮਨੀ ਤੇ ਇਟਲੀ, ਵਿੱਚ ਪੂੰਜੀਵਾਦ ਦੀ ਆਮਦ ਇਨਕਲਾਬੀ ਤਰੀਕੇ ਨਾਲ਼ ਨਹੀਂ ਹੋਈ, ਉੱਥੇ ਵੀ ਜਮਹੂਰੀ ਕਦਰਾਂ-ਕੀਮਤਾਂ ਤੇ ਤਰਕਸ਼ੀਲ ਸੋਚ ਓਨੀ ਡੂੰਘੀ ਜੜ੍ਹ ਨਾ ਲਗਾ ਸਕੀਆਂ, ਸਿੱਟੇ ਵਜੋਂ ਇਹ ਮੁਲਕ ਅੱਗੇ ਚੱਲ ਕੇ ਫਾਸੀਵਾਦ ਦੀ ਜ਼ਮੀਨ ਬਣੇ।

ਭਾਰਤ ਜਿਹੇ ਬਸਤੀਆਂ ਬਣੇ ਦੇਸ਼ਾਂ ਅੰਦਰ ਤਾਂ ਪੂੰਜੀਵਾਦ ਦੀ ਆਮਦ ਹੋਰ ਵੀ ਜ਼ਿਆਦਾ ਬੋਝਲ ਅਤੇ ਕਸ਼ਟਦਾਇਕ ਤਰੀਕੇ ਨਾਲ਼ ਹੋਈ ਹੈ ਅਤੇ ਇਹ ਆਮਦ ਪੂੰਜੀਵਾਦ ਦੇ ਉਸ ਦੌਰ ਵਿੱਚ ਹੋਈ ਹੈ ਜਦੋਂ ਇਹ ਪਹਿਲਾਂ ਹੀ ਆਪਣੇ ਸਭ ਤੋਂ ਵੱਧ ਪਰਜੀਵੀ ਤੇ ਮਨੁੱਖ-ਦੋਖੀ ਦੌਰ, ਸਾਮਰਾਜਵਾਦ ਦੇ ਦੌਰ ਵਿੱਚ ਦਾਖਲ ਹੋ ਚੁੱਕਿਆ ਸੀ ਅਤੇ ਪੱਛਮੀ ਮੁਲਕਾਂ ਵਿੱਚ ਵੀ ਜਮਹੂਰੀ ਕਦਰਾਂ-ਕੀਮਤਾਂ ਤੋਂ ਪਿੱਛਾ ਛੁਡਾਉਣ ਤੇ ਆਮ ਲੋਕਾਂ ਦੀ ਚੇਤਨਾ ਖੁੰਡਾ ਕਰਨ ਦੇ ਹਰ ਤਰ੍ਹਾਂ ਦੇ ਹੱਥਕੰਡੇ ਆਪਣਾ ਰਿਹਾ ਸੀ।

ਮੱਧਯੁੱਗ ਦੌਰਾਨ ਭਾਰਤ ਵਿੱਚ ਭਗਤੀ ਲਹਿਰ ਜਿਹੀਆਂ ਧਾਰਾਵਾਂ ਤੇ ਕਿਸਾਨ ਵਿਦਰੋਹ ਜਗੀਰੂ ਸਮਾਜ ਨਾਲ਼ ਦਸਤਪੰਜਾ ਲੈ ਰਹੇ ਸਨ ਅਤੇ ਨਾਲ਼ ਨਾਲ਼ ਦਸਤਕਾਰੀਆਂ ਤੇ ਵਪਾਰਕ ਗਤੀਵਿਧੀਆਂ ਵੀ ਵੱਧ ਫੁੱਲ ਰਹੀਆਂ ਸਨ। ਪਰ ਉਦਯੋਗਿਕ ਕ੍ਰਾਂਤੀ ਯੂਰਪੀ ਮੁਲਕਾਂ ਵਿੱਚ ਪਹਿਲਾਂ ਆਈ ਤੇ ਨਤੀਜੇ ਵਜੋਂ, ਭਾਰਤ ਜਿਹੇ ਮੁਲਕ ਵਿਕਸਿਤ ਪੂੰਜੀਵਾਦੀ ਮੁਲਕਾਂ ਦੀਆਂ ਬਸਤੀਆਂ ਬਣਨ ਲਈ ਸਰਾਪੇ ਗਏ। ਬਸਤੀਵਾਦੀ ਹਕੂਮਤਾਂ ਨੇ ਭਾਰਤ ਦੀ ਅੰਦਰੂਨੀ ਵਿਕਾਸ ਦੀ ਗਤੀ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਆਪਣੇ ਹਿੱਤਾਂ ਖਾਤਰ ਜਗੀਰੂ ਸਬੰਧਾਂ ਨੂੰ ਜਿਉਂ ਦੀ ਤਿਉਂ ਬਣਾਈ ਰੱਖਿਆ ਤੇ ਭਾਰਤ ਵਿੱਚ ਪੂੰਜੀਵਾਦ ਦੇ ਵਿਕਾਸ ਵਿੱਚ ਹਰ ਤਰ੍ਹਾਂ ਦਾ ਅੜਿੱਕਾ ਡਾਹਿਆ। ਜਗੀਰੂ ਸਬੰਧਾਂ ਦੇ ਬਣੇ ਰਹਿਣ ਕਾਰਨ ਜਗੀਰੂ ਕਦਰਾਂ-ਕੀਮਤਾਂ ਵੀ ਬਣੀਆਂ ਰਹੀਆਂ ਅਤੇ ਅੰਗਰੇਜ਼ਾਂ ਨੇ ਧਾਰਮਿਕ-ਜਾਤੀਗਤ-ਜਗੀਰੂ ਸੱਭਿਆਚਾਰ ਨੂੰ ਲੋਕਾਂ ਨੂੰ ਵੰਡ ਕੇ ਰੱਖਣ ਲਈ ਹਰ ਸੰਭਵ ਤਰੀਕੇ ਨਾਲ ਹਵਾ ਦਿੱਤੀ।

ਇਸੇ ਸਾਮਰਾਜਵਾਦ-ਜਗੀਰੂ ਗੱਠਜੋੜ ਦੇ ਪਿਛਵਾੜੇ ਵਿੱਚ ਭਾਰਤੀ ਪੂੰਜੀਪਤੀ ਵਰਗ ਨੇ ਅੰਗੜਾਈ ਭਰਨੀ ਸ਼ੁਰੂ ਕੀਤੀ। ਇਹ ਪੂੰਜੀਪਤੀ ਵਰਗ ਜਗੀਰਦਾਰੀ ਖ਼ਿਲਾਫ਼ ਰੈਡੀਕਲ ਸੰਘਰਸ਼ਾਂ ਤੇ ਪੁਨਰਜਾਗਰਣ-ਪ੍ਰਬੋਧਨ ਜਿਹੀਆਂ ਲਹਿਰਾਂ ਦੀ ਪੈਦਾਇਸ਼ ਨਹੀਂ ਸੀ, ਸਗੋਂ ਇਹ ਪੂੰਜੀਵਾਦ ਦੇ ਅਤਿ ਪਰਜੀਵੀ ਮਨੁੱਖਦੋਖੀ ਪੜਾਅ ਸਾਮਰਾਜਵਾਦ ਦੇ ਸਮੇਂ ਵਿੱਚ ਬਸਤੀਵਾਦ ਦੇ ਗਰਭ ਵਿੱਚੋਂ ਜਨਮ ਲੈਣ ਵਾਲਾ ਤੇ ਜਨਮ ਤੋਂ ਹੀ ਖੂੰਡੀ ਸਹਾਰੇ ਚੱਲਣ ਵਾਲਾ ਪੂੰਜੀਪਤੀ ਵਰਗ ਸੀ ਜਿਸ ਨੇ ਸਾਮਰਾਜਵਾਦ-ਜਗੀਰਦਾਰੀ ਗੱਠਜੋੜ ਖ਼ਿਲਾਫ਼ ਰੈਡੀਕਲ ਸੰਘਰਸ਼ ਕਰਨ ਦੀ ਥਾਂ ਦਬਾਅ-ਸਮਝੌਤਾ-ਦਬਾਅ ਦੀ ਨੀਤੀ ਅਪਣਾਈ। ਇਸ ਨੇ ਵੀ ਜਲਦੀ ਹੀ ਲੋਕਾਂ ਵਿਚਲੇ ਧਾਰਮਿਕ-ਜਾਤੀਗਤ-ਸੱਭਿਆਚਾਰਕ ਪਿਛੜੇਪਣ ਤੇ ਤੁਅੱਸਬਾ ਦੀ ਉਪਯੋਗਤਾ ਨੂੰ ਸਮਝ ਲਿਆ ਤੇ ਇਹਨਾਂ ਜਗੀਰੂ ਕਦਰਾਂ-ਕੀਮਤਾਂ ਖ਼ਿਲਾਫ਼ ਕੋਈ ਲਹਿਰ ਜਾਂ ਸੰਘਰਸ਼ ਚਲਾਉਣ ਦੀ ਆਪਣੀ ਇਤਿਹਾਸਕ ਜ਼ਿੰਮੇਵਾਰੀ ਤੋਂ ਭੱਜ ਨਿਕਲਿਆ।

1947 ਦੀ ਆਜ਼ਾਦੀ ਤੋਂ ਬਾਅਦ, ਪੂੰਜੀਪਤੀ ਵਰਗ ਨੇ ਜਗੀਰਦਾਰੀ ਨੂੰ ਉਪਰੋਂ ਥੋਪੀ ਹੋਈ ਪ੍ਰਕਿਰਿਆ ਦੁਆਰਾ ਤੋੜਨਾ ਸ਼ੁਰੂ ਕੀਤਾ ਅਤੇ ਜਗੀਰਦਾਰਾਂ ਨੂੰ ਪੂੰਜੀਵਾਦੀ ਕਿਸਾਨਾਂ ਵਿੱਚ ਰੂਪ ਪਲਟਣ ਲਈ ਲੋੜੀਦਾ ਸਮਾਂ ਦਿੱਤਾ ਗਿਆ। ਇਸ ਪ੍ਰਕਿਰਿਆ ਦੌਰਾਨ ਵੀ ਧਾਰਮਿਕ-ਜਾਤੀਗਤ-ਸੱਭਿਆਚਾਰਕ ਜਗੀਰੂ ਕਦਰਾਂ-ਕੀਮਤਾਂ ਤੇ ਰਿਵਾਜਾਂ ਦੇ ਖ਼ਿਲਾਫ਼ ਕੋਈ ਸੰਘਰਸ਼ ਨਹੀਂ ਚਲਾਇਆ ਗਿਆ, ਉਲਟਾ ਪੂੰਜੀਪਤੀ ਜਮਾਤ ਨੇ ਇਸ ਨੂੰ ਅਪਣਾਉਣ ਵਿੱਚ ਆਪਣਾ ਹਿੱਤ ਸਮਝਿਆ ਅਤੇ ਉਸ ਨੇ ਜਗੀਰੂ ਸੱਭਿਆਚਾਰ ਤੇ ਸੋਚ ਨੂੰ ਰੋਗੀ ਪੂੰਜੀਵਾਦ ਲਈ ਸੰਜੀਵਨੀ ਬੂਟੀ ਵਾਂਗ ਖਾਦ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਉਦਾਹਰਣ ਦੇ ਤੌਰ 'ਤੇ, ਅੱਜ ਦਹੇਜ ਪ੍ਰਥਾ ਜਗੀਰੂ ਸ਼ਾਨ ਲਈ ਨਾ ਰਹਿ ਕੇ ਬਿਜਨੈੱਸ ਫੈਲਾਉਣ ਲਈ ਪੈਸਾ ਇਕੱਠਾ ਕਰਨ ਦਾ ਜ਼ਰੀਆ ਬਣ ਗਈ, ਧਾਰਮਿਕ ਤੇ ਸਮਾਜਿਕ ਰਸਮਾਂ ਤੇ ਤਿਉਹਾਰ ਤਿਆਰ ਮਾਲ ਖਪਾਉਣ ਦੇ ਬਿਹਤਰੀਨ ਮੌਕੇ ਬਣ ਗਏ ਹਨ, ਧਰਮ ਅਧਾਰਿਤ ਟੀ. ਵੀ. ਚੈਨਲ ਕਮਾਈ ਦਾ ਮੋਟਾ ਸਾਧਨ ਬਣ ਗਏ। ਇਸ ਤਰ੍ਹਾਂ, ਖਾਪ ਪੰਚਾਇਤਾਂ ਵਰਗੀਆਂ ਜਗੀਰੂ ਸੰਸਥਾਵਾਂ ਵੀ ਪੂੰਜੀਵਾਦੀ ਜਮਹੂਰੀ ਸੱਤਾ ਨੂੰ ਪੱਕੇ ਪੈਰੀਂ ਕਰਨ ਤੇ ਬਣਾਈ ਰੱਖਣ ਦੇ ਸਾਧਨਾਂ ਵਿੱਚ ਸ਼ਾਮਿਲ ਹੋ ਗਈਆਂ ਹਨ।

ਆਜ਼ਾਦੀ ਤੋਂ ਬਾਅਦ ਦੇ ਦੋ-ਤਿੰਨ ਦਹਾਕਿਆਂ ਤੱਕ ਤਾਂ ਲੋਕਾਂ ਦਾ ਪੂੰਜੀਵਾਦੀ ਜਮਹੂਰੀਅਤ ਵਿੱਚ ਭਰਮ ਬਣਿਆ ਰਿਹਾ ਪਰ ਇਸ ਤੋਂ ਬਾਅਦ ਇਹ ਭਰਮ-ਜਾਲ ਟੁੱਟਣਾ ਸ਼ੁਰੂ ਹੋ ਗਿਆ। ਪੂੰਜੀਵਾਦੀ ਜਮਹੂਰੀਅਤ ਲਈ ਜਗ੍ਹਾ-ਜਗ੍ਹਾ ਤੋਂ ਖਤਰੇ ਖੜ੍ਹੇ ਹੋਣ ਲੱਗੇ ਅਤੇ ਆਮ ਲੋਕਾਂ, ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਬੁੱਧੀਜੀਵੀਆਂ ਵਿੱਚ ਇਸ ਦੇ ਖ਼ਿਲਾਫ਼ ਰੋਸ ਜਨਮ ਲੈਣ ਲੱਗਾ ਅਤੇ ਅਗਾਂਹਵਧੂ ਲਹਿਰਾਂ ਤੇ ਸੋਚ ਦਾ ਵਿਕਾਸ ਤੇ ਪ੍ਰਚਾਰ-ਪ੍ਰਸਾਰ ਸ਼ੁਰੂ ਹੋ ਗਿਆ। ਇਸ ਲੋਕ ਰੋਹ ਨੂੰ ਵਿਕਸਿਤ ਹੋਣੋਂ ਰੋਕਣ ਲਈ ਤੇ ਲੋਕ ਚੇਤਨਾ ਨੂੰ ਖੁੰਡਾ ਕਰਨ ਲਈ ਪੂੰਜੀਪਤੀ ਜਮਾਤ ਕੋਲ ਆਪਣੇ ਜਗੀਰੂ ਪੂਰਵਜਾਂ ਦੀ ਗੋਦ ਵਿੱਚ ਲੇਟਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ, ਸਿੱਟੇ ਵਜੋਂ ਭਾਰਤੀ ਪੂੰਜੀਵਾਦੀ ਜਮਹੂਰੀਅਤ ਤੇ ਜਗੀਰੂ ਕਦਰਾਂ-ਕੀਮਤਾਂ ਦਾ 'ਪਵਿੱਤਰ ਬੰਧਨ' ਹੋਂਦ ਵਿੱਚ ਆਇਆ।

ਹੁਣ ਪੂੰਜੀਵਾਦੀ ਰਾਜਨੀਤਕ ਪਾਰਟੀਆਂ ਕੋਲ, ਚਾਹੇ ਉਹ ਕੌਮੀ ਪੱਧਰ ਦੀਆਂ ਹੋਣ ਜਾਂ ਸੂਬਾਈ ਤੇ ਖੇਤਰੀ ਪੱਧਰ ਦੀਆਂ, ਵੋਟਾਂ ਵੇਲੇ ਕੋਈ ਲੋਕ-ਪੱਖੀ ਆਰਥਿਕ ਜਾਂ ਸਮਾਜਿਕ ਮੁੱਦਾ ਨਹੀਂ ਹੁੰਦਾ, ਨਤੀਜਤਨ ਜਮਹੂਰੀ ਚੋਣ-ਤਮਾਸ਼ਾ, ਧਰਮਾਂ-ਜਾਤਾਂ, ਭਾਸ਼ਾਈ ਅਧਾਰ 'ਤੇ ਵੋਟਾਂ ਵਟੋਰਨ ਦੀਆਂ ਸਮੀਕਰਨਾਂ ਲੜਾਉਣ ਦੀ ਖੇਡ ਬਣ ਕੇ ਰਹਿ ਗਿਆ ਹੈ ਜਿਸ ਦਾ ਅਧਾਰ ਲੋਕਾਂ ਦੇ ਧਾਰਮਿਕ-ਜਾਤੀਗਤ-ਭਾਸ਼ਾਈ ਤੁਅੱਸਬ ਤੇ (ਝੂਠੀ) ਏਕਤਾ ਦੀ ਭਾਵਨਾ ਹੈ। ਚੋਣਾਂ ਵਿੱਚ ਪੂੰਜੀਪਤੀ ਜਮਾਤ ਦੇ ਨੁਮਾਇੰਦੇ, ਰਾਜਨੇਤਾ, ਲੋਕਾਂ ਦੀਆਂ ਵੋਟਾਂ ਹਾਸਲ ਕਰਨ ਲਈ ਲੋਕਾਂ ਦੇ ਮਸਲੇ ਨਜਿੱਠਣ ਦੀ ਬਜਾਏ ਡੇਰਿਆਂ, ਬਾਬਿਆਂ, ਖਾਪ ਪੰਚਾਇਤਾਂ,

ਜਾਤੀਗਤ-ਧਾਰਮਿਕ-ਸੰਗਠਨਾਂ ਦੇ ਦਰਵਾਜ਼ਿਆਂ ’ਤੇ ਚੌਂਕੀ ਭਰਦੇ ਹਨ। ਇਹੀ ਕਾਰਨ ਸੀ ਜਦੋਂ ਕਰਨਾਲ ਦੀ ਇੱਕ ਅਦਾਲਤ ਨੇ ਖਾਪ ਪੰਚਾਇਤ ਦੇ ਕਾਤਲਾਂ ਨੂੰ ਸਜਾ ਸੁਣਾਈ ਤਾਂ ਸਾਰੀਆਂ ਰੰਗ ਬਰੰਗੀਆਂ ਪੂੰਜੀਵਾਦੀ ਸਿਆਸੀ ਪਾਰਟੀਆਂ ਅਤੇ ਫਾਸੀਵਾਦੀ, ਪਿਛਾਖੜੀ ਗਿਰੋਹ ਆਪਣੇ ਮਤਭੇਦ ਭੁਲਾ ਕੇ ਖਾਪਾਂ ਦੇ ਹੱਕ ਵਿੱਚ ਸਮੂਹਗੀਤ ਗਾਉਣ ਲੱਗੇ।

ਨੌਜਵਾਨਾਂ ਦਾ ਇਸ ਤਰ੍ਹਾਂ ਦੇ ਘਿਨਾਉਣੇ ਤੇ ਬਰਬਰ ਕਤਲਾਂ ਤੇ ਅਪਰਾਧਾਂ ਖਿਲਾਫ਼, ਵਿਅਕਤੀਗਤ ਆਜ਼ਾਦੀ ਤੇ ਜਗੀਰੂ ਤੇ ਨਿਰੰਕੁਸ਼ ਬੰਦਿਆਂ ਖਿਲਾਫ਼ ਅਤੇ ਸਭ ਤੋਂ ਵੱਧ ਇਸ ਸੌੜੀ ਤੇ ਘਿਨਾਉਣੀ ਸੋਚ ਖਿਲਾਫ਼, ਜੋ ਮਨੁੱਖਾਂ ਦੀ ਪ੍ਰੇਮ ਕਰਨ ਦੀ ਆਜ਼ਾਦੀ ਨੂੰ ਵੀ ਬਰਦਾਸ਼ਤ ਨਹੀਂ ਕਰਦੀ, ਇੱਕਜੁੱਟ ਹੋਣਾ ਤੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਮਨੁੱਖ ਦੇ ਬੁਨਿਆਦੀ ਹੱਕਾਂ ਪ੍ਰਤੀ ਜਾਗਰੂਕ ਕਰਨਾ ਤੇ ਸੰਘਰਸ਼ ਕਰਨਾ ਅੱਜ ਦੇ ਸਮੇਂ ਵਿੱਚ ਅਗਾਂਹਵਧੂ ਤੇ ਚੇਤੰਨ ਨੌਜਵਾਨਾਂ ਦੀ ਕਾਰਜਸੂਚੀ ਦਾ ਹਿੱਸਾ ਬਣਾ ਚੁੱਕਾ ਹੈ। ਨੌਜਵਾਨਾਂ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਵਿਅਕਤੀਗਤ ਤੇ ਖਿੰਡਵੇਂ ਸੰਘਰਸ਼ ਇਸ ਸਵਾਲ ਨੂੰ ਏਜੰਡੇ ’ਤੇ ਤਾਂ ਲਿਆ ਸਕਦੇ ਹਨ, ਪਰ ਹੱਲ ਨਹੀਂ ਕਰ ਸਕਦੇ। ਸਮਾਜਿਕ ਤਾਣੇ-ਬਾਣੇ ਵਿੱਚ ਜਮਹੂਰੀਅਤ ਅਤੇ ਵਿਅਕਤੀਗਤ ਆਜ਼ਾਦੀ ਦੀ ਘਾਟ ਤੇ ਮੱਧਯੁੱਗੀ ਕਬੀਲਾਈ, ਨਿਰੰਕੁਸ਼ਤਾ ਦੇ ਦਬਦਬੇ ਨੂੰ ਤੋੜੇ ਬਿਨਾਂ, ਪਰੰਪਰਾਵਾਂ ਤੇ ਰਿਵਾਜਾਂ ਦੀਆਂ ਰੂੜੀਆਂ ਨੂੰ ਤਬਾਹ ਕੀਤੇ ਬਿਨਾਂ ਪ੍ਰੇਮ ਦੀ ਆਜ਼ਾਦੀ ਹਾਸਿਲ ਨਹੀਂ ਕੀਤੀ ਜਾ ਸਕਦੀ।

ਫੌਰੀ ਤੌਰ ’ਤੇ ਨੌਜਵਾਨਾਂ ਨੂੰ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਜਥੇਬੰਦ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਇਹ ਵਿਅਕਤੀਗਤ ਆਜ਼ਾਦੀ ਤੇ ਜਮਹੂਰੀ ਹੱਕਾਂ ਦਾ ਮਸਲਾ ਹੈ। ਉਹਨਾਂ ਨੂੰ ਆਪਸੀ ਸਹਾਇਤਾ ਗਰੁੱਪ ਬਣਾ ਕੇ ਪਰਿਵਾਰਾਂ ਦੀ ਮਰਜ਼ੀ ਖਿਲਾਫ਼ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਨਾਲ ਹੀ ਨੌਜਵਾਨਾਂ ਨੂੰ ਇਸ ਘਿਨਾਉਣੇ ਅਪਰਾਧ ਖਿਲਾਫ਼ ਵਿਆਪਕ ਪ੍ਰਚਾਰ-ਪ੍ਰਸਾਰ ਦੀ ਮੁਹਿੰਮ ਆਰੰਭ ਕਰਨੀ ਚਾਹੀਦੀ ਹੈ। ਸੰਵਿਧਾਨ ਅਤੇ ਕਾਨੂੰਨ ਰਸਮੀ ਤੌਰ ’ਤੇ ਜੋ ਹੱਕ ਸਾਨੂੰ ਦਿੰਦੇ ਹਨ, ਉਹਨਾਂ ਦਾ ਵੀ ਸਹਾਰਾ ਲੈਣਾ ਚਾਹੀਦਾ ਹੈ ਅਤੇ ਆਮ ਲੋਕਾਂ ਵਿੱਚ ਆਪਣੀ ਗੱਲ ਲਿਜਾ ਕੇ ਉਹਨਾਂ ਦੀ ਹਮਾਇਤ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਵਿਰੋਧ ਦੀ ਆਵਾਜ਼ ਪਰਿਵਾਰਕ ਪੱਧਰ ’ਤੇ ਵੀ ਬੁਲੰਦ ਕਰਨੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੇ ਬੁਨਿਆਦੀ ਮਨੁੱਖੀ ਤੇ ਨਾਗਰਿਕ ਹੱਕਾਂ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ। ਸਿਰਫ਼ ਇਥੋਂ ਤੱਕ ਹੀ ਨਹੀਂ, ਨੌਜਵਾਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਗੁੰਡਾ ਗਿਰੋਹਾਂ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ ਜੋ ਨੌਜਵਾਨਾਂ ਨੂੰ ਜਨਤਕ ਥਾਵਾਂ ਜਿਵੇਂ ਪਾਰਕ, ਰੈਸਤੋਰਾਂ ਆਦਿ ਵਿੱਚ ਮਿਲਣ ਤੋਂ ਰੋਕਦੇ ਹਨ ਅਤੇ ਬੇਇੱਜ਼ਤ ਕਰਦੇ ਹਨ। ਇਸ ਤੋਂ ਬਿਨਾਂ ਕਈ ਵਿਦਿਅਕ ਸੰਸਥਾਵਾਂ ਵਿੱਚ ਚਲਦੀ ਤਾਨਾਸ਼ਾਹੀ ਜਿਵੇਂ ਮੁੰਡੇ-ਕੁੜੀ ਦਾ ਆਪਸ ਵਿੱਚ ਕੋਲ ਖੜ੍ਹਨਾ ਤੇ ਗੱਲ ਕਰਨਾ ਵਰਜਿਤ ਹੋਣਾ, ਜ਼ੁਰਮਾਨੇ ਕਰਨਾ ਆਦਿ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ। ਪਾਰਕਾਂ ਆਦਿ ਜਨਤਕ ਥਾਵਾਂ ’ਤੇ ਚਲਦੀ ਪੁਲਸੀਆ ਗੁੰਡਾਗਰਦੀ, ਨੌਜਵਾਨਾਂ ਤੋਂ ਪੈਸੇ ਝਾੜਨ ਤੇ ਬੇਇੱਜ਼ਤ ਕਰਨ, ਫਜ਼ੂਲ ਦੀ ਪੁੱਛਤਾਛ ਕਰਨ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ। ਬੁੱਧੀਜੀਵੀਆਂ, ਲੇਖਕਾਂ ਅਤੇ ਪਿਆਰ ਦੇ ਗੀਤ ਗਾਉਣ ਵਾਲੇ ‘ਗਾਇਕਾਂ’ ਨੂੰ ਅੱਗੇ ਵੱਧ ਕੇ ਨੌਜਵਾਨਾਂ ਦੀ ਇਸ ਮਾਮਲੇ ਵਿੱਚ ਹਮਾਇਤ ਕਰਨੀ ਚਾਹੀਦੀ ਹੈ। ਬੁੱਧੀਜੀਵੀਆਂ, ਲੇਖਕਾਂ, ਸਮਾਜਿਕ ਕਾਰਕੁੰਨਾਂ ਨੂੰ ਰਸਮੀ ਕਵਾਇਤਾਂ ਤੇ ਕਵਿਤਾਵਾਂ ਲਿਖਣ ਤੋਂ ਅੱਗੇ ਵੱਧ ਕੇ ਕੁਝ ਅਮਲੀ ਤੌਰ ’ਤੇ ਵੀ ਜਥੇਬੰਦ ਪ੍ਰਤੀਰੋਧ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਫੌਰੀ ਕਾਰਜਾਂ ਦੇ ਨਾਲ਼ ਨਾਲ਼ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪ੍ਰੇਮ ਅਤੇ ਜੀਵਨਸਾਥੀ ਚੁਣਨ ਦੀ ਆਜ਼ਾਦੀ ਦਾ ਸਵਾਲ ਇੱਕ ਆਰਥਿਕ-ਸਮਾਜਿਕ-ਸੱਭਿਆਚਾਰਕ ਇਨਕਲਾਬ ਦਾ ਸਵਾਲ ਹੈ। ਇਹ ਧਰਮਾਂ, ਪਰੰਪਰਾਵਾਂ, ਜਾਤੀ ਪ੍ਰਥਾ ਦੀਆਂ ਰੂੜੀਆਂ ਖਿਲਾਫ਼ ਵਿਦਰੋਹ ਦਾ ਸਵਾਲ ਹੈ, ਇਸ ਤੋਂ ਇਲਾਵਾ ਇਹ ਔਰਤ ਦੀ ਆਰਥਿਕ ਤੇ ਸਮਾਜਿਕ ਆਜ਼ਾਦੀ ਦੇ ਸਵਾਲ ਨਾਲ ਵੀ ਜੁੜਿਆ ਹੋਇਆ ਹੈ ਕਿਉਂਕਿ ਦੋ ਆਜ਼ਾਦ ਇਨਸਾਨ ਹੀ ਆਪਸ ਵਿੱਚ ਸੱਚਾ ਪਿਆਰ ਕਰ ਸਕਦੇ ਹਨ। ਕਿਉਂਕਿ ਪਿਆਰ ਦੇ ਸਵਾਲ ਨੂੰ ਅਸੀਂ ਮਨੁੱਖਤਾ ਦੀ ਆਰਥਿਕ-ਸਮਾਜਿਕ ਆਜ਼ਾਦੀ ਦੇ ਬੁਨਿਆਦੀ ਸਵਾਲ ਤੋਂ ਅਲੱਗ ਕਰਕੇ ਨਹੀਂ ਦੇਖ ਸਕਦੇ, ਇਸ ਲਈ ਫੌਰੀ ਕਾਰਜਾਂ ਨੂੰ ਹੀ ਅੰਤਿਮ ਹੱਲ ਸਮਝ ਲੈਣਾ ਇੱਕ ਗਲਤ ਤੇ ਸੁਧਾਰਵਾਦੀ ਨਜ਼ਰੀਆ ਹੋਵੇਗਾ। ਫੌਰੀ ਕਾਰਜ ਵਿਰੋਧ ਦੇ ਦੂਰਰਸ ਕਾਰਜਾਂ ਦਾ ਸਿਰਫ਼ ਇੱਕ ਹਿੱਸਾ ਹਨ ਜੋ ਸਮਾਜ ਦੇ ਮੌਜੂਦਾ ਆਰਥਿਕ-ਸਮਾਜਿਕ-ਸੱਭਿਆਚਾਰਕ-ਰਾਜਨੀਤਕ ਢਾਂਚੇ ਦੇ ਇਨਕਲਾਬੀ ਬਦਲਾਅ ਨਾਲ਼ ਜੁੜੇ ਹੋਏ ਹਨ। ਫੌਰੀ ਕਾਰਜ ਨੌਜਵਾਨ ਵਰਗ ਦੇ ਪ੍ਰਬੁੱਧ ਤੱਤਾਂ ਦੀ ਚੇਤਨਾ ਨੂੰ ‘ਰੈਡੀਕਲ’ ਬਣਾਉਣ ਦਾ ਕੰਮ ਕਰਨਗੇ ਅਤੇ ਇਸ ਰੂਪ ਵਿੱਚ ਇਹ ਬੁਰਜੂਆ ਸਮਾਜ-ਵਿਰੋਧੀ ਨਵੇਂ ਮੁਕਤੀ ਪ੍ਰਾਜੈਕਟ ਲਈ ਆਮ ਮਿਹਨਤਕਸ਼ ਲੋਕਾਂ ਦੇ ਵਿਆਪਕ ਸੰਘਰਸ਼ ਦਾ ਇੱਕ ਅੰਗ ਬਣਨਗੇ।

*ਤੇਰਾ ਵਿਗਿਆਨ ਵਿਅਰਥ ਹੋਵੇਗਾ*
*ਤੇਰੇ ਲਈ*
*ਅਤੇ ਅਧਿਐਨ ਬਾਂਝ*
*ਜੇਕਰ ਪੜ੍ਹਦਾ ਰਿਹਾ*
*ਬਿਨਾਂ ਸਮਰਪਤ ਕੀਤੇ ਆਪਣੀ ਬੁੱਧੀ ਨੂੰ*
*ਲੜਨ ਲਈ,*
*ਸਾਰੀ ਮਨੁੱਖਤਾ ਦੇ*
*ਸਾਰੇ ਦੁਸ਼ਮਣਾਂ ਵਿਰੁੱਧ*

**-ਬ੍ਰਤੋਲਤ ਬ੍ਰੈਖ਼ਤ**

### ਨੀਰਾ ਰਾਡੀਆ: ਟੇਪ ਲੀਕ ਮਾਮਲਾ ਅਤੇ ਭਾਰਤ ਵਿੱਚ ਲਾਬਿੰਗ

# ਇਸ ਹਮਾਮ ਵਿੱਚ ਸਭ ਨੰਗੇ ਹਨ !

**- ਅਜੇਪਾਲ**

'ਸੁਪਰੀਮ ਕੋਰਟ ਨੂੰ ਕਿਸੇ ਦੀ ਨਿੱਜੀ ਗਲਬਾਤ ਨੂੰ ਆਮ ਜਨਤਾ ਵਿੱਚ ਨਸ਼ਰ ਨਹੀਂ ਕਰਨਾ ਚਾਹੀਦਾ, ਉਸਨੂੰ ਕਿਸੇ ਦੇ ਵੀ ਨਿੱਜੀ ਮਾਮਲੇ ਵਿੱਚ ਦਖਲ ਨਹੀਂ ਦੇਣਾ ਚਾਹੀਦਾ'। ਇਹ ਕਥਨ ਹਨ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਜੀ ਦੇ ਹਨ। ਉਹਨਾਂ ਇਹ ਵਾਕ ਉਦੋਂ ਉਚਾਰੇ ਜਦ ਸੁਪਰੀਮ ਕੋਰਟ ਨੇ ਉਦਯੋਗਪਤੀ ਰਤਨ ਟਾਟਾ ਅਤੇ ਲਾਬਿਸਟ ਨੀਰਾ ਰਾਡੀਆ ਵਿੱਚਲੀ ਫੋਨ 'ਤੇ ਗਲਬਾਤ ਦੀਆਂ ਟੇਪਾਂ ਜਨਤਕ ਕਰ ਦਿੱਤੀਆਂ ਅਤੇ ਰਤਨ ਟਾਟਾ ਨੇ ਆਪਣੀ ਨਿੱਜਤਾ ਨੂੰ ਢਾਲ ਬਣਾ ਕੇ ਇਸ ਵਿਰੁੱਧ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ ਹਾਲਾਂਕਿ ਇਹਨਾਂ ਟੇਪਾਂ ਵਿੱਚ ਕੁੱਝ ਵੀ ਨਿੱਜੀ ਨਹੀਂ ਸੀ। ਸਿਵਾਏ ਇਸ ਤੱਥ ਦੇ ਕਿ ਟਾਟਾ ਨੇ ਕਿਸ ਤਰ੍ਹਾਂ ਆਪਣੇ ਕਾਰੋਬਾਰੀ ਫਾਇਦਿਆਂ ਲਈ ਨੀਰਾ ਰਾਡੀਆ ਜ਼ਰੀਏ ਮੰਤਰੀਆਂ ਸੰਤਰੀਆਂ ਨੂੰ ਰਿਸ਼ਵਤਾਂ ਦੇ ਗੱਫੇ ਸ਼ਕਾਏ।

2010 ਵਿੱਚ 1,72,000 ਕਰੋੜ ਰੁਪਏ ਦਾ 2-ਜੀ ਸਪੈਕਟਰਮ ਘੋਟਾਲਾ ਕਾਫੀ ਚਰਚਿਤ ਰਿਹਾ ਜੋ ਕਿ ਲਗਭਗ ਭਾਰਤ ਦੇ ਰੱਖਿਆ ਬਜਟ ਦੇ ਬਰਾਬਰ ਹੈ। ਇਸ ਦੇ ਨਾਲ਼ ਹੀ ਇੱਕ ਨਾਮ ਨੀਰਾ ਰਾਡੀਆ ਵੀ ਚਰਚਾ ਵਿੱਚ ਰਿਹਾ ਅਤੇ ਵਰ੍ਹੇ ਦੇ ਅੰਤਲੇ ਮਹੀਨੇ ਇਸ ਨਾਮ ਦੀ ਚਰਚਾ ਕਾਫੀ ਜ਼ਿਆਦਾ ਰਹੀ ਅਤੇ ਭਾਰਤ ਵਿੱਚ ਗਰਮ ਹੋ ਚੁੱਕੇ ਲਾਬਿੰਗ ਦੇ ਬਾਜ਼ਾਰ ਤੋਂ ਪਰਦਾ ਚੁੱਕਿਆ ਗਿਆ। ਲਾਬਿੰਗ, ਜਿਸਨੂੰ ਕਿ ਹੁਣ ਤੱਕ ਅਮਰੀਕਾ ਜਾਂ ਯੂਰਪੀ ਦੇਸ਼ਾਂ ਦਾ ਹੀ ਵਰਤਾਰਾ ਸਮਝਿਆ ਜਾਂਦਾ ਸੀ ਹੁਣ ਭਾਰਤ ਵਿੱਚ ਵੀ ਆਪਣਾ ਆਧਾਰ ਸਥਾਪਿਤ ਕਰ ਚੁੱਕੀ ਹੈ। ਆਮ ਪਾਠਕ ਦੇ ਮਨ ਵਿੱਚ ਖਿਆਲ ਆ ਸਕਦਾ ਹੈ ਕਿ ਲਾਬਿੰਗ ਕੀ ਹੈ ? ਲਾਬਿੰਗ ਨੂੰ ਸਾਧਾਰਣ ਭਾਸ਼ਾ ਵਿੱਚ ਬਿਆਨਿਆ ਜਾਵੇ ਤਾਂ ਇਹ ਪੂੰਜੀਵਾਦੀ ਯੁੱਗ ਦੀ ਆਧੁਨਿਕ ਦਲਾਲੀ ਹੈ। ਕਿਸੇ ਸਿਆਸੀ ਪਾਰਟੀ ਦੇ ਐਮ. ਪੀ. ਜਾਂ ਐਮ. ਐਲ. ਏ. ਨੇ ਮੰਤਰੀ ਬਣਨਾ ਹੈ ਪਰ ਉਸ ਦੀ ਕੋਈ ਜਾਣ ਪਹਿਚਾਣ ਨਹੀਂ ਹੈ ਤਾਂ ਉਹ ਕਿਸੇ ਲਾਬਿਸਟ ਨੂੰ ਫੜੇ ਉਸਨੂੰ ਉਸਦਾ ਕਮਿਸ਼ਨ ਅਤੇ ਉਪਰ ਦੇਣ ਲਈ ਲੋੜੀਂਦੀ ਰਿਸ਼ਵਤ ਦੇਵੇ ਤਾਂ ਫਿਰ ਉਸ ਲਾਬਿਸਟ ਦੀ ਸਿਰਦਰਦੀ ਹੈ ਕਿ ਕਿਵੇਂ ਉਸ ਐਮ. ਪੀ. ਨੂੰ ਕੈਬਨਿਟ ਮੰਤਰੀ ਬਣਾਉਣਾ ਹੈ, ਇਸੇ ਤਰ੍ਹਾਂ ਕਿਸੇ ਕਾਰਪੋਰੇਟ ਨੇ ਆਪਣਾ ਕੋਈ ਕੰਮ ਕਢਵਾਉਣਾ ਹੈ ਤਾਂ ਉਪਰ ਦਿੱਤੀ ਪ੍ਰਕਿਰਿਆ ਉਹ ਵੀ ਦੁਹਰਾਉਂਦਾ ਹੈ। ਨੀਰਾ ਰਾਡੀਆ ਨੇ ਏ. ਰਾਜਾ ਨੂੰ ਵੀ ਇਸੇ ਤਰ੍ਹਾਂ ਲਾਬਿੰਗ ਜ਼ਰੀਏ ਨਾ ਸਿਰਫ ਕੈਬਨਿਟ ਵਿੱਚ ਫਿੱਟ ਕੀਤਾ ਸਗੋਂ ਆਈ. ਟੀ. ਅਤੇ ਟੈਲੀਕਾਮ ਮੰਤਰਾਲਾ ਵੀ ਦਿਵਾਇਆ ਜਿਸ ਲਈ ਏ. ਰਾਜਾ ਨੇ 600 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ। ਸੁਪਰੀਮ ਕੋਰਟ ਨੇ ਜੋ ਟੇਪਾਂ ਨਸ਼ਰ ਕੀਤੀਆਂ ਹਨ ਉਹਨਾਂ ਵਿੱਚ ਜਿਥੇ ਇਹ ਦੇਖਣਾ ਦਿਲਚਸਪ ਹੈ ਕਿ ਕਿਸ ਤਰ੍ਹਾਂ ਨੀਰਾ ਰਾਡੀਆ ਨੇ ਵੱਖ-ਵੱਖ ਅਸਰ ਰਸੂਖ ਵਾਲ਼ੀਆਂ ਸ਼ਖ਼ਸੀਅਤਾਂ ਦੇ ਕੰਮ ਕਢਵਾਏ ਨਾਲ਼ ਹੀ ਇਹ ਵੀ ਪਤਾ ਚਲਦਾ ਹੈ ਕਿ ਧਰਮ, ਮੀਡੀਆ, ਨੌਕਰਸ਼ਾਹੀ, ਸਿਆਸਤ, ਗੈਰ-ਸਰਕਾਰੀ ਸੰਗਠਨ ਅਤੇ ਕਾਰਪੋਰੇਟ ਘਰਾਣਿਆਂ ਦਾ ਗੰਦਾ ਗੱਠਜੋੜ ਕਿਸ ਤਰ੍ਹਾਂ ਸਾਰੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਆਪਣੇ ਲਾਲਚ ਵਸ ਪਏ ਹੋਏ ਹਨ।

ਇਹ ਸਾਰਾ ਕਾਂਡ ਪਹਿਲਾਂ ਤਾਂ ਮੀਡੀਆ ਨੇ ਗੰਭੀਰਤਾ ਨਾਲ਼ ਲਿਆ ਹੀ ਨਹੀਂ। ਹੋਰ ਸਹੀ ਕਿਹਾ ਜਾਵੇ ਤਾਂ ਮੀਡੀਆ ਨੇ ਜਾਣ-ਬੁੱਝ ਕੇ ਅੱਖੋਂ ਪਰੋਖੇ ਕੀਤਾ। ਕੁੱਝ ਇੱਕ ਦੱਖਣ ਭਾਰਤੀ ਅਖਬਾਰਾਂ ਨੇ ਇਸ ਨੂੰ ਜ਼ਰੂਰ ਚੁੱਕਿਆ ਅਤੇ ਆਊਟਲੁਕ, ਇੰਡੀਆ ਟੁਡੇ ਅਤੇ ਅੰਗ੍ਰੇਜ਼ੀ ਟ੍ਰਿਬਿਊਨ ਨੇ ਵੀ ਇਸ ਦੀ ਗੱਲ ਕੀਤੀ ਪਰ ਇਹਨਾਂ ਦਾ ਜ਼ਿਆਦਾ ਜ਼ੋਰ ਨੀਰਾ ਰਾਡੀਆ ਨੂੰ ਹੀ ਦੋਸ਼ੀ ਠਹਿਰਾਉਣ 'ਤੇ ਰਿਹਾ। ਬਾਕੀ ਸਭ ਮੀਡੀਆ ਘਰਾਣਿਆਂ ਨੇ ਟ੍ਰਿਬਿਊਨ ਦੇ ਕਹਿਣ ਅਨੁਸਾਰ ਕਿ ਕੁੱਤਾ-ਕੁੱਤੇ-ਨੂੰ-ਨਹੀਂ-ਕਟਦਾ ਦੇ ਸਿਧਾਂਤ 'ਤੇ ਅਮਲ ਕੀਤਾ। ਕਾਰਨ ਸਾਫ਼ ਹੈ ਕਿ ਵੱਡੇ-ਵੱਡੇ ਮੀਡੀਆ ਘਰਾਣੇ ਇਸ ਲਾਬਿੰਗ ਦੇ ਵਰਤਾਰੇ ਵਿੱਚ ਸਿੱਧੇ ਰੂਪ ਵਿੱਚ ਸ਼ਾਮਲ ਸਨ। ਐਨਡੀਟੀਵੀ, ਹਿੰਦੁਸਤਾਨ ਟਾਈਮਜ਼, ਟਾਈਮਜ਼ ਆਫ਼ ਇੰਡੀਆ ਜਿਹੇ ਕਿੰਨੇ ਮੀਡੀਆ ਦੈਂਤ ਇਸ ਮਾਮਲੇ ਨਾਲ਼ 'ਅੰਦਰੋਂ' ਜੁੜੇ ਹੋਏ ਹਨ। ਬਰਖਾ ਦੱਤ ਅਤੇ ਵੀਰ ਸਾਂਘਵੀ ਜਿਹੇ ਪੱਤਰਕਾਰ ਤਾਂ ਸਿੱਧੇ-ਸਿੱਧੇ ਮੰਤਰੀਆਂ ਅਤੇ ਵੱਡੇ ਸਰਮਾਏਦਾਰਾ ਲਈ ਦਲਾਲੀ ਕਰ ਰਹੇ ਸਨ।

ਇਸ ਤਰ੍ਹਾਂ ਨਹੀਂ ਹੈ ਕਿ ਇਹ ਸਭ ਕਾਂਗਰਸ ਸਰਕਾਰ ਵੇਲੇ ਹੀ ਹੋਇਆ ਜਿਵੇਂ ਕਿ ਕੁੱਝ ਵਿਰੋਧੀ ਦਲ ਇਸ ਪਾਪ ਦੇ ਘੜੇ ਨੂੰ ਸਿਰਫ਼ ਕਾਂਗਰਸ ਦੇ ਸਿਰ ਵਿੱਚ ਭੰਨਣਾ ਚਾਹੁੰਦੇ ਹਨ। ਅਸਲ ਵਿੱਚ ਨੀਰਾ ਰਾਡੀਆ ਦਾ ਅਸਰ ਰਸੂਖ ਭਾਜਪਾ ਦੇ ਸ਼ਾਸਨ ਕਾਲ ਵੇਲੇ ਹੀ ਜ਼ਿਆਦਾ ਵਧਿਆ। ਕਰਨਾਟਕ ਦੇ ਉਡੀਪੀ ਵਿੱਚ ਸ਼੍ਰੀ ਪੇਜਾਵਰ ਮਠ ਦੇ ਮਹੰਤ ਗੁਰੂ ਵਿਸ਼ਵੇਸ਼ ਤੀਰਥ ਸਵਾਮੀ ਜਿਸ ਦਾ ਕਿ ਸੰਘ ਪਰਿਵਾਰ ਵਿੱਚ ਕਾਫ਼ੀ ਪ੍ਰਭਾਵ ਹੈ ਨੀਰਾ ਰਾਡੀਆ ਅਤੇ ਉਸਦੀ ਭੈਣ ਦੇ ਕਾਫ਼ੀ ਨੇੜੇ ਹੈ। ਨੀਰਾ ਰਾਡੀਆ ਉਸਦੀ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਚੇਲੀ ਰਹੀ ਹੈ। ਇਥੋਂ ਤੱਕ ਕਿ ਜਦ ਇਸ ਮਹੰਤ ਨੇ ਦਿੱਲੀ ਵਿੱਚ ਕ੍ਰਿਸ਼ਨ ਮੰਦਰ ਬਣਵਾਇਆ ਤਾਂ ਉਸ ਵਿੱਚ ਵੱਡੀ ਆਰਥਿਕ ਮੱਦਦ ਨੀਰਾ ਰਾਡੀਆ ਦੀ ਸੁਦੇਸ਼ ਫਾਂਉਡੇਸ਼ਨ ਨੇ ਦਿੱਤੀ। ਬਦਲੇ ਵਿੱਚ ਜਦ ਵੀ ਕੋਈ ਸਿਆਸੀ ਨੇਤਾ ਰਾਡੀਆ ਖਿਲਾਫ ਬੋਲਦਾ ਤਾਂ ਗੁਰੂ ਜੀ ਉਸਨੂੰ ਘੁਰਕ ਦਿੰਦੇ ਸਨ। ਗੁਰੂ ਜੀ ਦੇ ਧਾਰਮਿਕ ਅਤੇ ਸਿਆਸੀ ਪ੍ਰਤਾਪ ਦਾ ਉਨ੍ਹਾਂ ਦੀ ਚੇਲੀ ਨੂੰ ਕਾਫੀ ਲਾਭ ਮਿਲਿਆ। ਗੁਰੂ ਜੀ ਦੇ ਜ਼ਰੀਏ ਹੀ ਉਹ 1999-2000 ਦੇ ਦੌਰਾਨ ਭਾਜਪਾ ਦੇ ਕੇਂਦਰੀ ਨਾਗਰਿਕ ਉਡਾਨ ਮੰਤਰੀ ਅਨੰਤ ਕੁਮਾਰ ਦੇ ਨੇੜੇ ਆਈ ਜਿਸ ਤੋਂ ਕਿ ਉਸਨੇ ਕਈ ਸਿਆਸੀ ਲਾਭ ਲਏ। ਰਾਡੀਆ ਦੇ ਸਾਥੀ ਰਹਿ ਚੁੱਕੇ ਧੀਰਜ ਸਿੰਘ

ਅਨੁਸਾਰ ਨੀਰਾ ਰਾਡੀਆ ਦਾ "ਜਿਉਰਿਖ ਵਿੱਚ ਢੇਰ ਸਾਰਾ ਪੈਸਾ ਫਸਿਆ ਹੋਇਆ ਸੀ.... ਉਸਦਾ ਇੱਕ ਹਿੱਸਾ ਭਾਜਪਾ ਦੇ ਇੱਕ ਨੇਤਾ ਨੂੰ ਵੀ ਦਿੱਤਾ ਜਾਣਾ ਸੀ।" ਬਾਲੀਵੁਡ ਫਿਲਮ ਅਗਨੀਸਾਕਸ਼ੀ ਜਿਸਦਾ ਪ੍ਰਡਿਉਸਰ ਬਾਲ ਠਾਕਰੇ ਦਾ ਪੁੱਤਰ ਬਿੰਦਾ ਠਾਕਰੇ ਸੀ, ਲਈ ਫੰਡਿੰਗ ਦਾ ਇੰਤਜ਼ਾਮ ਕਰਨਾ ਰਾਡੀਆ ਦੇ ਹਿੰਦੋਸਤਾਨ ਆਉਣ ਤੋਂ ਬਾਅਦ ਦੇ ਮੁੱਢਲੇ ਕੰਮਾਂ ਵਿੱਚੋਂ ਸੀ।

ਰਾਡੀਆ ਨੇ ਆਪਣੀਆਂ ਕੰਸਲਟਿੰਗ ਕੰਪਨੀਆਂ ਵਿੱਚ ਕਈ ਉੱਚ ਅਹੁਦਿਆਂ ਵਾਲ਼ੇ ਨੌਕਰਸ਼ਾਹਾਂ ਨੂੰ ਕੰਮ ਦਿੱਤਾ। ਜਿਸ ਵਿੱਚ ਟਰਾਈ ਦੇ ਚੇਅਰਮੈਨ ਪਰਦੀਪ ਬੈਜਲ, ਟਰਾਈ ਦੇ ਹੀ ਸਾਬਕਾ ਮੈਂਬਰ ਡੀ. ਪੀ. ਐੱਸ. ਸੇਠ, ਆਰਥਿਕ ਮਾਮਲਿਆਂ ਦੇ ਸਾਬਕਾ ਸਕੱਤਰ ਸੀ. ਐਮ. ਵਾਸੂਦੇਵ, ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੇ ਸਾਬਕਾ ਚੇਅਰਮੈਨ ਐਸ. ਕੇ. ਨਰੂਲਾ ਅਤੇ ਕਈ ਹੋਰ ਸ਼ਾਮਲ ਹਨ ਜਿਨ੍ਹਾਂ ਦੇ ਨਾਮ ਦੇਣ ਲਗਿਆਂ ਲਲਕਾਰ ਦਾ ਇਹ ਅੰਕ ਹੀ ਭਰ ਜਾਵੇਗਾ। ਇਸ ਤਨਖਾਹਦਾਰ ਸਟਾਫ ਤੋਂ ਇਲਾਵਾ ਉਸਦਾ ਬਿਨਾਂ ਤਨਖਾਹ ਦਾ ਸਟਾਫ ਵੀ ਹੈ ਜਿਸ ਵਿੱਚ ਸੀ. ਆਈ. ਆਈ. ਦੇ ਸਾਬਕਾ ਮੁਖੀ ਤਰੁਣ ਦਾਸ, ਟਾਈਮਜ਼ ਆਫ਼ ਇੰਡੀਆ ਦੇ ਪ੍ਰਭਾਕਰ ਸਿਨਹਾ, ਐਨਡੀਟੀਵੀ ਦੀ ਪੱਤਰਕਾਰ ਬਰਖਾ ਦੱਤ ਅਤੇ ਹਿੰਦੋਸਤਾਨ ਟਾਈਮਜ਼ ਦੇ ਪੱਤਰਕਾਰ ਵੀਰ ਸਾਂਘਵੀ। ਵੀਰ ਸਾਂਘਵੀ ਪੱਤਰਕਾਰੀ ਦੇ ਨਾਂ 'ਤੇ ਸਿਵਾਏ ਗੋਭੀ ਦੇ ਪਕੋੜੇ ਬਣਾਉਣ ਵਰਗੇ ਟੀ. ਵੀ. ਪ੍ਰੋਗਰਾਮਾਂ ਵਿੱਚ ਐਂਕਰਿੰਗ ਕਰਨ ਦੇ ਕੁੱਝ ਹੋਰ ਨਹੀਂ ਕਰਦਾ। ਪਰ ਉਸ ਦਾ ਅਸਲ ਕੰਮ ਨੀਰਾ ਰਾਡੀਆ ਲਈ ਮੰਤਰਾਲਿਆਂ ਵਿੱਚ ਮੰਤਰੀ ਸੰਤਰੀ ਪਟਾਉਣੇ ਹਨ। ਇਸੇ ਤਰ੍ਹਾਂ ਦਾ ਬਰਖਾ ਦੱਤ ਦਾ ਹਾਲ ਹੈ। ਕੰਸਲਟਿੰਗ ਕੰਪਨੀਆਂ ਤਾਂ ਇੱਕ ਦਿਖਾਣ ਦੇ ਦੰਦ ਸਨ ਅਸਲ ਵਿੱਚ ਇਸ ਜ਼ਰੀਏ ਰਾਡੀਆ ਆਪਣਾ ਲਾਬਿੰਗ ਦਾ ਸਾਰਾ ਨੈਟਵਰਕ ਚਲਾਉਂਦੀ ਸੀ।

2007 ਵਿੱਚ ਉਸਨੇ ਨੋਏਸਿਸ ਸਟਰੈਟੇਜਿਕ ਕੰਸਲਟਿੰਗ ਸਰਵੀਸਿਸ ਸ਼ੁਰੂ ਕੀਤੀ ਜਿਸ ਜ਼ਰੀਏ ਉਸਨੇ ਓਮਾਨ ਦੀ ਸਲਤਨਤ ਲਈ ਟੈਲੀਕਾਮ ਲਾਈਸੈਂਸਿੰਗ ਫਰੇਮਵਰਕ ਨੂੰ ਮੁੜਗਠਨ ਕਰਨ ਦਾ ਠੇਕਾ ਹਾਸਲ ਕੀਤਾ। ਇਸ ਦੇ ਨਾਲ਼ ਹੀ ਉਸਨੇ ਵਿਟਕਾਮ ਕੰਸਲਟਿੰਗ ਜੋ ਕਿ ਫਿਲਮ ਅਦਾਕਾਰਾ ਪ੍ਰਿਅੰਕਾ ਚੋਪੜਾ, ਬਲੂਮਬਰਗ ਬਿਜ਼ਨੈਸ ਵੀਕ, ਮੇਰਿਅਟ ਹੋਟਲਜ਼, ਯੂਟੀਵੀ ਵਰਲਡ ਮੂਵੀਜ਼ ਅਤੇ ਏਂਡੇਮੋਲ ਦੇ ਖਾਤਿਆਂ ਨੂੰ ਦੇਖਦੀ ਹੈ ਦੀ ਸ਼ੁਰੂਆਤ ਕੀਤੀ। ਇਸਤੋਂ ਇਲਾਵਾ ਨਿਊਕਾਮ ਕੰਸਲਟਿੰਗ ਨਾਮ ਦੀ ਇੱਕ ਹੋਰ ਕੰਸਲਟਿੰਗ ਕੰਪਨੀ ਵੀ ਹੈ। ਇਹਨਾਂ ਕੰਪਨੀਆਂ ਦੇ ਗ੍ਰਾਹਕਾਂ ਵਿੱਚ ਵੇਦਾਂਤਾ ਵਰਗੀ ਕੰਪਨੀ ਵੀ ਹੈ ਜੋ ਕਿ ਅੱਜਕਲ ਖਣਿਜਾਂ ਦੀ ਭਾਲ ਵਿੱਚ ਭਾਰਤ ਦੇ ਮੱਧ ਵਿੱਚ ਆਦੀਵਾਸੀਆਂ ਨੂੰ ਉਜਾੜਨ, ਤਬਾਹ-ਬਰਬਾਦ ਕਰਨ ਵਿੱਚ ਮਸ਼ਹੂਰ ਹੈ। ਰਤਨ ਟਾਟਾ ਲਈ ਤਾਂ ਰਾਡੀਆ ਨੇ ਅਲੱਗ ਤੋਂ ਵੈਸ਼ਣਵੀ ਕਾਰਪੋਰੇਟ ਕਮਿਉਨੀਕੇਸ਼ਨਜ਼ ਖੋਲ੍ਹ ਦਿੱਤੀ ਜਿਸ ਨੇ ਟਾਟਾ ਦੀਆਂ 14 ਕੰਪਨੀਆਂ ਲਈ 'ਲੋਕ ਸੰਪਰਕ' ਦਾ ਕੰਮ ਸੰਭਾਲਣ ਤੋਂ ਸ਼ੁਰੂ ਕੀਤਾ ਅਤੇ 2009 ਤੱਕ ਟਾਟਾ ਦੀਆਂ 90 ਤੋਂ ਜ਼ਿਆਦਾ ਕੰਪਨੀਆਂ ਲਈ 'ਲੋਕ ਸੰਪਰਕ ਦਾ ਭਾਰ' ਸੰਭਾਲਣ ਲੱਗੀ। ਰਾਡੀਆ ਨੇ ਸਿੰਘਾਪੁਰ ਏਅਰਲਾਈਨਜ਼ (ਜਿਸ ਵਿੱਚ ਕਿ ਟਾਟਾ ਵੀ ਹਿੱਸੇਦਾਰ ਸੀ) ਨੂੰ ਭਾਰਤ ਲਿਆਉਣ ਲਈ ਵੀ ਲਾਬਿੰਗ ਕੀਤੀ। ਪਿਛਲੇ ਇੱਕ ਦਹਾਕੇ ਦੌਰਾਨ ਟਾਟਾ ਦੀ ਡੁੱਬਦੀ ਕਿਸ਼ਤੀ ਨੂੰ ਲਾਬਿੰਗ ਦਾ ਸਹਾਰਾ ਦੇਣ ਵਾਲ਼ੀ ਨੀਰਾ ਰਾਡੀਆ ਹੀ ਸੀ। ਟਾਟਾ ਫਾਇਨੈਂਸ ਦੇ ਬੋਸ ਦਿਲੀਪ ਪੇਂਡਸੇ ਅਤੇ ਤਾਜ ਹੋਟਲ ਲੜੀ ਦੇ ਹੈੱਡ ਅਜੀਤ ਕੇਰਕਰ ਜੋ ਕਿ ਰਤਨ ਟਾਟਾ ਲਈ ਸਿਰਦਰਦੀ ਬਣ ਚੁੱਕੇ ਸਨ, ਨਾਲ਼ ਨਿਪਟਣ ਵਿੱਚ ਵੀ ਰਾਡੀਆ ਨੇ ਹੱਥ ਵਟਾਇਆ। ਇੰਨਾ ਹੀ ਨਹੀਂ ਨਸ਼ਰ ਹੋਈਆਂ ਟੇਪਾਂ ਤੋਂ ਪਤਾ ਚਲਦਾ ਹੈ ਕਿ ਰਤਨ ਟਾਟਾ ਨੂੰ ਏਅਰ ਇੰਡੀਆ ਦੀ ਕੌਮਾਂਤਰੀ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਨ ਲਈ ਵੀ ਉਸ ਨੇ ਲਾਬਿੰਗ ਕੀਤੀ। ਸਿੰਗੂਰ ਦੇ ਲੋਕਾਂ ਦੇ ਖ਼ੂਨ ਨਾਲ਼ ਲੱਥਪੱਥ ਟਾਟਾ ਦੀ ਨੈਨੋ ਨੂੰ ਗੁਜਰਾਤ ਲਿਆਉਣ ਵਿੱਚ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਟਾਟਾ ਦਰਮਿਆਨ ਰਾਡੀਆ ਨੇ ਹੀ ਗੱਲਬਾਤ ਕੀਤੀ। ਇਥੇ ਰਤਨ ਟਾਟਾ ਦੀ ਨਿੱਜਤਾ ਬਾਰੇ ਚਿੰਤਾ ਕਰਨ ਵਾਲ਼ੇ ਪ੍ਰਧਾਨ ਮੰਤਰੀ ਸਾਹਿਬ ਨੂੰ ਇਹ ਵੀ ਪੁੱਛਣਾ ਬਣਦਾ ਹੈ ਯੂਆਈਡੀ ਅਤੇ ਨੇਟਗ੍ਰਿਡ ਵਰਗੀਆਂ ਯੋਜਨਾਵਾਂ ਨਾਲ਼ ਜੋ ਦਖਲ ਆਮ ਆਦਮੀ ਦੀ ਨਿੱਜਤਾ ਵਿੱਚ ਦਿੱਤਾ ਜਾ ਰਿਹਾ ਹੈ ਉਸ ਬਾਰੇ ਤਾਂ ਉਹ ਕਦੀ ਨਹੀਂ ਬੋਲਦੇ ਸਗੋਂ ਇਸ ਵਿੱਚ ਉਨ੍ਹਾਂ ਨੂੰ ਦੇਸ਼ ਦਾ ਵਿਕਾਸ ਦਿਖਦਾ ਹੈ ਪਰ ਰਤਨ ਟਾਟਾ ਦੀ ਨਿੱਜਤਾ ਵਿੱਚ ਦਖਲ ਉਨ੍ਹਾਂ ਨੂੰ ਜ਼ਰੂਰ ਦੁਖਦਾ ਹੈ।

ਇਹਨਾਂ ਦੇ ਨਾਲ਼-ਨਾਲ਼ ਮੁਕੇਸ਼ ਅੰਬਾਨੀ ਵੀ ਰਾਡੀਆ ਦੀ 'ਫਰੈਂਡਲਿਸਟ' ਵਿੱਚ ਸ਼ਾਮਲ ਹਨ। ਮੁੰਬਈ ਹਾਈ ਕੋਰਟ ਨੇ ਕੁਦਰਤੀ ਗੈਸ ਨੂੰ Agreed Rates 'ਤੇ ਦੇਣ ਦਾ ਫੈਸਲਾ ਮੁਕੇਸ਼ ਅੰਬਾਨੀ ਦੇ ਛੋਟੇ ਭਰਾ ਅਨਿਲ ਅੰਬਾਨੀ ਦੇ ਹੱਕ ਵਿੱਚ ਸੁਣਾ ਦਿੱਤਾ ਤਾਂ ਨੀਰਾ ਰਾਡੀਆ ਨੇ ਮੁਕੇਸ਼ ਦੇ ਲਈ ਲਾਬਿੰਗ ਕੀਤੀ ਇੱਕ ਪੂਰੇ ਮੀਡੀਆ ਘਰਾਣੇ ਅਤੇ ਕੁੱਝ ਸੀਨੀਅਰ ਪੱਤਰਕਾਰਾਂ ਨੂੰ ਖਰੀਦਿਆ ਗਿਆ ਅਤੇ Agreed Rates ਦੇ ਵਿਰੁੱਧ 'ਰਾਸ਼ਟਰੀ ਹਿੱਤ' ਦੇ ਅਧਾਰ 'ਤੇ ਪ੍ਰਚਾਰ ਮੁਹਿੰਮ ਵਿੱਢੀ ਗਈ। ਵੀਰ ਸਾਂਘਵੀ ਨੇ ਤਾਂ ਇਸ 'ਤੇ ਇੱਕ ਲੇਖ ਲਿਖ ਮਾਰਿਆ! ਆਪਣੇ ਲੇਖ ਬਾਰੇ ਵੀਰ ਸਾਂਘਵੀ ਨੀਰਾ ਨੂੰ ਫੋਨ 'ਤੇ ਕਹਿੰਦਾ ਹੈ, "ਮੈਂ ਆਪਣਾ ਲੇਖ ਇਸ ਤਰ੍ਹਾਂ ਤਿਆਰ ਕੀਤਾ ਹੈ ਕਿ ਕਿਸ ਤਰ੍ਹਾਂ ਲੋਕ ਕੁਦਰਤੀ ਸਾਧਨਾਂ ਦੀ ਲੁੱਟ ਬਰਦਾਸ਼ਤ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਪਤਾ ਵੀ ਨਹੀਂ ਚੱਲੇਗਾ ਕਿ ਕੋਈ ਗੁੱਟ ਤਿਆਰ ਕੀਤਾ ਜਾ ਰਿਹਾ ਹੈ। ਇਸਨੂੰ ਮੈਂ ਮਨਮੋਹਣ ਸਿੰਘ ਦੇ ਅੱਗੇ ਇੱਕ ਅਪੀਲ ਦੇ ਰੂਪ ਵਿੱਚ ਤਿਆਰ ਕਰ ਰਿਹਾ ਹਾਂ ਤਾਂ ਕਿ ਲੋਕਾਂ ਨੂੰ ਇਹ ਅੰਬਾਨੀਆਂ ਦੇ ਵਿੱਚ ਦੀ ਲੜਾਈ ਨਾ ਲੱਗੇ ਸਿਵਾਏ ਉਹਨਾਂ ਲੋਕਾਂ ਦੇ ਜਿਹਨਾਂ ਨੂੰ ਇਸਦੀ ਜਾਣਕਾਰੀ ਹੈ।" ਇਸ ਦੇ ਨਾਲ਼ ਇੱਕ ਐਨ. ਜੀ. ਓ. ਤੋਂ ਅਨਿਲ ਅੰਬਾਨੀ ਦੀ ਕੰਪਨੀ ਵਿਰੁੱਧ ਲੋਕਹਿਤ ਵਿੱਚ ਪਟੀਸ਼ਨ ਵੀ ਦਾਇਰ ਕਰਵਾ ਦਿੱਤੀ ਗਈ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸੁਪਰੀਮ ਕੋਰਟ ਨੇ ਇਹ ਫੈਸਲਾ ਦਿੱਤਾ ਕਿ ਕਿਉਂਕਿ ਕੁਦਰਤੀ ਗੈਸ, ਕੁਦਰਤੀ ਅਤੇ ਰਾਸ਼ਟਰੀ ਸੰਪੱਤੀ ਹੈ ਇਸ ਲਈ ਇਸ ਦੀਆਂ ਦਰਾਂ ਸਰਕਾਰ ਤੈਅ ਕਰੇਗੀ। ਹੁਣ ਇਸ ਘਟਨਾ ਤੋਂ ਤੁਸੀਂ ਕੀ ਮਾਇਨੇ ਲੈਂਦੇ ਹੋ? ਕੀ ਲੱਗਦਾ ਹੈ ਮੀਡੀਆ ਜੋ ਵਾਤਾਵਰਨ ਨੂੰ ਲੈ ਕੇ ਰੋਲ਼ਾ ਪਾ ਰਿਹਾ ਹੈ ਉਸ ਮਹਾਂ-ਸ਼ੋਰ ਦਾ

ਕੋਈ ਨੈਤਿਕ ਅਧਾਰ ਹੈ ? ਜਾਂ ਸੁਪਰੀਮ ਕੋਰਟ ਨੇ ਜੋ ਫੈਸਲਾ ਲਿਆ ਉਹ 'ਰਾਸ਼ਟਰੀ ਹਿੱਤ' ਵਿੱਚ ਹੈ ? ਇਸ ਸਭ ਦੇ ਨਾਲ਼ ਨੀਰਾ ਰਾਡੀਆ ਦੇ ਇੱਕ ਮਸ਼ਹੂਰ ਗ੍ਰਾਹਕ ਆਈ. ਟੀ. ਅਤੇ ਟੈਲੀਕਾਮ ਮੰਤਰੀ ਏ. ਰਾਜਾ ਦੀ ਚਰਚਾ ਅਸੀਂ ਹਾਲ਼ੇ ਤੱਕ ਨਹੀਂ ਕੀਤੀ ਜੋ ਕਿ ਰਾਡੀਆ ਦੇ ਨਾਲ਼ ਬਰਾਬਰ ਦੇ ਆਈਕਾਨ ਬਣੇ ਹੋਏ ਹਨ। ਟੈਲੀਕਾਮ ਮੰਤਰਾਲੇ ਲਈ ਦਆਨਿਧੀ ਮਾਰਨ ਅਤੇ ਏ. ਰਾਜਾ ਵਿੱਚ ਜੰਗ ਛਿੜੀ ਪਈ ਸੀ। ਮਾਰਨ ਦੇ ਪਿੱਛੇ ਕਾਰਪੋਰੇਟ ਸੁਨੀਲ ਮਿੱਤਲ ਜ਼ੋਰ ਲਗਾ ਰਿਹਾ ਸੀ ਅਤੇ ਏ. ਰਾਜਾ ਲਈ ਸ਼੍ਰੀ ਰਤਨ ਟਾਟਾ ਜੀ ਚਿੰਤਤ ਸਨ। ਏ. ਰਾਜਾ ਦੇ ਮਾਮਲੇ ਵਿੱਚ ਮੁਖ ਮੰਤਰੀ ਕਰੁਣਾਨਿਧੀ ਦੇ ਪਰਿਵਾਰ ਵਿੱਚ ਵੀ ਘਰੇਲੂ ਜੰਗ ਚਲ ਰਹੀ ਸੀ ਜਿਸਦਾ ਕਿ ਰਾਡੀਆ ਨੇ ਪੂਰਾ ਫਾਇਦਾ ਉਠਾਇਆ। ਕਰੁਣਾਨਿਧੀ ਦੀ ਕੁੜੀ ਕਨੀਮੋਲੀ ਵੀ ਰਾਡੀਆ ਦੇ ਬਹੁਤ ਨੇੜੇ ਹੈ। ਰਾਡੀਆ ਟੇਪਾਂ ਤੋਂ ਪਤਾ ਚਲਦਾ ਹੈ ਕਿ ਏ. ਰਾਜਾ ਨੂੰ ਟੈਲੀਕਾਮ ਮੰਤਰਾਲਾ ਦਿਵਾਉਣ ਲਈ ਰਾਡੀਆ ਨੇ ਕਿਸ ਤਰ੍ਹਾਂ ਸ਼ਤਰੰਜ ਦੀਆਂ ਚਾਲਾਂ ਵਿਛਾਈਆਂ। ਹੁਣ 600 ਕਰੋੜ ਰੁਪਏ ਦੀ ਰਿਸ਼ਵਤ ਦੇ ਕੇ ਮੰਤਰਾਲਾ ਲੈਣ ਵਾਲ਼ੇ ਰਾਜਾ ਤੋਂ 1,72,000 ਕਰੋੜ ਰੁਪਏ ਦੇ ਘੋਟਾਲ਼ੇ ਤੋਂ ਸਿਵਾਏ ਕਿਸ ਚੀਜ਼ ਦੀ ਆਸ ਕੀਤੀ ਜਾ ਸਕਦੀ ਸੀ। ਇਸੇ ਤਰ੍ਹਾਂ ਹੋਰ ਵੀ ਕਈ ਧਾਂਦਲੀਆਂ ਬਾਰੇ ਰਾਡੀਆ ਟੇਪਾਂ ਤੋਂ ਪਤਾ ਚਲਦਾ ਹੈ। ਰਾਡੀਆ ਟੇਪਾਂ ਬਾਰੇ ਕਿਸੇ ਪਾਠਕ ਨੂੰ ਜ਼ਿਆਦਾ ਦਿਲਚਸਪੀ ਹੋਵੇ ਤਾਂ ਉਹ ਆਊਟਲੁਕ ਦੀ ਵੈਬਸਾਈਟ 'ਤੇ ਇਹਨਾਂ ਟੇਪਾਂ ਨੂੰ ਪੜ੍ਹ-ਸੁਣ ਸਕਦੇ ਹਨ।

ਹੁਣ ਗੱਲ ਕਰਦੇ ਹਾਂ ਇਸ ਸਾਰੇ ਵਰਤਾਰੇ ਤੋਂ ਉਠੇ ਕੁੱਝ ਸਵਾਲਾਂ ਅਤੇ ਮਸਲਿਆਂ ਬਾਰੇ ਅਤੇ ਅਲੱਗ ਤਰ੍ਹਾਂ ਦੇ ਸਿਧਾਤਾਂ ਬਾਰੇ। ਸਭ ਤੋਂ ਪਹਿਲਾਂ ਮੀਡੀਆ ਦੀ ਨੈਤਿਕਤਾ ਦੇ ਸਵਾਲ ਨੂੰ ਲੈਂਦੇ ਹਾਂ ਜਿਵੇਂ ਕਿ ਇਸ ਕਾਂਡ ਤੋਂ ਬਾਅਦ ਬੁੱਧੀਜੀਵੀ ਹਲਕਿਆਂ ਵਿੱਚ ਇਹ ਸਵਾਲ ਉਠਿਆ ਹੈ। ਸਾਨੂੰ ਤਾਂ ਪੂੰਜੀਵਾਦ ਦੇ ਮੁਨਾਫੇ ਦੇ ਦੌਰ ਵਿੱਚ ਕਿਸੇ ਵੀ ਕਿਸਮ ਦੀ ਨੈਤਿਕਤਾ ਦੀ ਮੰਗ ਕਰਨਾ ਹੀ ਬੇਮਤਲਬ ਲੱਗਦਾ ਹੈ। ਤੁਸੀਂ ਕਿਸੇ ਮੀਡੀਆ ਘਰਾਣੇ ਤੋਂ ਉਸ ਪੂੰਜੀਪਤੀ ਵਿਰੁੱਧ ਬੋਲਣ ਦੀ ਆਸ ਕਿਸ ਤਰ੍ਹਾਂ ਕਰ ਸਕਦੇ ਹੋ ਜਿਸ ਦੇ ਇਸ਼ਤਿਹਾਰਾਂ ਨਾਲ਼ ਉਹ ਚਲਦਾ ਹੈ ਜਾਂ ਜਿਸ ਦੇ ਲਈ ਉਹ ਲਾਬਿੰਗ ਕਰ ਰਿਹਾ ਹੈ। ਇੱਕ ਹੋਰ ਸ਼ਬਦਾਵਲੀ ਉਠੀ ਹੈ ਉਹ 'ਪੰਜਵੇਂ ਰਾਜ' (Fifth Estate) ਜੋ ਕਿ ਲਾਬਿਸਟ ਅਤੇ ਮੀਡੀਆ ਨੂੰ ਜੋੜਕੇ ਬਣਾਈ ਗਈ ਹੈ। ਇਸ ਦਾ ਮਤਲਬ ਹੈ ਲਾਬਿਸਟ ਅਤੇ ਮੀਡੀਆ ਕੁੱਝ ਵੀ ਕਰ ਸਕਦੇ ਹਨ, ਇਹ ਇਤਨੇ ਤਾਕਤਵਰ ਹਨ ਸੱਤਾ ਵਿੱਚ ਜੋੜ ਤੋੜ ਕਰ ਸਕਦੇ ਹਨ, ਮੰਤਰਾਲੇ ਵੇਚ ਸਕਦੇ ਹਨ ਅਤੇ ਖਰੀਦ ਸਕਦੇ ਹਨ। ਇਸ 'ਤੇ ਸਾਨੂੰ ਜ਼ਰੂਰ ਹੈਰਾਨੀ ਹੁੰਦੀ ਹੈ। ਜੇਕਰ ਲਾਬਿਸਟ ਇਨੇ ਹੀ ਪ੍ਰਭਾਵਸ਼ਾਲੀ ਹੁੰਦੇ ਤਾਂ ਸੱਤਾ ਵਿੱਚ ਵੀ ਉਹੀ ਹੁੰਦੇ। ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਇਹ ਸਭ ਪੂੰਜੀ ਦੇ ਯੁੱਗ ਦੀ ਆਧੁਨਿਕ ਦਲਾਲੀ ਤੋਂ ਵੱਧ ਕੇ ਕੁੱਝ ਨਹੀਂ ਹੈ। ਅੱਜ ਵੀ ਇਸ ਵਿੱਚ ਮੁੱਖ ਭੂਮਿਕਾ ਸਰਮਾਏਦਾਰੀ ਦੀ ਹੈ ਜੋ ਕਿ ਪਹਿਲਾਂ ਦੀ ਤਰ੍ਹਾਂ ਆਪਣੀ ਮਨ ਪਸੰਦ ਸਰਕਾਰ ਅਤੇ ਮੰਤਰੀ ਬਣਾਉਣ ਵਿੱਚ ਪੂਰੀ ਤਰ੍ਹਾਂ ਤਾਕਤਵਰ ਹਨ। ਇਸ ਪਤੰਗ ਦੀ ਡੋਰ ਅੱਜ ਵੀ ਉਹਨਾਂ ਦੇ ਹੱਥ ਹੀ ਹੈ। ਜਿਸ ਤਰ੍ਹਾਂ ਧਰਮ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਾ ਹੈ ਉਹੀ ਕੰਮ ਅੱਜ ਮੀਡੀਆ ਵੀ ਬਾਖ਼ੂਬੀ ਨਿਭਾ ਰਿਹਾ ਹੈ। ਹਾਂ ਇਸ ਲਾਬਿੰਗ ਦੇ ਵਰਤਾਰੇ ਵਿੱਚ ਜੋ ਇੱਕ ਹੋਰ ਤੱਥ ਸਾਫ਼ ਤੌਰ 'ਤੇ ਉਜਾਗਰ ਹੋਇਆ ਹੈ। ਉਹ ਇਹ ਹੈ ਕਿ ਇਸ ਹਮਾਮ ਵਿੱਚ ਨੌਕਰਸ਼ਾਹੀ, ਕਾਰਪੋਰੇਟ ਘਰਾਣੇ, ਸਿਆਸੀ ਲੀਡਰ, ਮੀਡੀਆ, ਧਰਮ ਅਤੇ ਧਾਰਮਿਕ ਨੇਤਾ, ਗੈਰ-ਸਰਕਾਰੀ ਸੰਗਠਨ ਸਭ ਦੇ ਸਭ ਨੰਗੇ ਹਨ !

# ਕਾਵਿਤਾਵਾਂ

- ਕੁਲਦੀਪ ਸਿਰਸਾ

## ਸਰਕਾਰ ਦੇ ਕੰਮ

*ਸਰਕਾਰ ਦੇ ਕੰਮ*
*ਘੋਸ਼ਣਾਵਾਂ ਦੀ ਬੰਜਰ ਜ਼ਮੀਨ 'ਤੇ*
*ਆਪਣੀਆਂ ਲਾਲਸਾਵਾਂ ਦੇ ਅੱਕਾਂ ਨੂੰ ਡੂੰਘੀਆਂ ਜੜ੍ਹਾਂ ਫੜਾਉਣਾਂ ਹੈ*
*ਜਨਤਾ ਦੇ ਪਸੀਨੇ ਦਾ ਸੂਤ*
*ਵਿਸ਼ਵੀਕਰਨ ਦੇ ਬਾਜ਼ਾਰ 'ਚ ਵੇਚਣ ਲਈ ਰਾਹਾਂ ਦੀਆਂ ਅਟਕਲਾਂ ਹਟਾਉਣਾ ਹੈ*
*ਸਿਰ ਚੁਕਦੇ ਇਨਕਲਾਬੀ-ਸਮਾਜਵਾਦੀ ਸਿਰਾਂ ਨੂੰ*
*ਸ਼ਾਮ-ਦਾਮ-ਦੰਡ-ਭੇਦ ਦੁਆਰਾ ਮਲੀਆਮੇਟ ਕਰਨਾ ਹੈ*
*ਸਮੱਸਿਆਵਾਂ ਦੀ ਅੱਗ ਉੱਪਰ ਉੱਬਲਦੇ ਦੁੱਧ 'ਤੇ*
*ਜਨਹਿੱਤ ਦੇ ਫੈਸਲਿਆਂ ਦੀਆਂ ਕਣੀਆਂ ਵਰਸਾਉਣਾ ਹੈ*
*ਨਿਗਰਾਨੀ ਕਰਨਾ ਹੈ*
*ਕਿਤੇ ਗੁਬਾਰ ਫੱਟ ਨਾ ਜਾਵੇ ਇੱਕ ਰੰਗ ਦੇ ਝੰਡੇ ਥੱਲੇ ਭੀੜ ਵਧ ਨਾ ਜਾਵੇ*
*ਇੱਕ ਅਜਿਹਾ ਮੈਨੀਫੈਸਟੋ ਜਾਰੀ ਕਰਨਾ ਹੈ*
*ਤਾਂ ਕਿ ਉਮੀਦਾਂ ਦਾ ਦੀਵਾ ਜਗਦਾ ਰਹੇ ਜਗਦਾ ਹੀ ਰਹੇ।*

## ਭਾਵਨਾਵਾਂ

*ਬੜੀਆਂ ਨਾਜ਼ੁਕ ਨੇ ਮੇਰੇ ਦੇਸ਼ ਦੀਆਂ ਭਾਵਨਾਵਾਂ*
*ਵਹਿ ਜਾਂਦੀਆਂ ਨੇ ਜੜ੍ਹਵਾਦੀਆਂ ਦੇ ਸੀਵਰੇਜੀ ਵਹਿਣਾਂ 'ਚ*
*ਨਾਜ਼ੁਕ ਹੋ ਜਾਂਦੀਆਂ ਵੋਟਾਂ ਦੇ ਸਾਨ-ਭੇੜ ਤਮਾਸ਼ੇ ਤੋਂ ਪਹਿਲਾਂ*
*ਖੇਡਿਆ ਜਾਂਦਾ ਹੈ ਇਹਨਾਂ ਦੇ ਰੇਂਗਦੇ ਜਿਸਮ 'ਤੇ ਕੋਟਲਾ ਛਪਾਕੀ*
*ਪਚਾ ਦਿੱਤਾ ਜਾਂਦਾ ਹੈ ਬਿਮਾਰ ਮੇਹਦੇ 'ਚ ਹਾਥੀ ਦਾ ਗੋਸ਼ਤ*
*ਉਬਾਲਿਆ ਜਾਂਦੈ ਦੰਗਿਆਂ ਦੇ ਬਾਲਣ ਤੇ ਧਰਮੀ ਪਤੀਲੇ 'ਚ ਪਾ ਕੇ*
*ਨੱਚਦੀਆਂ ਨੇ ਰੂੜ੍ਹੀਵਾਦੀਆਂ-ਪਰੰਪਰਾਵਾਦੀਆਂ ਦੇ ਢੋਲ-ਢਮਕਿਆਂ 'ਤੇ*
*ਨਿਚੋੜ ਲਿਆ ਜਾਂਦੈ ਭੁੱਖੀਆਂ ਨਸਾਂ 'ਚੋਂ ਰੁਖੀਆਂ ਰੋਟੀਆਂ ਦਾ ਲਹੂ*
*ਵਿਸ਼ਵੀਕਰਨ ਦੇ ਬਾਜ਼ਾਰ 'ਚ ਵੇਚੀ ਜਾਂਦੀ ਹੈ ਜਿਸਮ ਦੀ ਉੱਨ*
*ਹਰ ਵਾਰੀ ਦਰੜ ਕੇ ਲੰਘ ਜਾਂਦੈ ਲਹੂ ਰੰਗੀਆਂ ਬੱਤੀਆਂ ਦਾ ਕੁਰਲਾਟ।*
*ਬੜੀਆਂ ਨਾਜ਼ੁਕ ਨੇ ਮੇਰੇ ਦੇਸ਼ ਦੀਆਂ ਭਾਵਨਾਵਾਂ।*

## ਪੰਜਾਬ ਸਰਕਾਰ ਨੇ ਬਣਾਏ ਦੋ ਖ਼ਤਰਨਾਕ ਕਾਲ਼ੇ ਕਾਨੂੰਨ

# ਪੂੰਜੀਵਾਦੀ ਹਾਕਮਾਂ ਨੂੰ ਸਤਾ ਰਿਹਾ ਹੈ ਲੋਕ ਲਹਿਰਾਂ ਦਾ ਡਰ

**— ਲਖਵਿੰਦਰ**

ਦੇਸ਼ ਦੇ ਪੂੰਜੀਵਾਦੀ ਹਾਕਮਾਂ ਲਈ ਹੁਣ ਲੋਕਤੰਤਰ–ਲੋਕਤੰਤਰ ਦੀ ਖੇਡ ਖੇਡਣੀ ਕਿੰਨੀ ਔਖੀ ਹੁੰਦੀ ਜਾ ਰਹੀ ਹੈ ਇਸ ਦਾ ਅੰਦਾਜਾ ਪੰਜਾਬ ਵਿਧਾਨ ਸਭਾ ’ਚ ਅਕਤੂਬਰ 2010 ’ਚ ਪਾਸ ਕੀਤੇ ਗਏ ਦੋ ਬੇਹੱਦ ਖਤਰਨਾਕ ਕਾਨੂੰਨਾਂ ਤੋਂ ਲਾਇਆ ਜਾ ਸਕਦਾ ਹੈ। ਇਹ ਕਾਨੂੰਨ ਲੋਕਾਂ ਦੀ ਅਨਿਆਂ ਖਿਲਾਫ਼ ਅਵਾਜ਼ ਬੁਲੰਦ ਕਰਨ ਦੀ ਬਚੀ–ਖੁਚੀ ਅਜ਼ਾਦੀ ਨੂੰ ਵੀ ਖਤਮ ਕਰ ਦੇਣ ਦੀ ਇੱਕ ਘਿਣੌਣੀ ਕੋਸ਼ਿਸ਼ ਹਨ। ਸਾਫ਼ ਵਿਖਾਈ ਦਿੰਦਾ ਹੈ ਕਿ ਦੇਸ਼ ਦੇ ਪੂੰਜੀਵਾਦੀ ਹਾਕਮ ਹੁਣ ਲੋਕਾਂ ਨੂੰ ਕੁਝ ਵੀ ਬੇਹਤਰ ਦੇਣ ਦੇ ਕਾਬਿਲ ਨਹੀਂ ਰਹੇ। ਲੋਕ ਲਹਿਰਾਂ ਦਾ ਭੂਤ ਹਰ ਸਮੇਂ ਉਹਨਾਂ ਦਾ ਪਿੱਛਾ ਕਰ ਰਿਹਾ ਹੈ। ਆਓ, ਜਰਾ ਖੁਦ ਹੀ ਅੰਦਾਜਾ ਲਾਓ ਕਿ ਦੇਸ਼ ਦੇ ਲੁਟੇਰੇ ਹਾਕਮ ਆਉਣ ਵਾਲੇ ਦਿਨਾਂ ਤੋਂ ਕਿੰਨੇ ਭੈਅਭੀਤ ਹਨ।

**ਪੰਜਾਬ ਵਿਧਾਨ ਸਭਾ ਨੇ ਜੋ ਇਹ ਦੋ ਕਾਲ਼ੇ ਕਾਨੂੰਨ ਪਾਸ ਕੀਤੇ ਹਨ, ਉਹਨਾਂ ’ਚੋਂ ਪਹਿਲਾ ਹੈ-‘ਪੰਜਾਬ ਸਰਵਜਨਿਕ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਕਾਨੂੰਨ-2010’, ਜੋ ਇਹ ਕਹਿੰਦਾ ਹੈ ਕਿ ਹੁਣ ਕਿਸੇ ਵੀ ਜਨਤਕ ਜੱਥੇਬੰਦੀ ਜਾਂ ਸਭਾ ਨੂੰ ਕੋਈ ਵੀ ਸ਼ਾਤੀਪੂਰਨ ਮੁਜਾਹਰਾ, ਮਾਰਚ, ਜਲੂਸ ਆਯੋਜਿਤ ਕਰਨ ਤੋਂ ਪਹਿਲਾਂ ਜ਼ਿਲ੍ਹਾ ਮੈਜਿਸਟ੍ਰੇਟ ਜਾਂ ਪੁਲਿਸ ਕਮਿਸ਼ਨਰ ਤੋਂ ਆਗਿਆ ਲੈਣੀ ਜ਼ਰੂਰੀ ਪਵੇਗੀ। ਧਾਰਾ 144 ਨਾਲ਼ ਇਸ ਕਾਨੂੰਨ ਦਾ ਕੋਈ ਸਬੰਧ ਨਹੀਂ। ਜੇਕਰ ਇਥੋਂ ਆਗਿਆ ਨਹੀਂ ਮਿਲਦੀ ਤਾਂ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਰਕਾਰ ਕੋਲ ਅਪੀਲ ਕੀਤੀ ਜਾ ਸਕਦੀ ਹੈ। ਪੰਜਾਬ ਸਰਕਾਰ ਦੇ ਕਿਸ ਪੱਧਰ ’ਤੇ ਅਪੀਲ ਕਰਨੀ ਹੋਵੇਗੀ ਅਤੇ ਅਪੀਲ ਦੇ ਨਿਪਟਾਰੇ ਲਈ ਕੋਈ ਸਮਾਂ ਸੀਮਾ ਇਸ ਕਾਨੂੰਨ ਵਿੱਚ ਦਰਜ ਨਹੀਂ ਹੈ। ਇਸ ਤਰ੍ਹਾਂ ਹੁਣ ਇਹ ਕਾਨੂੰਨ ਜਲੂਸਾਂ-ਮੁਜਾਹਰਿਆਂ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਜਾਂ ਪੁਲਿਸ ਕਮਿਸ਼ਨਰ ਦੀ ਇੱਛਾ ’ਤੇ ਛੱਡ ਦਿੰਦਾ ਹੈ।** ਉਹ ਆਗਿਆ ਦੇਣ ਜਾਂ ਨਾ ਦੇਣ ਇਹ ਉਹਨਾਂ ਦੀ ਮਰਜੀ ਹੋਵੇਗੀ। ਬਿਨਾ ਆਗਿਆ ਤੋਂ ਅਜਿਹਾ ਕਰਨਾ ਗੈਰਕਾਨੂੰਨੀ ਹੋਵੇਗਾ ਅਤੇ ਆਯੋਜਕਾਂ ਅਤੇ ਹੋਰਨਾਂ ਹਿੱਸਾ ਲੈਣ ਵਾਲਿਆਂ ਨੂੰ 2 ਸਾਲ ਦੀ ਸਜ਼ਾ ਅਤੇ 20,000 ਰੁਪਏ ਜੁਰਮਾਨਾ ਹੋ ਸਕਦਾ ਹੈ। ਜੇਕਰ ਆਗਿਆ ਮਿਲ ਵੀ ਜਾਂਦੀ ਹੈ ਤਾਂ ਵੀ ਸਬੰਧਿਤ ਪੁਲਿਸ ਕਮਿਸ਼ਨਰ ਜਾਂ ਡੀ.ਐਮ. ਮੁਜਾਹਰੇ ਦਾ ਰੂਟ ਅਤੇ ਹੋਰ ਸ਼ਰਤਾਂ ਤੈਅ ਕਰੇਗਾ। ਇਹ ਸ਼ਰਤਾਂ ਕੀ ਹੋਣਗੀਆਂ ? ਕਾਨੂੰਨ ’ਚ ਇਸ ਸਬੰਧੀ ਕੁਝ ਨਹੀਂ ਕਿਹਾ ਗਿਆ। ਸਪੱਸ਼ਟ ਹੈ ਕਿ ਇਹ ਸ਼ਰਤਾਂ – ਸ਼ਾਮਲ ਹੋਣ ਵਾਲੇ ਲੋਕਾਂ ਦੀ ਗਿਣਤੀ, ਤਰੀਕ, ਸਮਾਂ, ਸਥਾਨ, ਝੰਡੇ, ਨਾਅਰਿਆਂ, ਬੈਨਰਾਂ, ਭਾਸ਼ਣਾਂ ਆਦਿ – ਬਾਰੇ ਹੋਣਗੀਆਂ। ਯਾਨੀ ਤੁਸੀਂ ਸਰਕਾਰ ਜਾਂ ਪੁਲਿਸ ਖਿਲਾਫ਼ ਤਾਂ ਕੁਝ ਬੋਲ ਹੀ ਨਹੀਂ ਸਕੋਗੇ! ਇਹ ਕਾਨੂੰਨ ਕਹਿੰਦਾ ਹੈ ਕਿ ਮੁਜਾਹਰੇ ਵਿੱਚ ਹਥਿਆਰ ਨਹੀਂ ਲਿਜਾਏ ਜਾ ਸਕਦੇ। ਹਥਿਆਰਾਂ ਤੋਂ ਸਰਕਾਰ ਦਾ ਭਾਵ ‘ਲਾਠੀਆਂ ਜਾਂ ਲਾਠੀਆਂ ਵਰਗਾ ਕੁਝ’ ਤੋਂ ਵੀ ਹੈ। ਯਾਨੀ ਤੁਸੀਂ ਤੁਹਾਡੇ ਝੰਡੇ ਬਿਨਾਂ ਡੰਡਿਆਂ ਤੋਂ ਲੈ ਕੇ ਚੱਲੋਂਗੇ ! ਤੁਸੀਂ ਮਾਟੋ ਬਿਨਾਂ ਡੰਡੀਆਂ ਤੋਂ ਲੈ ਕੇ ਚੱਲੋਂਗੇ! ਜੱਥੇਬੰਦਕਾਂ ਨੂੰ ਲਿਖਤੀ ਤੌਰ ’ਤੇ ਸ਼ਾਂਤੀ ਬਣਾਈ ਰੱਖਣ ਦੀ ਜਮਾਨਤ ਵੀ ਦੇਣੀ ਪਵੇਗੀ। ਗੜਬੜ ਰੋਕਣ ਲਈ ਆਯੋਜਕਾਂ ਨੂੰ ਆਪਣੇ ਵਲੰਟੀਅਰ ਤੈਨਾਤ ਕਰਨੇ ਪੈਣਗੇ। ਪੁਲਿਸ ਪਹਿਲਾਂ ਕਾਨੂੰਨਨ ਮੁਜਾਹਰਿਆਂ ਦੀ ਵੀਡਿਓਗ੍ਰਾਫੀ ਨਹੀਂ ਕਰ ਸਕਦੀ ਸੀ। ਪਰ ਹੁਣ ਇਹ ਕਾਨੂੰਨਨ ਲਾਜ਼ਮੀ ਬਣਾ ਦਿੱਤਾ ਗਿਆ ਹੈ। ਇਹ ਵੀਡਿਓ ਅਦਾਲਤ ’ਚ ਸਬੂਤ ਦੇ ਤੌਰ ’ਤੇ ਇਸਤੇਮਾਲ ਕੀਤੀ ਜਾ ਸਕੇਗੀ। ਜੇਕਰ ਆਗਿਆ ਸਹਿਤ ਹੋਣ ਵਾਲੇ ਆਯੋਜਨ ਦੇ ਦੌਰਾਨ ਕਿਸੇ ਜਨਤਕ ਜਾਂ ਨਿੱਜੀ ਜਾਇਦਾਦ ਨੂੰ ਕੋਈ ਨੁਕਸਾਨ ਹੋ ਜਾਂਦਾ ਹੈ ਤਾਂ 3 ਸਾਲ ਦੀ ਸਜ਼ਾ ਅਤੇ 20,000 ਰੁਪਏ ਜੁਰਮਾਨਾ ਹੋ ਸਕਦਾ ਹੈ। ਨੁਕਸਾਨ ਦਾ ਮੁਆਵਜਾ ਵੀ ਆਯੋਜਕਾਂ–ਮੁਜਾਹਰਾਕਾਰੀਆਂ ਨੂੰ ਦੇਣਾ ਪਏਗਾ। “ਕੋਈ ਜਾਇਦਾਦ ਜੋ ਚੱਲ ਜਾਂ ਅਚੱਲ” ਹੋਵੇ, ਨੂੰ ਨੁਕਸਾਨ ਹੋਣ ’ਤੇ, ਭਾਵ ਮਾਮੂਲੀ ਤੋਂ ਮਾਮੂਲੀ ਨੁਕਸਾਨ ਹੋਣ ’ਤੇ ਵੀ ਇਹ ਸਖ਼ਤ ਸਜ਼ਾਵਾਂ ਹੋਣਗੀਆਂ। ਇਸ ਕਾਨੂੰਨ ਮੁਤਾਬਿਕ–ਉਹ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਜਾਂ ਪਾਰਟੀ, ਯੂਨੀਅਨ ਅਤੇ ਜੱਥੇਬੰਦੀ ਦੇ ਅਹੁਦੇਦਾਰ ਜੋ ਪ੍ਰਬੰਧ ਕਰਦੇ ਹਨ, ਉਕਸਾਉਂਦੇ ਹਨ, ਸਲਾਹ ਦਿੰਦੇ ਹਨ, ਸਾਜ਼ਿਸ ਕਰਦੇ ਹਨ ਜਾਂ ਦਿਸ਼ਾ ਦਿੰਦੇ ਹਨ–ਉਹ ਭਾਵੇ ਮੌਕੇ ’ਤੇ ਹਾਜ਼ਿਰ ਹੋਣ ਭਾਵੇ ਨਾ–ਉਹ ਇਸ ਕਾਨੂੰਨ ਦੇ ਲਪੇਟੇ ’ਚ ਆਉਣਗੇ। ਕਹਿਣ ਦੀ ਜ਼ਰੂਰਤ ਨਹੀਂ ਕਿ ਸਰਕਾਰ, ਪ੍ਰਸ਼ਾਸਨ ਜਾਂ ਹੋਰ ਕੋਈ ਜਿਸ ਖਿਲਾਫ਼ ਮੁਜਾਹਰਾ–ਮਾਰਚ ਕੀਤਾ ਜਾ ਰਿਹਾ ਹੋਵੇ ਉਹ ਹੀ ਅਜਿਹੀਆਂ ਗੜਬੜਾਂ ਖੁਦ ਕਰਵਾਉਂਦੇ ਰਹੇ ਹਨ ਅਤੇ ਕਰਵਾਉਣਗੇ। ਹੁਣ ਇਸ ਕਾਨੂੰਨ ਰਾਹੀਂ ਸਰਕਾਰ ਨੇ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਹਰ ਗੜਬੜ ਦਾ ਠੀਕਰਾਂ ਆਯੋਜਕਾਂ–ਮੁਜਾਹਰਾਕਾਰੀਆਂ ਸਿਰ ਹੀ ਭੰਨਿਆਂ ਜਾਏਗਾ।

**ਦੂਜਾ ਕਾਨੂੰਨ ‘ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ ਕਾਨੂੰਨ-2010’ ਹੈ। ਇਹ ਕਾਨੂੰਨ “ਦੇਸ਼ ਵਿਰੋਧੀ” ਤਾਕਤਾਂ ਨਾਲ਼ ਨਿਪਟਣ ਲਈ ਬਣਾਇਆ ਗਿਆ ਹੈ। ਦੇਸ਼-ਵਿਰੋਧੀ ਹੋਣ ਦੀ ਪਰਿਭਾਸ਼ਾ ਵਿੱਚ ਇਹ ਕਾਨੂੰਨ ਕਹਿੰਦਾ ਹੈ ਕਿ ਕੋਈ ਵੀ ਗੈਰਕਾਨੂੰਨੀ ਕਾਰਵਾਈ ਜਾਂ ਗੈਰਕਾਨੂੰਨੀ ਕਾਰਵਾਈ ਨੂੰ ਹੱਲਾਸ਼ੇਰੀ ਦੇਣ ਵਾਲੀ ਕਾਰਵਾਈ ਦੇਸ਼-ਵਿਰੋਧੀ ਕਾਰਵਾਈ ਹੈ। ਭਾਵ ਜਿਸਨੇ ਕੋਈ ਵੀ ਕਾਨੂੰਨ ਤੋੜਿਆ ਜਾਂ ਕਾਨੂੰਨ ਤੋੜਨ ਲਈ ਪ੍ਰੋਤਸਾਹਿਤ ਕੀਤਾ ਉਹ ਦੇਸ਼-ਧ੍ਰੋਹੀ ਹੋ ਜਾਵੇਗਾ !** ਇਸ ਕਾਨੂੰਨ ਤਹਿਤ ਪੰਜਾਬ ਵਿੱਚ ਇੱਕ ਵਿਸ਼ੇਸ਼ ਹਥਿਆਰਬੰਦ ਗਰੁੱਪ (ਫੋਰਸ) ਖੜੀ ਕੀਤੀ ਜਾਵੇਗੀ,

ਜੋ 'ਦੇਸ਼-ਵਿਰੋਧੀਆਂ' ਨੂੰ ਕਾਬੂ ਕਰੇਗੀ। ਇਹ ਵਿਸ਼ੇਸ਼ ਹਥਿਆਰਬੰਦ ਗਰੁੱਪ ਕਦੇ ਵੀ ਕਿਸੇ ਵੀ ਇਨਸਾਫਪਸੰਦ ਨਾਗਰਿਕ ਜਾਂ ਜੱਥੇਬੰਦੀ ਨੂੰ ਝੂਠੇ ਕੇਸ ਵਿੱਚ ਫਸਾ ਕੇ ਦੇਸ਼-ਵਿਰੋਧੀ ਕਰਾਰ ਦੇਣ ਦੀ ਘਿਣੌਣੀ ਸਾਜ਼ਿਸ ਤੋਂ ਸਿਵਾ ਕੁਝ ਨਹੀਂ। ਜੱਥੇਬੰਦੀ ਦੇ ਕਿਸੇ ਇੱਕ ਵੀ ਵਿਅਕਤੀ ਦੀ ਗੈਰਕਾਨੂੰਨੀ ਕਾਰਵਾਈ ਦਾ ਬਹਾਨਾ ਬਣਾ ਕੇ ਸਮੁੱਚੀ ਜੱਥੇਬੰਦੀ ਨੂੰ ਦੇਸ਼-ਵਿਰੋਧੀ ਗਰਦਾਨਿਆ ਜਾਵੇਗਾ। ਇਸ ਕਾਨੂੰਨ ਮੁਤਾਬਿਕ ਉਹ ਵਿਅਕਤੀ ਜਿਸਦੇ ਜੀਵਨ ਨੂੰ ਗੰਭੀਰ ਖਤਰਾ ਹੈ, ਉਸਨੂੰ ਅਤੇ ਉਸਦੇ ਨਜ਼ਦੀਕੀ ਪਰਿਵਾਰ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਸੁਰੱਖਿਆ ਦੇ ਨਾਂ 'ਤੇ ਜੇਕਰ ਇਸ ਵਿਸ਼ੇਸ਼ ਗਰੁੱਪ ਦਾ ਕੋਈ ਆਦਮੀ ਕਿਸੇ ਨੂੰ ਗੋਲ਼ੀ ਵੀ ਮਾਰ ਦਿੰਦਾ ਹੈ ਤਾਂ ਉਸ 'ਤੇ ਕਿਸੇ ਵੀ ਪ੍ਰਕਾਰ ਦਾ ਕੋਈ ਮੁਕੱਦਮਾ ਨਹੀਂ ਚਲਾਇਆ ਜਾ ਸਕੇਗਾ। ਇਸ ਵਿਸ਼ੇਸ਼ ਹਥਿਆਰਬੰਦ ਗਰੁੱਪ ਦਾ ਡਾਇਰੈਕਟਰ ਕਿਸੇ ਵੀ ਹੋਰ ਮਹਿਕਮੇ ਦੇ ਅਫ਼ਸਰ ਜਾਂ ਕਰਮਚਾਰੀ ਤੋਂ ਮਦਦ ਲੈ ਸਕਦਾ ਹੈ। ਜੇਕਰ ਅਫ਼ਸਰ ਜਾਂ ਕਰਮਚਾਰੀ ਮਦਦ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਹ ਸਿਵਿਲ ਸਰਵਿਸਿਸ ਰੂਲਜ ਦੇ ਤਹਿਤ ਸਜਾ ਭੁਗਤੇਗਾ।

ਹੁਣ ਤੁਸੀਂ ਖੁਦ ਹੀ ਅੰਦਾਜਾ ਲਾਓ ਕਿ ਪੰਜਾਬ ਵਿੱਚ ਕੀ ਹੋਣ ਜਾ ਰਿਹਾ ਹੈ। ਕੀ ਇਹ ਹੁਣ ਕਿਸੇ ਬਹਿਸ ਦਾ ਮੁੱਦਾ ਹੈ ਕਿ ਅਜਿਹੇ ਕਾਨੂੰਨ ਸ਼ਾਂਤੀ ਵਿਵਸਥਾ ਬਣਾਏ ਰੱਖਣ ਲਈ ਨਹੀਂ, ਵਧੀਆ ਪ੍ਰਬੰਧ ਜਾਂ ਸਧਾਰਨ ਲੋਕਾਂ ਦੇ ਜਾਨਮਾਲ ਦੀ ਸੁਰੱਖਿਆ ਲਈ ਨਹੀਂ ਸਗੋਂ ਲੁਟੇਰੀ ਅਮੀਰਸ਼ਾਹੀ ਦੇ ਹਿਤ ਪੂਰਨ ਲਈ ਬਣਾਏ ਜਾਂਦੇ ਹਨ। ਕੀ ਪਹਿਲਾਂ ਹੀ ਪੁਲਿਸ ਦੇ ਘੋਰ ਲੋਕ ਵਿਰੋਧੀ ਕਿਰਦਾਰ ਬਾਰੇ ਕਿਸੇ ਨੂੰ ਕੋਈ ਸ਼ੱਕ ਹੈ ? ਪਹਿਲਾਂ ਹੀ ਕਾਨੂੰਨੀ ਅਤੇ ਉਸ ਤੋਂ ਵੀ ਕਿਤੇ ਵਧੇਰੇ ਗੈਰਕਾਨੂੰਨੀ ਢੰਗ ਨਾਲ਼ ਲੋਕਾਂ 'ਤੇ ਪੁਲਿਸ ਜੋ ਜੁਲਮ ਕਰਦੀ ਰਹੀ ਹੈ ਕੀ ਉਹ ਆਪਣੇ ਆਪ ਵਿੱਚ ਘੱਟ ਸੀ ? **ਇਹ ਕਾਨੂੰਨ ਜ਼ੋਰ-ਜੁਲਮ ਨੂੰ ਕਾਨੂੰਨੀ ਰੂਪ ਦਿੱਤੇ ਜਾਣ ਤੋਂ ਬਿਨਾਂ ਕੁਝ ਨਹੀਂ ਹਨ। ਇਹਨਾਂ ਕਾਨੂੰਨਾਂ ਜ਼ਰੀਏ ਪੁਲਿਸ ਨੂੰ ਲੋਕਾਂ 'ਤੇ ਜ਼ਬਰ ਕਰਨ ਲਈ ਬਰਬਰ ਫੌਜੀ ਤਾਕਤ ਪ੍ਰਦਾਨ ਕੀਤੀ ਜਾ ਰਹੀ ਹੈ। ਇਹਨਾਂ ਕਾਨੂੰਨਾਂ ਦਾ ਅਰਥ ਹੈ ਕਿ ਜੇਕਰ ਕੋਈ ਵਿਅਕਤੀ ਅਨਿਆਂ ਖਿਲਾਫ਼ ਅਵਾਜ਼ ਉਠਾਉਣਾ ਚਾਹੁੰਦਾ ਹੈ ਤਾਂ ਉਸਨੂੰ ਅਨਿਆਂ ਕਰਨ ਵਾਲਿਆਂ ਤੋਂ ਹੀ ਆਗਿਆ ਲੈਣੀ ਪਵੇਗੀ ! ਜੇਕਰ ਆਗਿਆ ਨਹੀਂ ਲਈ ਜਾਂਦੀ ਤਾਂ ਉਹ ਦੇਸ਼-ਵਿਰੋਧੀ, ਦੇਸ਼-ਧ੍ਰੋਹੀ ਕਰਾਰ ਦਿੱਤਾ ਜਾ ਸਕਦਾ ਹੈ !!**

ਉਦਾਹਰਣ ਦੇ ਤੌਰ 'ਤੇ ਜੇਕਰ ਪੁਲਿਸ ਕਿਸੇ ਨੂੰ ਨਾਜਾਇਜ ਤੌਰ 'ਤੇ ਹਿਰਾਸਤ ਵਿੱਚ ਲੈ ਲੈਂਦੀ ਹੈ ਜਾਂ ਹਿਰਾਸਤ ਵਿੱਚ ਕਿਸੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ ਤਾਂ ਇਸਦੇ ਖਿਲਾਫ ਸੜਕਾਂ 'ਤੇ ਉੱਤਰ ਕੇ ਸਮੂਹਿਕ ਅਵਾਜ਼ ਉਠਾਉਣ ਲਈ ਤੁਹਾਨੂੰ ਪੁਲਿਸ ਤੋਂ ਆਗਿਆ ਲੈਣੀ ਪਵੇਗੀ। ਜੇਕਰ ਤੁਸੀਂ ਪੁਲਿਸ ਦੁਆਰਾ ਇਸ ਅਨਿਆਂ ਖਿਲਾਫ਼ ਮੁਜਾਹਰਾ ਕਰਦੇ ਹੋ ਤਾਂ ਤੁਸੀਂ ਕਾਨੂੰਨ ਦੀਆਂ ਨਜ਼ਰਾਂ 'ਚ ਦੇਸ਼-ਵਿਰੋਧੀ ਹੋਵੋਗੇ ! ਸਾਫ਼ ਹੈ ਕਿ ਗਰੀਬੀ, ਭੁੱਖਮਰੀ, ਬੇਰੁਜਗਾਰੀ, ਮਹਿੰਗਾਈ ਦੇ ਸਤਾਏ ਕਿਰਤੀ ਲੋਕਾਂ ਨੂੰ ਇਕਜੁੱਟ ਹੋ ਕੇ ਆਪਣੇ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਅਧਿਕਾਰਾਂ ਲਈ ਸੰਘਰਸ਼ ਕਰਨ ਤੋਂ ਰੋਕਣ ਲਈ ਹੀ ਅਜਿਹੇ ਕਾਲ਼ੇ ਕਾਨੂੰਨ ਬਣਾਏ ਜਾਂਦੇ ਹਨ। ਇਸ ਮੁਨਾਫ਼ਾਖੋਰ ਪ੍ਰਬੰਧ ਦੇ ਸੰਕਟ ਏਨੇ ਵਧ ਚੁੱਕੇ ਹਨ ਕਿ ਇਹ ਲੋਕਤੰਤਰ ਦਾ ਮਖੌਟਾ ਵੀ ਉਤਾਰ ਸੁੱਟਣ ਲਈ ਹੁਣ ਮਜਬੂਰ ਹੋ ਗਿਆ ਹੈ।

ਇਹ ਪ੍ਰਬੰਧ ਦੱਬੇ-ਕੁਚਲੇ ਲੋਕਾਂ ਨੂੰ ਆਪਣੀ ਅਸਤੁੰਸ਼ਟੀ, ਰੋਹ ਪ੍ਰਗਟਾਉਣ ਲਈ ਜਮਹੂਰੀ ਢੰਗ ਤਰੀਕੇ ਵੀ ਨਹੀਂ ਦੇਣਾ ਚਾਹੁੰਦਾ। ਪਰ ਇਤਿਹਾਸ ਦੱਸਦਾ ਹੈ ਕਿ ਅਜਿਹੇ ਬਰਬਰ ਕਾਲ਼ੇ ਕਾਨੂੰਨਾਂ ਰਾਹੀਂ ਲੋਕਾਂ ਦੀ ਜੱਥੇਬੰਦ ਇੱਛਾਸ਼ਕਤੀ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ। ਲਾਠੀ, ਗੋਲ਼ੀ, ਜੇਲ੍ਹ ਨਾਲ਼ ਕਦੇ ਵੀ ਕਿਰਤੀ ਲੋਕਾਂ ਦੀ ਅਵਾਜ਼ ਦਬਾਈ ਨਹੀਂ ਜਾ ਸਕੀ। ਪਰ ਇਤਿਹਾਸ ਤੋਂ ਲੁਟੇਰੇ ਹਾਕਮਾਂ ਨੇ ਸ਼ਾਇਦ ਅੱਜ ਤੱਕ ਕੋਈ ਸਬਕ ਹਾਸਿਲ ਨਹੀਂ ਕੀਤਾ। ਬਿਨਾਂ ਸ਼ੱਕ ਜਿੰਨਾਂ ਜ਼ਬਰ ਹੋਵੇਗਾ ਲੋਕ ਰੋਹ ਓਨਾ ਹੀ ਵਧੇਗਾ।

ਲੋਕਾਂ ਦੀ ਰੋਸ ਪ੍ਰਗਟ ਕਰਨ ਦੀ ਅਜ਼ਾਦੀ ਖੋਹਣ ਵਾਲੇ ਇਹਨਾਂ ਘੋਰ ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਹਰ ਇਨਸਾਫ਼ਪਸੰਦ ਵਿਅਕਤੀ ਨੂੰ ਅਵਾਜ਼ ਬਲੁੰਦ ਕਰਨ ਲਈ ਅੱਗੇ ਆਉਣਾ ਪਵੇਗਾ।

(ਸਫ਼ਾ 16 ਦਾ ਬਾਕੀ)

ਡਾਰਵਿਨ ਦੇ ਸਿਧਾਤਾਂ ਨੂੰ ਗਲਤ ਸਿੱਧ ਕਰਨ ਦੀਆਂ ਯੋਜਨਾਬੱਧ ਪਰ ਬਚਕਾਨਾ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹਨਾਂ ਕੋਸ਼ਿਸ਼ਾਂ ਨੂੰ ਸੰਸਾਰ ਦੇ ਵੱਡੇ-ਵੱਡੇ ਕਾਰਪੋਰੇਟ ਘਰਾਣੇ ਫੰਡ ਮੁਹੱਈਆ ਕਰਵਾ ਰਹੇ ਹਨ। ਦੂਜੇ ਪਾਸੇ ਨਵ-ਡਾਰਵਿਨਵਾਦ ਅਤੇ 'ਵਿਕਾਸਵਾਦੀ ਮਨੋਵਿਗਿਆਨ' ਆਦਿ ਜਿਹੇ 'ਵਿਗਿਆਨਕ' ਸਿਧਾਤਾਂ ਰਾਹੀਂ ਡਾਰਵਿਨ ਦੇ ਸਿਧਾਤਾਂ ਦੇ ਇਨਕਲਾਬੀ ਪੱਖਾਂ ਨੂੰ ਖੁੰਡਾ ਕਰਨ ਦੇ ਯਤਨ ਹੋ ਰਹੇ ਹਨ। ਇਸ ਪਰਪਾਟੀ ਦੇ ਵਿਗਿਆਨਕ ਪੂੰਜੀਵਾਦੀ ਲੁਟੇਰੇ ਪ੍ਰਬੰਧ ਨੂੰ 'ਸਮਾਜਿਕ ਡਾਰਵਿਨਵਾਦ' ਦੇ ਨਾਂ ਹੇਠ ਸਦੀਵੀ ਅਤੇ ਮਨੁੱਖੀ ਵਿਕਾਸ ਦੀ ਸਰਵਉੱਚ ਮੰਜ਼ਿਲ ਬਣਾ ਕੇ ਪੇਸ਼ ਕਰਦੇ ਹਨ।

ਅੱਜ ਦੇ ਸਮੇਂ ਵਿੱਚ, ਜਦੋਂ ਵਿਗਿਆਨ ਅਤੇ ਫਲਸਫੇ ਨੂੰ ਪੂਰੀ ਮਨੁੱਖਤਾ ਦੀ ਭਲਾਈ ਲਈ ਵਰਤਣ ਦੀ ਥਾਂ ਪੂੰਜੀਵਾਦ ਦਾ ਪੂਰਾ ਉਸਾਰ ਢਾਂਚਾ ਇਹਨਾਂ ਨੂੰ ਮੁਨਾਫੇ ਦੀਆਂ ਵਲਗਣਾਂ 'ਚ ਕੈਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ, ਜ਼ਰੂਰਤ ਹੈ ਨਿਆਂ ਅਤੇ ਬਰਾਬਰੀ 'ਤੇ ਅਧਾਰਿਤ ਸਮਾਜ ਦਾ ਸੁਪਨਾ ਦੇਖਣ ਵਾਲੇ ਲੋਕ ਭੌਤਿਕਵਾਦੀ ਵਿਗਿਆਨਕ ਚੇਤਨਾ ਦੇ ਹੱਕ ਵਿੱਚ ਖਲੋਣ ਅਤੇ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਸਮੇਤ ਵਿਗਿਆਨ ਦੇ ਹਰ ਖੇਤਰ ਵਿੱਚ ਹੋ ਰਹੇ ਵਿਚਾਰਵਾਦੀ ਹਮਲਿਆਂ ਤੇ ਵਿਗਿਆਨਕ ਤੱਥਾਂ ਨੂੰ ਤੋੜਨ-ਮਰੋੜਨ ਦੇ ਯਤਨਾਂ ਦਾ ਮੂੰਹ ਤੋੜ ਜਵਾਬ ਦੇਣ ਦੀ ਤਿਆਰੀ ਕਰਨ। ਡਾਰਵਿਨ ਦਿਵਸ ਨੂੰ ਹਰ ਸਾਲ ਬਾਕਾਇਦਾ ਤੌਰ 'ਤੇ ਵਿਗਿਆਨਕ ਚੇਤਨਾ ਦਾ ਪ੍ਰਚਾਰ ਕਰਨ ਲਈ ਇਕ ਤਿਉਹਾਰ ਵਾਂਗ ਮਨਾਇਆ ਜਾਣਾ ਅਤੇ ਇਸ ਤਰ੍ਹਾਂ ਦੇ ਬਦਲਵੇਂ ਦਿਵਸ ਲਗਾਤਾਰ ਆਮ ਲੋਕਾਂ, ਵਿਦਿਆਰਥੀ-ਨੌਜਵਾਨਾਂ 'ਚ ਪ੍ਰਚਲਿਤ ਕਰਨੇ, ਇਹਨਾਂ ਤਿਆਰੀਆਂ ਦਾ ਇੱਕ ਹਿੱਸਾ ਬਣਨੇ ਚਾਹੀਦੇ ਹਨ।

“ਸਾਰਾ ਜਾਂਦਾ ਵੇਖੀਏ, ਥੋੜ੍ਹਾ ਦੇਈਏ ਵੰਡ”

# ਕਾਨਕੁਨ ਜਲਵਾਯੂ ਤਬਦੀਲੀ ਵਾਰਤਾ

**- ਸਵਜੀਤ**

ਆਪਣੇ ਮੁਨਾਫੇ ਦੀ ਅੰਨੀ ਹਵਸ ਵਿੱਚ ਪੂਰੀ ਦੁਨੀਆਂ ਨੂੰ ਤਬਾਹੀ ਦੇ ਕੰਢੇ ’ਤੇ ਲਿਆ ਖੜਾ ਕਰਨ ਵਾਲ਼ੇ ਸੰਸਾਰ ਭਰ ਦੇ ਸਰਮਾਏਦਾਰ ਘਰਾਣੇ ਅਤੇ ਲਗਭਗ ਸਾਰੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਅੱਜ-ਕੱਲ ਚੌਗਿਰਦੇ ਨੂੰ ਬਚਾਉਣ ਦੇ “ਸਿਰ-ਤੋੜ ਯਤਨ” ਕਰਦੇ ਨਜ਼ਰ ਆ ਰਹੀਆਂ ਹਨ। ਪਿਛਲੇ ਸਾਲ ਦਸੰਬਰ 2009 ਵਿੱਚ ਕੋਪਨਹੈਗਨ ਵਿੱਚ ਹੋਈ ਸਿਖਰ ਵਾਰਤਾ ਦੇ ਅਸਫਲ ਹੋਣ ਤੋਂ ਬਾਅਦ ਇਸਦੀ ਅਗਲੀ ਕੜੀ ਵਜੋਂ ‘ਕਾਨਕੁਨ ਜਲਵਾਯੂ ਤਬਦੀਲੀ ਵਾਰਤਾ’ ਦੇ ਨਾਮ ਹੇਠ ਇੱਕ ਸੰਮੇਲਨ 29 ਨਵੰਬਰ ਤੋਂ ਲੈ ਕੇ 10 ਦਸੰਬਰ 2010 ਤੱਕ ਮੈਕਸਿਕੋ ਦੇ ਸ਼ਹਿਰ ਕਾਨਕੁਨ ਵਿੱਚ ਆਯੋਜਿਤ ਕੀਤਾ ਗਿਆ। ਕੋਪਨਹੈਗਨ ਵਾਂਗੂੰ ਗਲੋਬਲ ਵਾਰਮਿੰਗ ਅਤੇ ਜਲਵਾਯੂ ਤਬਦੀਲੀ ਦੇ ਪਰਦੇ ਹੇਠ ਵਪਾਰਕ ਹੱਦਬੰਦੀਆਂ ਤੈਅ ਕਰਨ ਦੀਆਂ ਕੋਸ਼ਿਸ਼ਾਂ ਦੌਰਾਨ ਇੱਥੇ ਵੀ ਮੁਨਾਫੇ ਦੀ ਬਾਂਦਰ-ਲੜਾਈ ਦਾ ਬਹੁਤ ਖੂਬਸੂਰਤ ਨਮੂਨਾ ਦੇਖਣ ਨੂੰ ਮਿਲ਼ਿਆ ਹੈ।

1997 ਵਿੱਚ ਜਪਾਨ ਦੇ ਸ਼ਹਿਰ ਕਿਓਟੋ ਵਿਖੇ ਹੋਏ ਸਮਝੌਤੇ ਦੀ ਮਿਆਦ 2012 ਵਿੱਚ ਖਤਮ ਹੋ ਰਹੀ ਹੈ। ਕਿਓਟੋ ਪ੍ਰੋਟੋਕੋਲ ਅਨੁਸਾਰ ਵਿਕਸਤ ਦੇਸ਼ਾਂ ਨੇ 2012 ਤੱਕ ਕਾਰਬਨ ਨਿਕਾਸੀ ਵਿੱਚ 5 ਪ੍ਰਤੀਸ਼ਤ ਤੱਕ ਦੀ ਕਟੌਤੀ ਕਰਨ ਦੀ ਗੱਲ ਮੰਨੀ ਸੀ। (ਭਾਵੇਂ ਕਿ ਇਸ ਦੇ ਉਲਟ 2011 ਤੱਕ ਕਾਰਬਨ ਨਿਕਾਸੀ 11 ਪ੍ਰਤੀਸ਼ਤ ਤੱਕ ਵਧ ਗਈ ਸੀ।) ਕੋਪਨਹੈਗਨ ਅਤੇ ਕਾਨਕੁਨ ਜਲਵਾਯੂ ਤਬਦੀਲੀ ਵਾਰਤਾ ਇਸੇ ਕਿਓਟੋ ਪ੍ਰੋਟੋਕੋਲ ਦੀ ਲਗਾਤਾਰਤਾ ਵਜੋਂ ਅਗਲੇ ਕਦਮ ਮੰਨੇ ਜਾ ਰਹੇ ਸਨ। ਪਰ ਇਹ ਦੋਨੋਂ ਸਿਖਰ ਸੰਮੇਲਨ ਵੀ ਪੂਰੀ ਤਰ੍ਹਾਂ ਅਸਫਲ ਰਹੇ। ਸ਼ਾਮਿਲ ਦੇਸ਼ਾਂ ਵਿੱਚ ਕੋਈ ਵੀ ਸਹਿਮਤੀ ਨਹੀਂ ਬਣ ਸਕੀ। ਕਾਨਕੁਨ ਵਾਰਤਾ ਵਿੱਚ ਵਿਕਸਤ ਦੇਸ਼ਾਂ ਨੇ ਕਿਸੇ ਤਰ੍ਹਾਂ ਦੇ ਬੰਨਵੇਂ ਟੀਚੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਕੁੱਲ ਮਿਲ਼ਾ ਕੇ ‘ਕਸਮਾਂ’ ਖਾਣ ਤੱਕ ਹੀ ਸੀਮਤ ਰਹੇ ਹਨ ਜਿਹਨਾਂ ਤਹਿਤ 1990 ਦੇ ਪੱਧਰ ਤੋਂ 9 ਪ੍ਰਤੀਸ਼ਤ ਤੋਂ ਲੈ ਕੇ 15 ਪ੍ਰਤੀਸ਼ਤ ਤੱਕ ਕਟੌਤੀ ਕਰਨ ਦੀ ਗੱਲ ਕਹੀ ਹੈ, ਜਦਕਿ ਇਹ 40 ਪ੍ਰਤੀਸ਼ਤ ਬਣਦੀ ਹੈ। ਅਮਰੀਕਾ ਜਿਹੇ ਵਿਕਸਤ ਦੇਸ਼ਾਂ ਨੂੰ ਇਸ ਸਮਝੌਤੇ ਤੋਂ ਸਭ ਤੋਂ ਜ਼ਿਆਦਾ ਫਾਇਦਾ ਹੋਇਆ ਹੈ। ਪਰ ਫਿਰ ਵੀ ਕਿਵੇਂ ਨਾ ਕਿਵੇਂ ਵਿਕਸਤ ਦੇਸ਼ ਗਰੀਬ ਦੇਸ਼ਾਂ ਲਈ ‘ਗਰੀਨ ਫੰਡ’ ਜੁਟਾਉਣ ਲਈ ਰਾਜ਼ੀ ਹੋ ਗਏ ਹਨ। ਇਸ ਤਹਿਤ 2020 ਤੱਕ 100 ਬਿਲੀਅਨ ਡਾਲਰ ਗਰੀਬ ਦੇਸ਼ਾਂ ਨੂੰ ਨੁਕਸਾਨ ਪੂਰਤੀ ਵਜੋਂ ਦਿੱਤੇ ਜਾਣ ਦਾ “ਵਾਅਦਾ” ਕੀਤਾ ਗਿਆ ਹੈ।

ਗਲੋਬਲ ਵਾਰਮਿੰਗ ਧਰਤੀ ਦੇ ਤਾਪਮਾਨ ਵਿੱਚ ਹੋਣ ਵਾਲ਼ੇ ਵਾਧੇ ਦੀ ਪ੍ਰਕਿਰਿਆ ਦਾ ਨਾਮ ਹੈ ਜਿਹੜਾ ਹਵਾ ਦੇ ਪ੍ਰਦੂਸ਼ਣ (ਕਾਰਬਨ ਨਿਕਾਸੀ) ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ। ਸੂਰਜ ਦੀਆਂ ਕਿਰਨਾਂ ਜਦੋਂ ਧਰਤੀ ਦੀ ਸਤ੍ਹਾ ਨਾਲ਼ ਟਕਰਾਉਂਦੀਆਂ ਹਨ ਤਾਂ ਉਹਨਾਂ ਵਿੱਚੋਂ ਕੁਝ ਵਾਪਸ ਮੁੜ ਜਾਂਦੀਆਂ ਹਨ ਪਰ ਵਾਯੂਮੰਡਲ ਵਿੱਚ ਸਥਿੱਤ ਗਰੀਨਹਾਊਸ ਗੈਸਾਂ (ਕਾਰਬਨਡਾਈਆਕਸਾਈਡ, ਮਿਥੇਨ ਅਤੇ ਪਾਣੀ ਦੇ ਵਾਸ਼ਪ ਆਦਿ) ਇਹਨਾਂ ਕਿਰਨਾਂ ਨੂੰ ਸੋਖ ਕੇ ਬਾਹਰ ਜਾਣ ਤੋਂ ਰੋਕ ਲੈਂਦੀਆਂ ਹਨ, ਜਿਸ ਦੀ ਵਜ੍ਹਾ ਨਾਲ਼ ਧਰਤੀ ਦਾ ਤਾਪਮਾਨ ਨਿੱਘਾ ਰਹਿੰਦਾ ਹੈ। ਕਾਰਬਨਡਾਈਆਕਸਾਈਡ ਵਰਗੀਆਂ ਗੈਸਾਂ ਦੇ ਵਧਣ ਦੇ ਸਿੱਟੇ ਵਜੋਂ ਧਰਤੀ ਦਾ ਤਾਪਮਾਨ ਵੀ ਜ਼ਿਆਦਾ ਤੇਜ਼ੀ ਨਾਲ਼ ਵਧ ਰਿਹਾ ਹੈ। ਜਿਸਦੇ ਸਿੱਟੇ ਵਜੋਂ ਗੰਭੀਰ ਕੁਦਰਤੀ ਸੰਕਟਾਂ (ਹੜ੍ਹ, ਸੋਕਾ, ਤੂਫਾਨ ਆਦਿ) ਦੇ ਰੂਪ ਵਿੱਚ ਜਲਵਾਯੂ ਤਬਦੀਲੀਆਂ ਸਾਹਮਣੇ ਆਉਂਦੀਆਂ ਹਨ। ਪਿਛਲੀਆਂ ਦੋ ਸਦੀਆਂ ਤੋਂ ਸਨਅਤੀਕਰਨ, ਮੰਡੀ ਦੀ ਦੌੜ ਵਿੱਚ ਅੱਗੇ ਰਹਿਣ ਅਤੇ ਮੁਨਾਫਾ ਕਮਾਉਣ ਦੀ ਲਾਲਸਾ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਅਤੇ ਬਹੁ-ਕੌਮੀ ਕੰਪਨੀਆਂ ਮਨੁੱਖਤਾ ਅਤੇ ਕੁਦਰਤ ਦਾ ਬੇਦਰਦੀ ਨਾਲ਼ ਘਾਣ ਕਰ ਰਹੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਪ੍ਰਦੂਸ਼ਣ ਨਾਲ਼ ਸਾਡੇ ਚੌਗਿਰਦੇ ਨੂੰ ਤਬਾਹ ਕੀਤਾ ਜਾ ਰਿਹਾ ਹੈ। ਗਲੋਬਲ ਵਾਰਮਿੰਗ ਵੀ ਇਸੇ ਤਰ੍ਹਾਂ ਦੇ ਪ੍ਰਦੂਸ਼ਣ (ਕਾਰਬਨਡਾਈਆਕਸਾਈਡ ਦੀ ਨਿਕਾਸੀ) ਦੇ ਸਿੱਟੇ ਵਜੋਂ ਪੈਦਾ ਹੋਇਆ ਵਰਤਾਰਾ ਹੈ।

ਵਿਕਸਤ ਦੇਸ਼ਾਂ ਦੇ ਉਦਯੋਗਾਂ ਦੁਆਰਾ ਸਭ ਤੋਂ ਜ਼ਿਆਦਾ ਕਾਰਬਨ ਨਿਕਾਸੀ ਕੀਤੀ ਜਾਂਦੀ ਹੈ। 2008 ਤੱਕ ਵਿਕਸਤ ਦੇਸ਼ਾਂ ਦੁਆਰਾ 73 ਪ੍ਰਤੀਸ਼ਤ ਤੱਕ ਕਾਰਬਨ ਸਪੇਸ ਵਰਤ ਲਿਆ ਗਿਆ ਸੀ ਜਦਕਿ ਉਹਨਾਂ ਦੀ ਜਨਸੰਖਿਆ ਪੂਰੀ ਦੁਨੀਆਂ ਦੀ ਵਸੋਂ ਦੀ ਕੇਵਲ 19 ਪ੍ਰਤੀਸ਼ਤ ਬਣਦੀ ਹੈ। ਸਭ ਤੋਂ ਜ਼ਿਆਦਾ ਅਮਰੀਕਾ, ਜਿਸਦੀ ਵਸੋਂ ਸੰਸਾਰ ਦੀ ਵਸੋਂ ਦਾ ਮਹਿਜ 5% ਬਣਦੀ ਹੈ ਨੇ, ਹੁਣ ਤੱਕ 29% ਕਾਰਬਨ ਸਪੇਸ ਦੀ ਵਰਤੋਂ ਕਰ ਲਈ ਹੈ। ਬਾਕੀ ਸੰਸਾਰ ਦੀ 81% ਵਸੋਂ ਨੇ ਸਿਰਫ 27% ਹੀ ਕਾਰਬਨ ਨਿਕਾਸੀ ਕੀਤੀ ਹੈ।

ਸਨਅਤੀ ਯੁੱਗ ਦੇ ਸ਼ੁਰੂ ਵਿੱਚ ਵਾਯੂ-ਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ 250 ppm (parts per million) ਸੀ। ਵਿਗਿਆਨਕਾਂ ਦੀ ਰਾਏ ਅਨੁਸਾਰ ਜੇਕਰ ਧਰਤੀ ਦੇ ਤਾਪਮਾਨ ਦੇ ਵਾਧੇ ਨੂੰ 2 ਡਿਗਰੀ ਸੈਲਸੀਅਸ ਦੀ ਹੱਦ ਵਿੱਚ ਹੀ ਰੱਖਣਾ ਹੋਵੇ ਤਾਂ ਵੱਧ ਤੋਂ ਵੱਧ 450 ppm (parts per million) ਤੱਕ ਹੀ ਕਾਰਬਨ ਨਿਕਾਸੀ ਕੀਤੀ ਜਾ ਸਕਦੀ ਹੈ। ਜਿਸ ਵਿੱਚੋਂ ਕਾਫੀ ਹਿੱਸਾ ਹੁਣ ਤੱਕ ਵਰਤਿਆ ਜਾ ਚੁੱਕਿਆ ਹੈ। ਕਿਓਟੋ, ਕਾਪਨਹੈਗਨ ਅਤੇ ਹੁਣ ਕਾਨਕੁਨ ਜਿਹੇ ਸੰਮੇਲਨਾਂ ਦਾ

➣ ਬਾਕੀ ਸਫ਼ਾ 31 ’ਤੇ

# ਬਣਾਉਟੀ ਸੈੱਲ ਦੀ ਵਰਤੋਂ ਅਤੇ ਨੈਤਿਕਤਾ

**- ਸੰਨੀ**

ਪ੍ਰਸਿੱਧ ਜੀਵ-ਵਿਗਿਆਨੀ ਹਾਲਡੇਨ ਨੇ ਕਿਹਾ ਸੀ- "ਅਜਿਹੀ ਕੋਈ ਵੀ ਵੱਡੀ ਵਿਗਿਆਨਕ ਖ਼ੋਜ ਨਹੀਂ ਹੈ, ਭਾਵੇਂ ਉਹ ਅੱਗ ਦੀ ਖ਼ੋਜ ਹੋਵੇ ਜਾਂ ਉੱਡਣ ਦੀ, ਜਿਹੜੀ ਕਿਸੇ ਰੱਬ ਦੀ ਤੌਹੀਨ ਨਾ ਹੋਵੇ।" ਕ੍ਰੇਗ ਵੈਂਟਰ ਦੀ ਕੰਪਨੀ ਦੇ ਵਿਗਿਆਨੀਆਂ ਰਾਹੀਂ ਰਚੇ ਬਣਾਉਟੀ ਸੈੱਲ ਦੀ ਵਰਤੋਂ ਨੇ ਵੀ ਇਸ ਤੌਹੀਨ ਵਿੱਚ ਕਾਫ਼ੀ ਵਾਧਾ ਕੀਤਾ ਹੈ। ਪੂੰਜੀਵਾਦੀ ਮੀਡੀਆ ਆਪਣੇ ਰੱਬ ਦੀ ਤੌਹੀਨ ਤੋਂ ਕਾਫ਼ੀ ਨਾਰਾਜ਼ ਹੈ ਅਤੇ ਇਸੇ ਵਜ੍ਹਾ ਕਰਕੇ ਬੌਖਲਾ ਕੇ ਪ੍ਰਚਾਰ ਕਰ ਰਿਹਾ ਹੈ ਕਿ ਇਸ ਪ੍ਰਯੋਗ ਜ਼ਰੀਏ ਇਨਸਾਨ ਰੱਬ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਇਨਸਾਨ ਰੱਬ ਦੀ ਜਗ੍ਹਾ ਲੈ ਲਵੇਗਾ ਤਾਂ ਇਹ ਤਾਂ ਅਨੈਤਿਕਤਾ ਦੀ ਹੱਦ ਹੋਵੇਗੀ! ਇਸ ਸਮੱਸਿਆ ਦਾ ਟਾਕਰਾ ਈਸ਼ਵਰਵਾਦੀਆਂ ਨੂੰ ਹਰ ਵਿਗਿਆਨਕ ਤਰੱਕੀ ਵੇਲ਼ੇ ਕਰਨਾ ਪੈਂਦਾ ਹੈ। ਵਜ੍ਹਾ ਇਹ ਹੈ ਕਿ ਸੰਸਾਰ 'ਚ ਤਰਕ ਅਤੇ ਵਿਗਿਆਨ ਦਾ ਖੇਤਰਫ਼ਲ ਜਿਵੇਂ-ਜਿਵੇਂ ਹਰ ਕਾਢ ਨਾਲ਼ ਵਿਸਥਾਰਿਤ ਹੁੰਦਾ ਹੈ, ਰੱਬ ਦੀ ਜਗ੍ਹਾ ਛੋਟੀ ਹੁੰਦੀ ਜਾਂਦੀ ਹੈ। ਰੱਬ ਦਾ ਨਿਵਾਸ ਪ੍ਰਾਚੀਨਕਾਲ ਤੋਂ ਹੁਣ ਤੱਕ ਇੱਕ ਵਿਰਾਟ ਸਾਮਰਾਜ ਤੋਂ ਛੋਟਾ ਹੁੰਦੇ-ਹੁੰਦੇ ਅੱਜ ਇੱਕ ਮਕਾਨ ਤੱਕ ਪੁੱਜ ਗਿਆ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਅੱਜ ਦੇ ਪੂੰਜੀਵਾਦੀ ਸਮਾਜ 'ਚ ਵੀ ਧਰਮ ਦੀ ਵਿਚਾਰ ਕਰਨਯੋਗ ਮੌਜੂਦਗੀ ਬਣੀ ਹੋਈ ਹੈ। ਪਰ ਪ੍ਰਾਚੀਨ ਯੁੱਗ ਜਾਂ ਮੱਧਯੁੱਗ ਦੀ ਤਰ੍ਹਾਂ ਨਹੀਂ। ਧਰਮ ਵੱਧ ਤੋਂ ਵੱਧ ਇੱਕ ਇਹਲੌਕਿਕ ਵਰਤਾਰਾ ਬਣ ਚੁੱਕਿਆ ਹੈ। ਅਮੀਰਾਂ ਲਈ ਇਹਲੋਕ 'ਚ ਹੀ ਸਭ ਕੁੱਝ ਹਾਸਿਲ ਕਰ ਲੈਣ ਅਤੇ ਉਸ ਤੋਂ ਪੈਦਾ ਹੋਣ ਵਾਲ਼ੇ ਅਪਰਾਧ-ਬੋਧ ਤੋਂ ਨਿਜਾਤ ਹਾਸਿਲ ਕਰ ਲੈਣ ਦਾ ਜ਼ਰੀਆ; ਗਰੀਬਾਂ ਲਈ ਧਰਮ ਇੱਕ 'ਡਿਸਟਰੈੱਸ ਇੰਡਯੂਸਡ' ਵਰਤਾਰਾ ਹੈ। ਕੁੱਝ ਲੋਕ ਅਜਿਹੇ ਵੀ ਹਨ ਜਿਹੜੇ ਪੂੰਜੀਵਾਦੀ ਵਿਨਾਸ਼ ਅਤੇ ਤਬਾਹੀ ਕਰਕੇ ਪੂੰਜੀਵਾਦੀ ਪ੍ਰਬੰਧ ਦਾ ਬਦਲ ਭਵਿੱਖ 'ਚ ਨਾ ਵੇਖ ਕੇ ਅਤੀਤ ਦੇ ਕਿਸੇ ਆਦਰਸ਼ ਧਾਰਮਿਕ ਰਾਜ 'ਚ ਵੇਖਦੇ ਹਨ। ਕੁੱਲ ਮਿਲਾ ਕੇ ਧਰਮ ਦੀ ਹੋਂਦ-ਜੀ ਅਤੀਤ ਤੋਂ ਕਾਫ਼ੀ ਹੱਦ ਤੱਕ ਬਦਲ ਚੁੱਕੀ ਹੈ। ਇਹ ਪੂੰਜੀਵਾਦੀ ਬਜ਼ਾਰੂ ਸਮਾਜ ਦਾ ਪੂੰਜੀਵਾਦੀ ਬਜ਼ਾਰੂ ਧਰਮ ਹੈ। ਰੱਬ ਦੀ ਸੱਤ੍ਹਾ ਦਾ ਗਿਆਨ ਦੇ ਮਹਾਂਦੀਪ ਤੋਂ ਕਬਜ਼ਾ ਖ਼ਤਮ ਹੁੰਦਾ ਜਾ ਰਿਹਾ ਹੈ, ਇਹ ਇੱਕ ਯਥਾਰਥ ਹੈ। ਇਸ ਲਈ ਹਰ ਵਿਗਿਆਨਕ ਕਾਢ ਅਤੇ ਤਰੱਕੀ ਵੇਲੇ ਧਰਮ ਦੇ ਜੇਨੁਇਨ ਪੈਰੋਕਾਰਾਂ ਲਈ ਬਹੁਤ ਅਸੁਵਿਧਾਜਨਕ ਹਾਲਤ ਪੈਦਾ ਹੋ ਜਾਂਦੀ ਹੈ। ਕ੍ਰੇਗ ਵੈਂਟਰ ਦੇ ਪ੍ਰਯੋਗ ਨੇ ਵੀ ਇਸ ਪਦਾਰਥਕ ਸੰਸਾਰ 'ਚ ਰੱਬ ਦੇ ਮਕਾਨ ਨੂੰ ਹੋਰ ਛੋਟਾ ਕਰਨ ਦਾ ਹੀ ਕੰਮ ਕੀਤਾ ਹੈ। ਇਸ ਪ੍ਰਯੋਗ ਨਾਲ ਜੁੜੇ ਹੋਏ ਕਈ ਸਵਾਲ ਹਨ ਜਿਹੜੇ ਅਸਲ 'ਚ ਕਿਸੇ ਵੀ ਯੁਗ-ਪਲਟਾਊ ਵਿਗਿਆਨਕ ਕਾਢ ਨਾਲ ਪੈਦਾ ਹੁੰਦੇ ਹਨ।

ਇਹ ਪ੍ਰਯੋਗ ਵੀ ਪਦਾਰਥਵਾਦੀ ਫ਼ਲਸਫ਼ੇ ਦੀ ਪੁਸ਼ਟੀ ਕਰਦਾ ਹੈ ਕਿ ਕਿਵੇਂ ਜੀਵਨ ਪਦਾਰਥ ਦਾ ਹੀ ਇਕ ਗੁਣ ਹੈ ਜਿਹੜਾ ਕਿ ਖਾਸ ਹਾਲਤਾਂ 'ਚ ਪਦਾਰਥ 'ਚ ਜਨਮ ਲੈਂਦਾ ਹੈ। ਇਸੇ ਜੀਵਨ-ਭਰਪੂਰ ਪਦਾਰਥ 'ਚ ਚੇਤਨਾ ਜਨਮ ਲੈਂਦੀ ਹੈ। ਰਹੀ ਗੱਲ ਇਨਸਾਨ ਦੇ ਰੱਬ ਦੀ ਜਗ੍ਹਾ ਲੈਣ ਦੀ ਤਾਂ ਇਹ ਪ੍ਰਯੋਗ ਸਿਰਫ਼ ਇਹ ਪ੍ਰਗਟ ਕਰਦਾ ਹੈ ਕਿ ਕਿਵੇਂ ਜੀਵਨ ਕੋਈ ਜਾਦੂਮਈ ਕਰਿਸ਼ਮਾ ਜਾਂ ਰੱਬ ਦੀ ਮਾਇਆ ਨਹੀਂ ਸਗੋਂ ਇੱਕ ਖ਼ਾਸ ਵਿਗਿਆਨਿਕ ਗੁਣ ਹੈ ਜਿਹੜਾ ਕਿ ਰਸਾਇਣਿਕ, ਜੈਵਿਕ, ਬਿਜਲਈ ਅਤੇ ਹੋਰ ਪਦਾਰਥਕ ਕ੍ਰਿਆਵਾਂ ਰਾਹੀਂ ਸੰਚਾਲਿਤ ਹੁੰਦਾ ਹੈ। ਇੱਥੇ ਅਨੈਤਿਕ ਕੁਝ ਨਹੀਂ ਹੈ ਸਗੋਂ ਸਭ ਪਦਾਰਥਕ ਹੈ। ਇਹ ਧਾਰਮਿਕ ਕਲਮਘਸੀਟਾਂ ਦਾ ਬੁਖਲਾਹਟ ਹੈ ਜਿਹੜੇ ਤਰਕ ਖ਼ਤਮ ਹੋਣ 'ਤੇ ਸਿਰਫ਼ ਊਟ-ਪਟਾਂਗ ਬੋਲ ਕੇ ਲੋਕਾਂ ਨੂੰ ਰੱਬ ਤੋਂ ਡਰਾਉਣ ਦਾ ਯਤਨ ਕਰਦੇ ਹਨ ਅਤੇ ਦਸਦੇ ਹਨ ਕਿ ਜਦੋਂ ਵੀ ਇਨਸਾਨ ਰੱਬ ਬਣਨ ਦਾ ਯਤਨ ਕਰਦਾ ਹੈ ਤਾਂ ਪਰਲੋ ਆਉਂਦੀ ਹੈ, ਕਲਯੁੱਗ ਆਉਂਦਾ ਹੈ, ਤੀਜੀ ਅੱਖ ਖੁੱਲਦੀ ਹੈ ਵਗੈਰਾ-ਵਗੈਰਾ। ਬਣਾਵਟੀ ਸੈੱਲ ਦੇ ਪ੍ਰਯੋਗ 'ਚ ਲੈਬੋਰੇਟਰੀ 'ਚ ਬੋਤਲਬੰਦ ਰਸਾਇਣਾਂ ਨੂੰ ਅਨੁਕੂਲ ਹਾਲਤਾਂ ਅਤੇ ਸਹੀ ਮਿਕਦਾਰ 'ਚ ਮਿਲਾ ਕੇ ਜੀਵਨ ਦੀ ਸਭ ਤੋਂ ਛੋਟੀ ਇਕਾਈ ਸੈੱਲ ਦੇ ਜੀਨੋਮ ਨੂੰ ਤਿਆਰ ਕੀਤਾ ਜਾਂਦਾ ਹੈ। ਇਸੇ ਜੀਨੋਮ , ਜਿਸਨੂੰ ਕੰਪਿਊਟਰ ਰਾਹੀਂ ਡਿਜਾਇਨ ਕੀਤਾ ਗਿਆ ਹੈ,ਨੂੰ ਇਕ ਨਵੇ ਸੈੱਲ 'ਚ ਟਰਾਂਸਪਲਾਂਟ ਕੀਤਾ ਗਿਆ। ਇਹ ਸੈੱਲ ਨਵੇਂ ਜੀਨੋਮ ਦੀ ਸੰਰਚਨਾ ਦੇ ਹਿਸਾਬ ਨਾਲ ਆਪਣਾ ਪ੍ਰਤੀਕ੍ਰਿਤ ਬਣਾਉਣ 'ਚ ਸਫ਼ਲ ਰਿਹਾ। ਇਸ ਪ੍ਰਯੋਗ ਨੂੰ ਠੀਕ ਤਰ੍ਹਾਂ ਨਾਲ ਸਮਝਣ ਲਈ ਪਹਿਲਾ ਅਸੀਂ ਇਹ ਸਮਝ ਲਈਏ ਕਿ ਜੀਨੋਮ ਅਤੇ ਕ੍ਰੋਮੋਸੋਮ ਕੀ ਹੁੰਦੇ ਹਨ ? ਕ੍ਰੋਮੋਸੋਮ ਸੈੱਲ ਦੇ ਕੇਂਦਰਕ 'ਚ ਪਾਏ ਜਾਦੇ ਹਨ। ਇਨ੍ਹਾਂ ਦੇ ਹੀ ਅੰਦਰ ਡੀ.ਐਨ.ਏ ਦੇ ਤੰਤੂ ਇੱਕ ਪ੍ਰੋਟੀਨ ਨਾਲ ਬੱਝੇ ਹੋਏ ਹੁੰਦੇ ਹਨ। ਇਹ ਪ੍ਰੋਟੀਨ ਡੀ.ਐਨ.ਏ ਨੂੰ ਸਥਿਰ ਕਰਦਾ ਹੈ। ਮਨੁੱਖੀ ਸੈੱਲਾਂ 'ਚ 46 ਕ੍ਰੋਮੋਸੋਮ ਹੁੰਦੇ ਹਨ ਜਿਨ੍ਹਾਂ 'ਚ 23 ਮਾਦਾ ਤਾਂ 23 ਨਰ ਦੇ ਹੁੰਦੇ ਹਨ। ਡੀ.ਐਨ.ਏ 'ਚ 4 ਬੇਸ ਹੁੰਦੇ ਹਨ , ਜਿਸ 'ਚ ਹਰ ਬੇਸ ਇੱਕ ਸ਼ੂਗਰ ਫਾਸਫੇਟ ਨਾਲ ਜੁੜਿਆ ਹੁੰਦਾ ਹੈ ਅਤੇ ਪੂਰਾ ਡੀ.ਐਨ.ਏ ਇਨ੍ਹਾਂ ਨਾਲ ਹੀ ਬਣਿਆ ਹੁੰਦਾ ਹੈ।

ਵੱਖ-ਵੱਖ ਇਨਸਾਨਾਂ 'ਚ ਵੱਖ-ਵੱਖ ਬੇਸ ਸੀਰੀਜ ਹੁੰਦੀ ਹੈ, ਯਾਨੀ ਬੇਸ ਵੱਖ ਤਰ੍ਹਾਂ ਨਾਲ ਤਰਤੀਬ ਬੱਧ ਹੁੰਦੇ ਹਨ। ਕੁਝ ਚੁਣੀਆਂ ਹੋਈਆਂ ਬੇਸ ਸੀਰੀਜ਼ ਹੀ ਸਾਡੇ ਸਰੀਰ 'ਚ ਪ੍ਰੋਟੀਨ ਬਣਾਉਣ ਨੂੰ ਕੰਟਰੋਲ ਕਰਦੀਆਂ ਹਨ ਅਤੇ ਕੁਝ ਵੱਖਰੇ ਸਰੀਰਕ ਕਾਰਜਾਂ ਨੂੰ । ਕੁੱਝ ਚੋਣਵੀਆਂ ਬੇਸ ਸੀਰੀਜ਼ ਨੂੰ ਜੀਨਸ ਕਹਿੰਦੇ

ਹਨ। ਬਾਕੀ ਬਚੀਆਂ ਹੋਈਆਂ ਬੇਸ ਸੀਰੀਜ਼ ਅਤੇ ਜੀਨਸ ਨੂੰ ਜਦੋਂ ਮਿਲਾ ਕੇ ਪੜ੍ਹਿਆ ਜਾਂਦਾ ਹੈ ਤਾਂ ਉਸਨੂੰ ਜੀਨੋਮ ਸੀਕਵੈਂਸਿੰਗ ਕਹਿੰਦੇ ਹਨ। ਸਾਰੇ ਕ੍ਰੋਮੋਸੋਮ ਜਿਹੜੇ ਸੈੱਲ ਦੇ ਕੇਂਦਰਕ 'ਚ ਹੁੰਦੇ ਹਨ, ਉਨ੍ਹਾਂ ਨੂੰ ਮਿਲਾ ਕੇ ਜੀਨੋਮ ਕਹਿੰਦੇ ਹਨ। ਇਸ ਪ੍ਰਯੋਗ 'ਚ ਵਿਗਿਆਨੀਆਂ ਨੇ ਇੱਕ ਤਰ੍ਹਾਂ ਦੇ ਬੈਕਟੀਰੀਆ ਐੱਮ. ਮਾਈਸਾਇਡਸ ਦੇ ਜੀਨੋਮ ਨੂੰ ਕੰਪਿਊਟਰ ਨਾਲ਼ ਡਿਜ਼ਾਇਨ ਕੀਤਾ ਅਤੇ ਫਿਰ ਬਲੂ ਹਿਰੋਨ ਕੰਪਨੀ ਨੂੰ ਇਸ ਡਿਜ਼ਾਇਨ ਨਾਲ਼ ਬਣਾਵਟੀ ਜੀਨੋਮ ਬਣਾਉਣ ਨੂੰ ਦਿੱਤਾ। ਇਸ ਜੀਨੋਮ ਨੂੰ 3 ਪੜਾਵਾਂ 'ਚ ਤਿਆਰ ਕੀਤਾ ਗਿਆ। ਪਹਿਲਾਂ ਤਾਂ ਡੀ. ਐੱਨ. ਏ. ਦੀ 1080 ਬੀ ਪੀ (ਬੇਸ ਪੇਅਰ) ਲੰਮੀਆਂ ਕੈਸੇਟਾਂ ਨੂੰ ਰਸਾਇਣਾਂ ਰਾਹੀਂ ਲੈਬੋਰੇਟਰੀ 'ਚ ਬਣਾਇਆ ਗਿਆ। ਕੈਸੇਟ ਡੀ. ਐੱਨ. ਦੇ ਇੱਕ ਛੋਟੇ ਹਿੱਸੇ ਨੂੰ ਕਹਿੰਦੇ ਹਨ ਜਿਸ 'ਚ ਕਈ ਬੇਸ ਮੌਜੂਦ ਹੁੰਦੇ ਹਨ। ਇੱਕ ਬੀ. ਪੀ. ਡੀ. ਐੱਨ. ਏ. ਦੇ ਤੰਤੂਆਂ ਦੀ 3.4 ਐਂਗਸਟਰਾਂਗ (1 ਐਂਗਸਟਰਾਂਗ 0.000000001 ਮੀਟਰ ਦੇ ਬਰਾਬਰ ਹੁੰਦਾ ਹੈ) ਲੰਬਾਈ ਮਾਪਕ ਹੁੰਦਾ ਹੈ। ਦੂਜੇ ਪੜਾਅ 'ਚ ਲੈਬੋਰਟਰੀ 'ਚ ਬਣਾਏ ਗਏ ਕੈਸਟਾਂ ਨੂੰ ਯੀਸਟ ਦੇ ਸੈੱਲ ਕੇਂਦਰਕ 'ਚ ਪਾਇਆ ਜਾਂਦਾ ਹੈ, ਜਿੱਥੇ ਪਹਿਲਾਂ ਇਹ 10,080 ਬੀ ਪੀ ਲੰਮੇ ਟੁਕੜਿਆਂ 'ਚ ਜੁੜਦੇ ਹਨ ਅਤੇ ਫਿਰ ਕਈ ਹੋਰ ਕ੍ਰਿਆਵਾਂ ਮਗਰੋਂ ਬਣਾਵਟੀ ਜੀਨੋਮ ਨੂੰ ਯੀਸਟ ਨਾਲ਼ ਤਿਆਰ ਕਰ ਲਿਆ ਜਾਂਦਾ ਹੈ

ਇਸ ਬਣਾਵਟੀ ਜੀਨੋਮ ਨੂੰ ਫਿਰ ਇੱਕ ਦੂਜੇ ਬੈਕਟੀਰੀਆ ਐੱਮ. ਕ੍ਰੈਪੀਕੋਲਮ ਦੇ ਕੇਂਦਰਕ (ਜਿਸ 'ਚ ਉਸਦਾ ਜੀਨੋਮ ਕੱਢ ਦਿੱਤਾ ਗਿਆ ਸੀ) 'ਚ ਪਾ ਦਿੱਤਾ ਜਾਂਦਾ ਹੈ। ਇਹ ਸੈੱਲ ਹੁਣ ਨਵੇਂ ਜੀਨੋਮ ਅਨੁਸਾਰ ਕੰਮ ਕਰਦਾ ਹੈ। ਇਸ ਪ੍ਰਯੋਗ ਦੀ ਕਾਮਯਾਬੀ ਦਾ ਇਸ ਤੋਂ ਪਤਾ ਚੱਲਦਾ ਹੈ ਕਿ ਇਹ ਸੈੱਲ ਆਪਣੇ ਆਪ ਨੂੰ ਪ੍ਰਤੀਕ੍ਰਿਤ (Replicate) ਵੀ ਕਰਦਾ ਹੈ। ਇਹ ਨਵਾਂ ਸੈੱਲ ਗੁਣਾਂ 'ਚ ਕੁਦਰਤੀ ਐੱਮ. ਮਾਈਸਾਇਡਸ ਜਿਹਾ ਹੀ ਹੈ। ਕ੍ਰੇਗ ਵੈਂਟਰ ਦੇ ਗਰੁੱਪ ਨੇ ਇਸ ਨਵੇਂ ਸੈੱਲ ਨੂੰ 'ਬਣਾਵਟੀ ਸੈੱਲ' ਦੀ ਸੰਗਿਆ ਦਿੱਤੀ ਹੈ ਜਦੋਂ ਕਿ ਇਸ 'ਚ ਬਣਾਵਟੀ ਸਿਰਫ਼ ਜੀਨੋਮ ਹੈ। ਫਿਰ ਵੀ ਇਹ ਪ੍ਰਯੋਗ ਵਿਗਿਆਨ ਦੀ ਦੁਨੀਆ 'ਚ ਮੀਲ ਪੱਥਰ ਹੈ। ਇਸ ਪ੍ਰਯੋਗ ਦਾ ਨਿਚੋੜ ਕੱਢਦੇ ਹੋਏ ਕ੍ਰੇਗ ਵੈਂਟਰ ਦੇ ਗਰੁੱਪ ਦੇ ਮੁੱਖ ਵਿਗਿਆਨੀ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਭਵਿੱਖ 'ਚ ਅਜਿਹਾ ਜੀਨੋਮ ਬਣਾਉਣਾ ਹੈ ਜਿਹੜਾ ਸੈੱਲ ਦੇ ਘੱਟੋ- ਘੱਟ ਤੋਂ ਘੱਟੋ- ਘੱਟ ਕੰਮ ਕਰ ਸਕੇ। ਇਸ ਪ੍ਰਯੋਗ ਨੇ ਬਾਇਓਫਿਊਲ-ਪੈਦਾਵਾਰ ਅਤੇ ਮੈਡੀਕਲ ਸਾਇੰਸ 'ਚ ਨਵੇਂ ਅਯਾਮ ਖੋਲ੍ਹੇ ਹਨ। ਇਸ ਤਕਨੀਕ ਦੀ ਵਰਤੋਂ ਐਲਗੀ (algae) ਤੋਂ ਬਾਇਓਫਿਊਲ ਉਤਪਾਦਨ ਵਧਾਉਣ ਲਈ ਕੀਤੀ ਜਾਵੇਗੀ। ਐਕਜਾਨ ਕੰਪਨੀ ਨੇ ਇਸ ਪ੍ਰਯੋਗ 'ਤੇ 600 ਮਿਲੀਅਨ ਡਾਲਰ ਤੱਕ ਖਰਚ ਕਰਨ ਦੀ ਗੱਲ ਕਹੀ ਹੈ। ਕ੍ਰੇਗ ਵੈਂਟਰ ਨੇ ਕਿਹਾ ਕਿ "ਐਲਗੀ ਜੀਨੋਮ 'ਚ ਇਸਦੀ ਗ੍ਰੋਥ ਦੇ 50-60 ਪੈਰਾਮੀਟਰ ਨੂੰ ਬਦਲ ਕੇ Superproductive organism ਬਣਾਏ ਜਾ ਸਕਦੇ ਹਨ।" ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਐਲਗੀ ਨਾਲ਼ ਬਣਨ ਵਾਲ਼ਾ ਬਾਇਓਫਿਊਲ ਸਿਰਫ਼ ਤਿੰਨ ਡਾਲਰ ਪ੍ਰਤੀ ਗੈਲਨ ਤੱਕ ਬਿਕੇਗਾ। ਇਹੀ ਮੁਨਾਫ਼ਾ ਇਸ ਪ੍ਰਯੋਗ ਨੂੰ ਅੱਗੇ ਵਧਾ ਰਿਹਾ ਹੈ। ਇੱਕ ਪਾਸੇ ਅਸੀਂ ਇਸ ਵਿਗਿਆਨਕ ਪ੍ਰਯੋਗ ਦੇ ਯੁੱਗਪਲਟਾਊ ਹੋਣ 'ਤੇ ਕੋਈ ਸਵਾਲ ਨਹੀਂ ਕਰ ਰਹੇ ਹਾਂ ਪਰ ਇਹ ਵੀ ਇੱਕ ਤੱਥ ਹੈ ਕਿ ਆਮ ਤੌਰ 'ਤੇ ਕਿਸੇ ਵਿਗਿਆਨਕ ਪ੍ਰਯੋਗ 'ਚ ਇੰਨੇ ਵੱਡੇ ਪੈਮਾਨੇ 'ਤੇ ਨਿਵੇਸ਼ ਤਦ ਕੀਤਾ ਜਾਂਦਾ ਹੈ ਜਦੋਂ ਉਸਦੀ ਕੋਈ ਮੁਨਾਫ਼ਾ ਪੈਦਾ ਕਰਨ ਦੀ ਸੰਭਾਵਨਾ-ਸੰਪੰਨਤਾ ਹੋਵੇ। ਇਸਦੀਆਂ ਕੁੱਝ ਛੋਟਾਂ ਹੋ ਸਕਦੀਆਂ ਹਨ, ਪਰ ਉਹ ਨਿਯਮ ਨੂੰ ਹੀ ਸਿੱਧ ਕਰਦੀਆਂ ਹਨ।

ਪਰ ਕੁੱਝ ਬੁੱਧੀਜੀਵੀ ਅਜਿਹੇ ਵੀ ਹਨ ਜਿਹੜੇ ਰੱਬ-ਰੱਖਿਆ ਨੂੰ ਲੈ ਕੇ ਚਿੰਤਤ ਨਹੀਂ ਹਨ ਪਰ ਫਿਰ ਵੀ ਇਸ ਟੈਕਨੋਲਾਜੀ ਦੀ ਵਰਤੋਂ ਅਤੇ ਇਸ ਪ੍ਰਯੋਗ ਨੂੰ ਵੀ ਪੂਰੀ ਤਰ੍ਹਾਂ ਬੰਦ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪ੍ਰਯੋਗ ਤੋਂ ਨਿਕਲਣ ਵਾਲ਼ੇ ਨਤੀਜਿਆਂ ਦੀ ਵਰਤੋਂ ਕਰਨ ਨਾਲ਼ ਅਜਿਹੇ ਹਥਿਆਰ ਬਣ ਸਕਦੇ ਹਨ ਜਿਹੜੇ ਕਿ ਮਨੁੱਖ ਜਾਤੀ ਲਈ ਖ਼ਤਰਨਾਕ ਹਨ। ਇਹ ਬੁੱਧੀਜੀਵੀ ਜੰਗਾਂ 'ਚ ਇਹਨਾਂ ਹਥਿਆਰਾਂ ਵਿਰੁੱਧ ਹਨ ਅਤੇ ਇਸ ਲਈ ਇਸ ਟੈਕਨਾਲੋਜੀ 'ਤੇ ਰੋਕ ਲਗਾਉਣ ਦੀ ਮੰਗ ਕਰਦੇ ਹਨ। ਉਨ੍ਹਾਂ ਦਾ ਇਹ ਵਿਰੋਧ ਪਰਮਾਣੂ ਸ਼ਕਤੀ ਦੀ ਵਰਤੋਂ ਨੂੰ ਬੰਦ ਕਰਨ ਦੀ ਮੰਗ ਦੇ ਸਮਾਂਤਰ ਹੈ। ਇਹ ਬੁਧੀਜੀਵੀ ਇੱਕ ਸ਼ਾਂਤੀਵਾਦੀ, ਅਤੀਤਮੁਖੀ ਅਤੇ ਰੋਮਾਂਟਿਕ ਜ਼ਮੀਨ 'ਤੇ ਖੜ੍ਹੇ ਹੋ ਕੇ ਹਰ ਅਗਾਂਹ-ਵਧੂ ਕਦਮ ਨੂੰ ਸ਼ੰਕਾ ਨਾਲ਼ ਵੇਖਦੇ ਹਨ। ਉਨ੍ਹਾਂ ਦਾ ਇਹ ਡਰ ਪੂਰੀ ਤਰ੍ਹਾਂ ਗ਼ੈਰ-ਤਾਰਕਿਕ ਹੈ, ਅਜਿਹਾ ਨਹੀਂ ਹੈ। ਪੂੰਜੀਵਾਦੀ ਸਭਿਅਤਾ ਅਤੇ ਸਮਾਜ 'ਚ ਹਾਕਮ ਜਮਾਤ ਹਰ ਵਿਗਿਆਨਕ ਤਰੱਕੀ ਦਾ ਇਸਤੇਮਾਲ ਆਪਣੇ ਮੁਨਾਫੇ ਨੂੰ ਵਧਾਉਣ ਅਤੇ ਉਸਨੂੰ ਸੁਰੱਖਿਅਤ ਰੱਖਣ ਵਾਲੇ ਹਥਿਆਰਾਂ ਦੇ ਵਿਆਪਕ ਤਾਣੇ- ਬਾਣੇ ਨੂੰ ਉੱਨਤ ਕਰਨ ਲਈ ਕਰਦੀ ਹੈ। ਨਤੀਜੇ ਵਜੋਂ, ਅਜਿਹਾ ਹਰ ਵਿਗਿਆਨਕ ਪ੍ਰਯੋਗ ਅਤੇ ਖ਼ੋਜ ਜਿਸਦੀ ਵਰਤੋਂ ਪੂਰੀ ਮਨੁੱਖ ਜਾਤੀ ਦੀ ਕੁੱਲ ਤਰੱਕੀ ਲਈ ਕੀਤੀ ਜਾ ਸਕਦੀ ਸੀ, ਉਸਦੀ ਵਰਤੋਂ ਅਸਲ 'ਚ ਅੱਜ ਮਨੁੱਖ ਜਾਤੀ ਦੇ ਵਿਨਾਸ਼ ਲਈ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ 'ਤੇ, ਪਰਮਾਣੂ ਊਰਜਾ ਦੇ ਸੁਰੱਖਿਅਤ ਪ੍ਰਯੋਗ ਦੇ ਰਾਹ ਲੱਭਣ 'ਚ ਨਿਵੇਸ਼ ਕਰਨ ਦੀ ਬਜਾਏ ਉਸ ਨਾਲ਼ ਬੰਬ ਬਣਾਉਣ ਅਤੇ ਕਰੋੜਾਂ- ਕਰੋੜ ਲੋਕਾਂ ਦਾ ਕਤਲੇਆਮ ਕਰਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰਸਾਇਣਿਕ ਪ੍ਰਯੋਗਾਂ ਦੀ ਵਰਤੋਂ ਸਾਰੀਆਂ ਬਿਮਾਰੀਆਂ ਦਾ ਹੱਲ ਲੱਭਣ ਦੀ ਬਜਾਏ ਹਥਿਆਰ ਬਣਾਉਣ ਲਈ ਕੀਤੀ ਜਾਂਦੀ ਹੈ। ਪਰ ਇਹ ਸੋਚਣਾ ਵੱਧ ਤੋਂ ਵੱਧ ਨਾਦਾਨੀ ਹੈ ਕਿ ਇੱਥੇ ਪਰੇਸ਼ਾਨੀ ਵਿਗਿਆਨਕ ਪ੍ਰਯੋਗਾਂ ਜਾਂ ਵਿਗਿਆਨ ਦੀ ਤਰੱਕੀ ਨਾਲ਼ ਹੈ। ਵਿਗਿਆਨ ਦੀ ਕਿਸੇ ਪ੍ਰਾਪਤੀ ਦੀ ਵਰਤੋਂ ਮਨੁੱਖਾਂ ਦੇ ਜੀਵਨ ਨੂੰ ਵੱਧ ਤੋਂ ਵੱਧ ਸੁੰਦਰ ਅਤੇ ਵੰਨਸੁਵੰਨਾ ਬਣਾਉਣ ਲਈ ਕੀਤੀ ਜਾਵੇਗੀ ਜਾਂ ਫਿਰ ਮਨੁੱਖ ਜਾਤੀ ਦੇ ਹੀ ਵਿਨਾਸ਼ ਲਈ, ਇਹ ਉਸ ਢਾਂਚੇ 'ਤੇ ਨਿਰਭਰ ਕਰਦਾ ਹੈ ਜਿਸ ਦੇ ਤਹਿਤ ਅਸੀਂ ਜਿਊਂਦੇ ਹਾਂ। ਵਿਗਿਆਨ ਦੇ ਵਿਕਾਸ ਦੇ ਅੱਜ ਦੇ ਪੱਧਰ 'ਤੇ ਕੋਈ ਵਿਗਿਆਨੀ ਇਕੱਲਾ ਆਪਣੇ ਘਰ ਬਹਿ ਕੇ ਸਿਧਾਂਤਕ ਵਿਗਿਆਨ ਦੀ ਤਰੱਕੀ 'ਚ ਯੋਗਦਾਨ ਤਾਂ ਦੇ ਸਕਦਾ ਹੈ ਪਰ

ਉਸਦੀ ਵਰਤੋਂ ਸਬੰਧੀ ਅਯਾਮਾਂ ਨੂੰ ਵਿਕਸਿਤ ਕਰਨ ਅਤੇ ਲਾਗੂ ਕਰਨ ਦਾ ਕੰਮ ਵੱਡੇ ਪੈਮਾਨੇ 'ਤੇ ਸੰਸਥਾਬੱਧ ਯਤਨ ਅਤੇ ਨਿਵੇਸ਼ ਦੇ ਦਮ 'ਤੇ ਹੀ ਸੰਭਵ ਹੈ। ਯਾਣੀ ਕਿ ਪੂਰਾ ਪ੍ਰਬੰਧ ਵਿਗਿਆਨ ਦੀ ਅਗਾਂਹਵਧੂ ਵਰਤੋਂ ਦੀ ਵਕਾਲਤ ਕਰਦਾ ਹੋਵੇ, ਤਦ ਤਾਂ ਵਿਗਿਆਨ ਦੀ ਅਗਾਂਹਵਧੂ ਭੂਮਿਕਾ ਦੀ ਵੱਧ ਤੋਂ ਵੱਧ ਗਰੰਟੀ ਕੀਤੀ ਜਾ ਸਕਦੀ ਹੈ। ਪਰ ਜੇਕਰ ਪੂਰਾ ਢਾਂਚਾ ਨਿੱਜੀ ਮਾਲਕੀ, ਨਿੱਜੀ ਮੁਨਾਫੇ, ਗਲ਼ਾਵੱਢ ਅੰਨ੍ਹੇ-ਮੁਕਾਬਲੇ, ਗ਼ੈਰ-ਮਨੁੱਖੀ ਲੁੱਟ ਅਤੇ ਝੂਠ 'ਤੇ ਅਧਾਰਿਤ ਹੋਵੇ ਤਾਂ ਨਿਸ਼ਚਿਤ ਰੂਪ ਨਾਲ਼ ਵਿਗਿਆਨ ਦੀ ਹਰ ਖੋਜ ਦੀ ਵਰਤੋਂ ਵੀ ਵੱਧ ਤੋਂ ਵੱਧ ਮਾਮਲਿਆਂ 'ਚ ਮਨੁੱਖ-ਦੋਖੀ ਉਦੇਸ਼ਾਂ 'ਚ ਹੀ ਕੀਤੀ ਜਾਵੇਗੀ। ਇਸ ਲਈ ਇਹ ਮਨੁੱਖਤਾਵਾਦੀ, ਸ਼ਾਂਤੀਵਾਦੀ ਬੁੱਧੀਜੀਵੀ ਇਹ ਨਹੀਂ ਸਮਝ ਸਕਦੇ ਕਿ ਇੱਥੇ ਸਵਾਲ ਢਾਂਚੇ ਦਾ ਹੈ, ਨਾ ਕਿ ਆਪਣੇ ਆਪ 'ਚ ਵਿਗਿਆਨ ਦੇ ਚੰਗੇ ਜਾਂ ਬੁਰੇ ਹੋਣ ਦਾ। ਉਸਤਰੇ ਨਾਲ਼ ਹਜ਼ਾਮਤ ਬਣੇਗੀ ਜਾਂ ਹਜ਼ਾਮਤ ਹੀ ਬਣ ਜਾਵੇਗੀ( !) ਇਹ ਇਸ ਗੱਲ ਨਾਲ਼ ਤੈਅ ਹੋਵੇਗਾ ਕਿ ਉਹ ਬੰਦਰ ਦੇ ਹੱਥ 'ਚ ਹੈ ਜਾਂ ਮਨੁੱਖ ਦੇ ਹੱਥ 'ਚ! ਇਸ ਲਈ ਇੱਥੇ ਸਵਾਲ ਨਵੀਂ ਟੈਕਨੋਲਾਜੀ ਨੂੰ ਹਟਾਉਣ ਦਾ ਨਹੀਂ ਸਗੋਂ ਹਥਿਆਰਾਂ ਨੂੰ ਹਟਾਉਣ ਦਾ ਹੈ। ਪਰ ਹਥਿਆਰਾਂ ਦਾ ਪ੍ਰਯੋਗ ਹੋਵੇ, ਇਹ ਇਸ ਢਾਂਚੇ ਦੀ ਬੁਨਿਆਦੀ ਤਾਕਤ ਹੈ। ਨਾਲ਼ੇ ਹਰ ਨਵੀਂ ਟੈਕਨਾਲਾਜੀ ਨੂੰ ਇਹ ਢਾਂਚਾ ਨਵੇਂ ਹਥਿਆਰ ਬਣਾਉਣ ਅਤੇ ਜੰਗਾਂ 'ਚ ਵਰਤੋਂ ਕਰਨ ਲਈ ਵਰਤਦਾ ਹੈ। ਸਵਾਲ ਨਿਊਕਲੀਅਰ ਵਿਗਿਆਨ ਜਾਂ ਜੀਨੋਮ ਕੋਡਿੰਗ ਦਾ ਨਹੀਂ ਸਗੋਂ ਇਸ ਪ੍ਰਬੰਧ ਦਾ ਹੈ ਜਿਹੜਾ ਇਨ੍ਹਾਂ ਦੀ ਵਰਤੋਂ ਕਰਦਾ ਹੈ। ਤੁਸੀਂ ਪ੍ਰਾਚੀਨ ਸਮਾਜ ਦੀ ਟੈਕਨੋਲਾਜੀ ਦਾ ਪ੍ਰਯੋਗ ਕਰੋ ਤਦ ਵੀ ਇਹ ਪ੍ਰਬੰਧ ਉਸਦੀ ਵਿਨਾਸ਼ਕਾਰੀ ਕਾਰਜਾਂ 'ਚ ਹੀ ਵਰਤੋਂ ਕਰੇਗਾ। ਪੂੰਜੀਵਾਦੀ ਪ੍ਰਬੰਧ ਅੰਦਰ ਪੂੰਜੀ ਦੇ ਅਰਾਜਕ ਨਿਯਮ ਲਾਗੂ ਹੁੰਦੇ ਹਨ ਜਿੱਥੇ ਮਨੁੱਖਾਂ ਦਰਮਿਆਨ ਸਬੰਧ ਹੀ ਸਹਿਜੀਵੀ (ਸਿੰਬਾਇਓਟਿਕ) ਨਹੀਂ ਹਨ ਤਾਂ ਕੁਦਰਤ ਨਾਲ਼ ਸਹਿਜੀਵੀ ਰਿਸ਼ਤਾ ਇਹ ਪ੍ਰਬੰਧ ਕਿਵੇਂ ਰੱਖ ਸਕਦਾ ਹੈ? ਇਨ੍ਹਾਂ ਬੁੱਧੀਜੀਵੀਆਂ ਦਾ ਪੂਰਾ ਨਜ਼ਰੀਆ ਅਤੀਤਮੁਖੀ ਹੈ।

ਬੁੱਧੀਜੀਵੀਆਂ ਦਾ ਇੱਕ ਖੇਮਾ ਅਜਿਹਾ ਵੀ ਹੈ ਜਿਹੜਾ ਸਰਮਾਏਦਾਰਾਂ ਦੀਆਂ ਸੁੱਟੀਆਂ ਰੋਟੀਆਂ 'ਤੇ ਪਲ਼ਦਾ ਹੈ, ਜਿਸਨੇ ਇਸ ਪ੍ਰਯੋਗ ਦੇ ਉਸ ਸਮੇਂ ਤੱਕ ਤੁਰੰਤ ਬੰਦ ਹੋਣ ਦੀ ਮੰਗ ਕੀਤੀ ਹੈ ਜਦੋਂ ਤੱਕ ਇਹ ਪੂਰੀ ਤਰ੍ਹਾਂ ਰਾਜ ਰਾਹੀਂ ਰੈਗੂਲੇਟਡ ਨਾ ਹੋ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਕੁੱਝ ਗਲਤ ਤਾਕਤਾਂ ਇਸਦੀ ਤਕਨੀਕ ਦੀ ਵਰਤੋਂ ਜੈਵਿਕ ਹਥਿਆਰ ਬਣਾਉਣ 'ਚ ਕਰ ਸਕਦੀਆਂ ਹਨ ਅਤੇ ਮਨੁੱਖੀ ਜੀਵਨ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਪਰ ਅਸਲੀ ਚਿੰਤਾ ਇਹ ਨਹੀਂ ਹੈ। ਇਸਦਾ ਅਰਥ ਇਹ ਹੈ ਕਿ ਇਸ ਟੈਕਨੋਲਾਜੀ ਨਾਲ਼ ਲੋਕਾਂ ਦਾ ਕਤਲੇਆਮ ਕਰਨ ਦੇ ਹੱਕ 'ਤੇ ਸਾਮਰਾਜਵਾਦੀ ਸਰਕਾਰਾਂ ਅਤੇ ਰਾਜ ਦੀ ਇਜ਼ਾਰੇਦਾਰੀ ਹੋਵੇ। ਇਹ ਬੁੱਧੀਜੀਵੀ ਉਸ ਸਾਮਰਾਜਵਾਦ ਨੂੰ ਇੰਨਾ ਜਿੰਮੇਦਾਰ ਮੰਨਦੇ ਹਨ ਜਿਸ ਨੇ ਹਰ ਟੈਕਨੋਲਾਜੀ ਦੀ ਮੁਨਾਫ਼ੇ ਲਈ, ਕਤਲੋਗਾਰਤ ਕਰਨ ਲਈ ਵਰਤੋਂ ਕੀਤੀ ਹੈ। ਕੀ ਅਸੀਂ ਨਾਗਾਸਾਕੀ ਅਤੇ ਹੀਰੋਸ਼ਿਮਾ ਨੂੰ ਭੁੱਲ ਗਏ ਹਾਂ? ਕੀ ਭੋਪਾਲ ਸਾਡੀ ਯਾਦਾਸ਼ਤ 'ਚੋਂ ਮਿਟ ਗਿਆ ਹੈ? ਕੀ ਵੀਅਤਨਾਮ 'ਚ ਏਜੈਂਟ ਔਰੇਂਜ ਨਾਲ਼ ਮਚਾਈ ਗਈ ਤਬਾਹੀ ਭੁਲਾਈ ਜਾ ਚੁੱਕੀ ਹੈ? ਕੀ ਇਰਾਕ ਅਤੇ ਅਫ਼ਗਾਨਿਸਤਾਨ 'ਚ ਸਟੈਲਥ ਬੰਬਾਰਾਂ ਰਾਹੀਂ ਅਣਗਿਣਤ ਨਾਗਰਿਕਾਂ ਦੇ ਕਤਲ ਨੂੰ ਅਸੀਂ ਨਜ਼ਰਅੰਦਾਜ ਕਰ ਸਕਦੇ ਹਾਂ? ਇਸ "ਜਿੰਮੇਵਾਰ" ਪੂੰਜੀਵਾਦੀ ਪ੍ਰਬੰਧ ਨੇ ਵੀ ਹੁਣ ਤੱਕ ਵਿਗਿਆਨ ਅਤੇ ਟੈਕਨੋਲਾਜੀ ਦੀ ਕਿਹੋ ਜਿਹੀ ਵਰਤੋਂ ਕਰ ਲਈ ਹੈ? ਇਸ ਲਈ ਇਹ ਧਾਰਮਿਕ ਕੱਟੜਵਾਦੀਆਂ ਦਹਿਸ਼ਤਗਰਦਾਂ ਦੀ ਦਹਿਸ਼ਤ ਨਾਲੋਂ ਰਾਜ ਰਾਹੀਂ ਫੈਲਾਈ ਜਾ ਰਹੀ ਦਹਿਸ਼ਤ 'ਚ ਕੀ ਭਿੰਨਤਾ ਹੈ? ਭਿੰਨਤਾ ਇਹ ਹੈ ਕਿ ਰਾਜ ਦੀ ਦਹਿਸ਼ਤ ਸੰਸਥਾਬੱਧ ਅਤੇ ਵੱਧ ਸੰਘਣੀ ਅਤੇ ਵਿਆਪਕ ਹੈ। ਇਹ ਸਾਡੇ ਜੀਵਨ 'ਚ ਘਟਨਾ ਦੇ ਰੂਪ 'ਚ ਮੌਜੂਦ ਨਹੀਂ ਹੈ। ਇਹ ਸਾਡੇ ਨਿੱਤ- ਦਿਨ ਦੇ ਜੀਵਨ ਦਾ ਇੱਕ ਬੁਨਿਆਦੀ ਤੱਥ ਹੈ। ਰਾਜ ਦੀ ਦਹਿਸ਼ਤ ਜੇਕਰ ਵਿਗਿਆਨ ਅਤੇ ਟੈਕਨੋਲਾਜੀ ਦੀ ਵਿਨਾਸ਼ਕਾਰੀ ਵਰਤੋਂ ਕਰੇ ਤਾਂ ਉਹ ਵਰਤੋਂ ਪਵਿੱਤਰ ਹੋ ਜਾਂਦੀ ਹੈ। ਕਿਉਂਕਿ ਇਹੀ ਰਾਜ ਦੀ ਗਲਬਾਕਾਰੀ ਪ੍ਰਣਾਲੀ, ਜਿਸਦਾ ਅੰਗ ਇਹ ਸਭ ਬੁੱਧੀਜੀਵੀ ਵੀ ਹਨ, ਦਾ ਸਰੂਪ ਹੈ ਜਿਹੜਾ ਸਾਨੂੰ ਉਹ ਯਕੀਨ ਦਿਵਾਉਂਦਾ ਹੈ ਜਿਹੜਾ ਉਹ ਦਿਵਾਉਣਾ ਚਾਹੁੰਦੀ ਹੈ। ਲੁੱਟ ਅਤੇ ਵਿਨਾਸ਼ ਦਾ ਕਾਨੂੰਨੀਕਰਨ! ਇਹ ਸਾਰੀ ਚਿੰਤਾ ਅਤੇ ਨੈਤਿਕਤਾ ਦੀਆਂ ਗੱਲਾਂ ਦਰਅਸਲ ਇਨ੍ਹਾਂ ਕਲਮਘਸੀਟੂ ਬੁੱਧੀਜੀਵੀਆਂ ਅਤੇ ਐੱਨ. ਜੀ. ਓ. ਗਰੁੱਪਾਂ ਦੀ ਆਪਣੇ ਸਰਮਾਏਦਾਰ ਮਾਲਕਾਂ ਵੱਲ ਵਫ਼ਾਦਾਰੀ ਹੈ। ਇਨ੍ਹਾਂ ਦੀ ਨੈਤਿਕਤਾ ਇਸ ਪ੍ਰਬੰਧ ਦੇ ਦਾਇਰੇ ਤੱਕ, ਯਾਣੀ ਮੁਨਾਫ਼ੇ ਦੇ ਦਾਇਰੇ ਤੱਕ ਸੀਮਤ ਹੈ। ਉਂਞ ਤਾਂ ਨੈਤਿਕਤਾ ਦੀ ਉਮੀਦ ਇਸ ਅਨੈਤਿਕ, ਪਤਨਸ਼ੀਲ ਅਤੇ ਅਯੋਗ ਢਾਂਚੇ ਤੋਂ ਰੱਖਣਾ ਆਪਣੇ-ਆਪ 'ਚ ਬੇਵਕੂਫ਼ੀ ਹੈ। ਜਿੱਥੇ ਹਰ ਸਾਲ ਲੱਖਾਂ ਲੋਕ ਸਾਮਰਾਜਵਾਦੀ ਜੰਗਾਂ 'ਚ ਮੁਨਾਫ਼ੇ ਦੀ ਭੇਂਟ ਚੜ੍ਹ ਜਾਂਦੇ ਹੋਣ, ਜਿੱਥੇ ਹਰ ਵਰ੍ਹੇ ਕੁਦਰਤੀ ਆਫ਼ਤਾਂ ਨਾਲ਼ ਤਬਾਹੀ ਮਚਣ ਦਿੱਤੀ ਜਾਂਦੀ ਹੋਵੇ, ਉੱਥੇ ਨੈਤਿਕ ਉਹੀ ਹੈ ਜਿਹੜੀ ਇਸ ਪ੍ਰਬੰਧ ਦੇ ਹੱਕ 'ਚ ਹੈ। ਇਸ ਪ੍ਰਬੰਧ ਦੀ ਨੀਂਹ ਹੀ "ਸ਼ੋਸ਼ਲ ਡਾਰਵਿਨਿਜ਼ਮ" ਹੈ, ਯਾਣੀ ਜਦੋਂ ਮੌਕਾ ਮਿਲੇ ਦੂਜੇ ਦੀ ਸੰਘੀ ਘੁੱਟ ਕੇ ਅਗਾਂਹ ਵਧੋ! ਇਸ ਗਲ਼ਾ- ਵੱਢ ਮਾਹੌਲ ਦੇ ਦਾਇਰੇ 'ਚ ਕਈ ਕਲਮਘੜੀਸ ਆਪਣੇ ਪ੍ਰਬੰਧ ਦੇ ਹੱਕ 'ਚ ਨੈਤਿਕਤਾ ਦਾ ਬਿਗੁਲ ਵਜਾਉਂਦੇ ਰਹਿੰਦੇ ਹਨ।

ਇੱਕ ਹੋਰ ਗੱਲ ਇਸ ਪ੍ਰਯੋਗ ਦੇ ਮਨੁੱਖ ਜਾਤੀ ਲਈ ਲਾਭਦਾਇਕ ਹੋਣ ਨੂੰ ਲੈ ਕੇ ਕਹੀ ਜਾ ਰਹੀ ਹੈ। ਦਰਅਸਲ ਇਹ ਵੀ ਖੋਖਲੀ ਗੱਲ ਹੈ। ਵਿਗਿਆਨ ਭਾਵੇਂ ਕਿੰਨਾ ਵੀ ਵਿਕਾਸ ਕਰ ਲਵੇ, ਭਾਵੇਂ ਕਿੰਨੀ ਵੀ ਬਿਹਤਰ ਤਕਨੀਕ ਈਜਾਦ ਕਰ ਲਵੇ, ਉਹ ਇਸ ਪ੍ਰਬੰਧ ਦੇ ਰਹਿੰਦੇ ਸਮੁੱਚੀ ਮਨੁੱਖ ਜਾਤੀ ਨੂੰ ਲਾਭ ਨਹੀਂ ਪਹੁੰਚਾ ਸਕਦਾ। ਇਹ ਪ੍ਰਬੰਧ ਅੱਜ ਬਹੁ-ਗਿਣਤੀ ਵਸੋਂ ਦੀ ਗਰੀਬੀ, ਬੇਰੁਜ਼ਗਾਰੀ ਅਤੇ ਭੁੱਖਮਰੀ 'ਤੇ ਟਿਕਿਆ ਹੋਇਆ ਹੈ। ਕਿੰਨੇ ਵੀ ਕਾਰਗਰ ਬਾਇਓਫਿਊਲ ਬਣਨ, ਕਿੰਨੀਆਂ ਵੀ ਬਿਹਤਰ ਦਵਾਈਆਂ ਬਣਨ, ਪਰ ਇਹ ਇਸ ਪ੍ਰਬੰਧ ਅੰਦਰ ਆਮ ਲੋਕਾਂ ਦੀ ਹਾਲਤ 'ਚ ਬਦਲਾਅ ਨਹੀਂ ਲਿਆ ਸਕਦੀਆਂ। ਵਿਗਿਆਨ ਨੂੰ ਇਸ ਪ੍ਰਬੰਧ ਅੰਦਰ ਆਮ ਤੌਰ 'ਤੇ ਪੂੰਜੀ ਦੀ ਚਾਕਰੀ ਅਤੇ ਵੱਧ ਤੋਂ

➣ **ਬਾਕੀ ਸਫ਼ਾ 32 'ਤੇ**

# ਵਿਗਿਆਨ ਦਾ ਮਹਾਂਮਾਨਵ - ਚਾਰਲਸ ਡਾਰਵਿਨ

- ਡਾ. ਅੰਮ੍ਰਿਤ

ਚਾਰਲਸ ਡਾਰਵਿਨ ਭਾਵੇਂ ਵਿਗਿਆਨ ਦੀ ਇਕ ਸ਼ਾਖਾ ਜੀਵ-ਵਿਗਿਆਨ ਨਾਲ਼ ਸਬੰਧਤ ਸੀ ਪਰ ਉਸ ਦੀਆਂ ਖੋਜਾਂ ਅਤੇ ਸਿਧਾਤਾਂ ਨੇ ਪੂਰੀ ਮਨੁੱਖਤਾ ਨੂੰ ਪ੍ਰਭਾਵਿਤ ਕੀਤਾ। ਉਸ ਨੇ ਮਨੁੱਖ ਦੇ ਦੁਨੀਆਂ ਨੂੰ ਦੇਖਣ ਦੇ ਨਜ਼ਰੀਏ ਨੂੰ ਸਦਾ ਲਈ ਬਦਲ ਦਿੱਤਾ। ਉਸ ਦੇ ਸਿਧਾਤਾਂ ਨੇ ਬਣੀਆਂ ਹੋਈਆਂ ਧਾਰਨਾਵਾਂ ਨੂੰ ਤੋੜਕੇ ਰੱਖ ਦਿੱਤਾ, ਇਹੀ ਕਾਰਨ ਹੈ ਕਿ ਉਸ ਦੀ ਮੌਤ ਤੋਂ ਸਵਾ ਸੌ ਸਾਲ ਬਾਅਦ ਵੀ ਉਸ ਦੇ ਪ੍ਰਸ਼ੰਸਕਾਂ ਅਤੇ ਕੱਟੜ ਵਿਰੋਧੀਆਂ ਵਿੱਚ ਕੋਈ ਕਮੀ ਨਹੀਂ ਆਈ।

ਜੀਵ ਵਿਕਾਸ ਦੇ ਸਿਧਾਂਤ ਦੇ ਨਿਰਮਾਤਾ, ਚਾਰਲਸ ਡਾਰਵਿਨ ਦਾ ਜਨਮ 12 ਫਰਵਰੀ, 1809 ਨੂੰ ਇੰਗਲੈਂਡ ਦੇ ਸ਼ਹਿਰ ਸਰਿਉਸਬਰੀ ਵਿੱਚ ਹੋਇਆ। ਪਿਤਾ ਦੀ ਇੱਛਾ ਸੀ ਕਿ ਡਾਰਵਿਨ ਪਿਤਾ ਤੇ ਦਾਦੇ ਵਾਂਗ ਡਾਕਟਰੀ ਦੇ ਕਿੱਤੇ ਨੂੰ ਅਪਣਾਏ ਪਰ ਡਾਰਵਿਨ ਦੀ ਰੁਚੀ ਪ੍ਰਕਿਰਤੀ ਵਿਗਿਆਨ ਵਿੱਚ ਸੀ। ਪਿਤਾ ਨੇ ਤੰਗ ਆ ਕੇ ਉਸ ਨੂੰ ਕੈਂਬਰਿਜ਼ ਯੂਨੀਵਰਸਿਟੀ 'ਚ ਪਾਦਰੀ ਬਣਨ ਲਈ ਪੜ੍ਹਨ ਲਗਾ ਦਿੱਤਾ ਪਰ ਇੱਥੇ ਹੀ ਉਸ ਦੀ ਮੁਲਾਕਾਤ ਬਨਸਪਤੀ ਵਿਗਿਆਨ ਦੇ ਪ੍ਰੋਫੈਸਰ ਸਟੀਵਨ ਹੈਂਸੋਲਅ ਨਾਲ਼ ਹੋਈ ਅਤੇ ਡਾਰਵਿਨ ਦੇ ਵਿਗਿਆਨੀ ਬਣਨ ਦੇ ਸਫ਼ਰ ਦੀ ਸ਼ੁਰੂਆਤ ਹੋ ਗਈ।



27 ਦਸੰਬਰ, 1831 ਨੂੰ 24 ਸਾਲ ਤੋਂ ਵੀ ਘੱਟ ਉਮਰ ਵਿੱਚ ਚਾਰਲਸ ਡਾਰਵਿਨ ਪ੍ਰੋਫੈਸਰ ਹੈਂਸਲੋਅ ਦੀ ਸਿਫ਼ਾਰਿਸ਼ 'ਤੇ ਮਸ਼ਹੂਰ ਸਮੁੰਦਰੀ ਸਫ਼ਰ 'ਤੇ ਨਿਕਲ ਪਿਆ। ਇਸ ਸਫ਼ਰ ਦਾ ਵੀ ਡਾਰਵਿਨ ਦੇ ਪਿਤਾ ਨੇ ਵਿਰੋਧ ਕੀਤਾ ਪਰ ਉਸ ਨੇ ਕਿਵੇਂ ਨਾ ਕਿਵੇਂ ਪਿਤਾ ਨੂੰ ਸਫ਼ਰ ਦਾ ਖਰਚਾ ਚੁੱਕਣ ਲਈ ਮਨਾ ਲਿਆ। ਅਕਤੂਬਰ 1836 ਤੱਕ ਚੱਲੇ ਇਸ ਸਫ਼ਰ ਦੌਰਾਨ ਚਾਰਲਸ ਡਾਰਵਿਨ ਨੇ ਜਾਣਕਾਰੀਆਂ ਅਤੇ ਅਧਿਐਨ ਸਮੱਗਰੀ ਦਾ ਭੰਡਾਰ ਇਕੱਠਾ ਕਰ ਲਿਆ, ਇਹੀ ਅਗੇ ਜਾ ਕੇ ਡਾਰਵਿਨ ਦੀ ਸੰਸਾਰ ਪ੍ਰਸਿੱਧ ਪੁਸਤਕ '**ਜੀਵ ਪ੍ਰਜਾਤੀਆਂ ਦੀ ਉਤਪਤੀ**' ਦਾ ਅਧਾਰ ਬਣੀ।

ਲਗਭਗ ਤਿੰਨ ਦਹਾਕਿਆਂ ਦੀ ਸਖ਼ਤ ਮਿਹਨਤ ਅਤੇ ਖਰਾਬ ਸਿਹਤ ਨਾਲ਼ ਜੂਝਦੇ ਹੋਏ ਡਾਰਵਿਨ ਨੇ ਜੀਵ ਵਿਕਾਸ ਸਬੰਧੀ ਦੋ ਮਹੱਤਵਪੂਰਨ ਧਾਰਨਾਵਾਂ '**ਕੁਦਰਤੀ ਚੋਣ**' ਤੇ '**ਯੋਗਤਮ ਦਾ ਬਚਾਅ**' ਨੂੰ ਵਿਕਸਤ ਕੀਤਾ ਅਤੇ 1859 ਵਿੱਚ ਆਪਣੀ ਕਿਤਾਬ '**ਜੀਵ ਪ੍ਰਜਾਤੀਆਂ ਦੀ ਉਤਪਤੀ**' ਪੂਰੀ ਕੀਤੀ। ਉਸੇ ਸਾਲ ਨਵੰਬਰ, 1859 ਵਿੱਚ ਇਹ ਕਿਤਾਬ ਛਪ ਗਈ ਅਤੇ ਆਸ ਮੁਤਾਬਕ ਇਸ ਕਿਤਾਬ ਨੂੰ ਭਰਵਾਂ ਹੁੰਗਾਰਾ ਮਿਲਿਆ। ਉਸ ਦੀ ਕਿਤਾਬ ਨੂੰ ਖਰੀਦਣ ਤੇ ਪੜ੍ਹਣ ਵਾਲੇ ਪਹਿਲੇ ਵਿਅਕਤੀਆਂ ਵਿੱਚ ਸਾਡੇ ਸਮਿਆਂ ਦੇ ਮਹਾਨ ਵਿਗਿਆਨੀ ਤੇ ਦਾਰਸ਼ਨਿਕ **ਕਾਰਲ ਮਾਰਕਸ** ਤੇ **ਫ਼ਰੈਡਰਿਕ ਏਂਗਲਜ਼** ਵੀ ਸ਼ਾਮਿਲ ਸਨ। ਮਾਰਕਸ-ਏਂਗਲਜ਼ ਨੇ ਇਸ ਕਿਤਾਬ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਡਾਰਵਿਨ ਦੀਆਂ ਖੋਜਾਂ ਨੂੰ ਆਪਣੇ ਸਿਧਾਂਤ ਨੂੰ ਹੋਰ ਸਪੱਸ਼ਟ ਕਰਨ ਲਈ ਵਰਤਿਆ।

ਪਰ ਦੂਜੇ ਪਾਸੇ ਡਾਰਵਿਨ ਦੇ ਵਿਰੋਧੀਆਂ ਨੇ ਵੀ ਉਸ 'ਤੇ ਤਿਖੇ ਹਮਲੇ ਕੀਤੇ। ਸਭ ਤੋਂ ਵੱਧ ਤਿੱਖਾ ਵਿਰੋਧ ਧਾਰਮਿਕ ਕੱਟੜਪੰਥੀਆਂ ਨੇ ਕੀਤਾ ਕਿਉਂਕਿ ਡਾਰਵਿਨ ਦੇ ਸਿਧਾਂਤ ਨੇ ਬਾਈਬਲ ਦੇ ਗੈਰ-ਵਿਗਿਆਨਕ ਸਿਧਾਤਾਂ ਦੇ ਪਰਖਚੇ ਉੜਾ ਦਿੱਤੇ। ਉਸ ਨੇ ਸਿੱਧ ਕਰ ਦਿੱਤਾ ਕਿ ਧਰਤੀ 'ਤੇ ਜੀਵਾਂ ਦੀਆਂ ਪ੍ਰਜਾਤੀਆਂ ਸਦਾ ਤੋਂ ਇਕੋ ਜਿਹੀਆਂ ਤੇ ਇਕੋ ਗਿਣਤੀ 'ਚ ਨਹੀਂ ਰਹੀਆਂ ਅਤੇ ਨਾ ਹੀ ਜੀਵ ਸਦਾ ਤੋਂ ਧਰਤੀ 'ਤੇ ਰਹੇ ਹਨ। ਜੀਵਾਂ ਦਾ ਵਿਕਾਸ ਹੋਇਆ ਹੈ, ਧਰਤੀ ਉਪਰਲੇ ਜੀਵਨ ਵਿੱਚ ਲਗਾਤਾਰ ਬਦਲਾਅ ਆਉਂਦੇ ਰਹੇ ਹਨ ਅਤੇ ਇਹ ਬਦਲਾਅ ਆਉਣ ਵਿੱਚ ਲੱਖਾਂ ਸਾਲ ਲੱਗੇ ਹਨ। ਇਸ ਤਰ੍ਹਾਂ ਬਾਈਬਲ ਦੇ 6000 ਸਾਲ ਪਹਿਲਾਂ ਛੇ ਦਿਨਾਂ 'ਚ ਜੀਵਾਂ ਦੇ ਸਿਰਜੇ ਜਾਣ ਦੀ ਰੱਬੀ ਹਮਾਕਤ ਦੀ ਪੋਲ ਖੁੱਲ੍ਹ ਗਈ। ਡਾਰਵਿਨ ਦੇ ਭੱਦੇ ਕਾਰਟੂਨ ਬਣਾ ਕੇ ਉਸ ਦਾ ਮਜ਼ਾਕ ਉਡਾਇਆ ਗਿਆ। ਜਦੋਂ ਡਾਰਵਿਨ ਨੇ ਆਪਣੀ ਕਿਤਾਬ '**ਮਨੁੱਖ ਦੀ ਉਤਪਤੀ**' ਵਿੱਚ ਇਕ ਖੁਲਾਸਾ ਕੀਤਾ ਕਿ ਮਨੁੱਖ ਦਾ ਵਿਕਾਸ ਬਾਂਦਰਾਂ ਦੀ ਇੱਕ ਕਿਸਮ '**ਏਪ**' ਤੋਂ ਹੋਇਆ ਹੈ ਤਾਂ ਬਾਂਦਰ ਦੇ ਧੜ ਉੱਪਰ ਡਾਰਵਿਨ ਦਾ ਚਿਹਰਾ ਲਗਾ ਕੇ ਉਸ ਦੀ ਖਿੱਲੀ ਉਡਾਈ ਗਈ।

ਜੀਵ ਵਿਕਾਸ ਦੇ ਡਾਰਵਿਨ ਦੁਆਰਾ ਵਿਕਸਿਤ ਕੀਤੇ ਸਿਧਾਂਤ ਉੱਪਰ ਇਸ ਦੇ ਜਨਮ ਤੋਂ ਹੀ ਕਦੇ ਸਿੱਧੇ ਹਮਲੇ ਹੁੰਦੇ ਰਹੇ ਹਨ ਅਤੇ ਕਦੇ ਇਸ ਨੂੰ ਹੋਰ ਵਿਕਸਤ ਕਰਨ ਦੇ ਨਾਂ 'ਤੇ ਜਾਂ ਸਮਾਜ ਵਿਗਿਆਨ ਦੇ ਖੇਤਰ ਵਿੱਚ ਡਾਰਵਿਨ ਦੇ ਸਿਧਾਤਾਂ ਨੂੰ ਲਾਗੂ ਕਰਨ ਦੇ ਨਾਂ 'ਤੇ ਇਸ ਨੂੰ ਤੋੜ-ਮਰੋੜਨ ਦੇ ਅਤੇ ਘੱਟਗਿਣਤੀ ਲੁਟੇਰੇ ਲੋਕਾਂ ਦੁਆਰਾ ਆਪਣੀ ਲੁੱਟ ਨੂੰ ਹੱਕੀ ਤੇ ਨਿਆਈ ਸਿੱਧ ਕਰਨ ਦੇ ਯਤਨ ਹੁੰਦੇ ਰਹੇ ਹਨ। ਅੱਜ ਵੀ ਇਕ ਪਾਸੇ 'ਚੇਤੰਨ ਸਿਰਜਣਾ' (Intelligent Design) ਜਿਹੇ ਗੈਰ-ਵਿਗਿਆਨਕ ਈਸ਼ਵਰਵਾਦੀ ਸਿਰਜਣਾ ਦੇ ਮੱਧਯੁੱਗੀ ਸਿਧਾਤਾਂ ਦੇ ਨਵੇਂ ਐਡੀਸ਼ਨ ਪੇਸ਼ ਕਰਕੇ ਅਤੇ ਉਹਨਾਂ ਦਾ ਪ੍ਰਚਾਰ ਕਰਕੇ

(ਬਾਕੀ ਸਫ਼ਾ 11 'ਤੇ)

# ਰਾਇਲ ਇੰਡੀਅਨ ਨੇਵੀ ਵਿਦਰੋਹ

## *ਸਰਕਾਰੀ ਇਤਿਹਾਸ ਦੀ ਧੂੜ 'ਚ ਦੱਬੀ ਅਮਰ ਗਾਥਾ*

**- ਡਾ. ਅੰਮ੍ਰਿਤ**

ਭਾਰਤ ਦਾ ਆਜ਼ਾਦੀ ਸੰਗਰਾਮ ਦਾ ਇਤਿਹਾਸ ਗੁਲਾਮੀ ਦੇ ਜੂਲੇ ਤੋਂ ਮੁਕਤੀ ਲਈ ਅਣਗਿਣਤ ਕੁਰਬਾਨੀਆਂ ਅਤੇ ਸ਼ਾਨਾਮੱਤੇ ਸੰਘਰਸ਼ਾਂ-ਲੜਾਈਆਂ ਨਾਲ਼ ਭਰਿਆ ਪਿਆ ਹੈ। ਫਰਵਰੀ 1946 ਵਿੱਚ ਰਾਇਲ ਇੰਡੀਅਨ ਨੇਵੀ (ਅੰਗਰੇਜ਼ੀ ਰਾਜ ਅਧੀਨ ਭਾਰਤੀ ਸਮੁੰਦਰੀ ਫੌਜ਼) ਦੁਆਰਾ ਬਗ਼ਾਵਤ ਉਹ ਘਟਨਾ ਹੈ ਜੋ ਭਾਵੇਂ ਆਸਮਾਨ 'ਚ ਟੁੱਟਦੇ ਤਾਰੇ ਵਾਂਗ ਚਮਕੀ ਪਰ ਉਸਨੇ ਬ੍ਰਿਟਿਸ਼ ਸਾਮਰਾਜੀ ਹਕੂਮਤ ਨੂੰ ਇਹ ਸਪਸ਼ਟ ਕਰ ਦਿੱਤਾ ਕਿ ਹੁਣ ਭਾਰਤ ਨੂੰ ਗੁਲਾਮ ਬਣਾ ਕੇ ਰੱਖਣਾ ਉਸਦੇ ਵੱਸ ਦਾ ਕੰਮ ਨਹੀਂ ਹੈ ਅਤੇ ਭਲਾ ਇਹੀ ਹੋਵੇਗਾ ਕਿ ਜਿੰਨੀ ਜਲਦੀ ਹੋ ਸਕੇ ਅੰਗਰੇਜ਼ ਭਾਰਤ ਨੂੰ ਆਜ਼ਾਦ ਕਰ ਦੇਣ। ਨਾਲ ਹੀ ਇਸ ਘਟਨਾ ਨੇ ਭਾਰਤੀ ਲੀਡਰਸ਼ਿਪ ਦੀ ਮੌਕਾਪ੍ਰਸਤੀ ਤੇ ਲੋਕ-ਦੋਖੀ ਚਿਹਰੇ ਨੂੰ ਦੁੱਧ ਚਿੱਟੇ ਦਿਨ ਵਾਂਗ ਸਾਫ ਕਰ ਦਿੱਤਾ।

ਵੀਹਵੀਂ ਸਦੀ ਦਾ ਪੰਜਵਾਂ ਦਹਾਕਾ ਭਾਰਤੀ ਇਤਿਹਾਸ ਵਿੱਚ ਜਬਰਦਸਤ ਉੱਥਲ-ਪੁਥਲ ਦਾ ਦਹਾਕਾ ਰਿਹਾ ਹੈ। ਭਾਰਤੀ ਲੋਕ ਲਗਾਤਾਰ ਸਮੁੰਦਰ ਦੀਆਂ ਲਹਿਰਾਂ ਵਾਂਗ ਤੇ ਕਦੇ ਜਵਾਰਭਾਟੇ ਵਾਂਗ ਅੰਗਰੇਜ਼ੀ ਰਾਜ ਨਾਲ਼ ਟੱਕਰ ਲੈ ਰਹੇ ਸਨ। 1942 ਦੇ 'ਭਾਰਤ ਛੱਡੋ' ਅੰਦਲੋਨ ਨੇ ਭਾਰਤੀ ਲੋਕਾਂ ਵਿੱਚ ਗਜ਼ਬ ਦੀ ਊਰਜਾ ਦਾ ਸੰਚਾਰ ਕੀਤਾ। ਲੋਕਾਂ ਨੇ ਲੀਡਰਾਂ ਦੀਆਂ ਗ੍ਰਿਫਤਾਰੀਆਂ ਦੇ ਬਾਵਜੂਦ ਆਪ-ਮੁਹਾਰੇ ਤੌਰ 'ਤੇ ਬਹੁਤ ਸਾਰੀਆਂ ਥਾਵਾਂ 'ਤੇ ਸਮਾਨਤਰ ਸਰਕਾਰਾਂ ਸਥਾਪਿਤ ਕੀਤੀਆਂ। ਇਸ ਸਾਰੀ ਉੱਥਲ-ਪੁਥਲ ਦਾ ਅਸਰ ਬ੍ਰਿਟਿਸ਼ ਭਾਰਤੀ ਫੌਜ 'ਤੇ ਹੋਣਾ ਸ਼ੁਰੂ ਹੋ ਗਿਆ ਸੀ। 1942 ਤੋਂ 1946 ਤੱਕ ਬ੍ਰਿਟਿਸ਼ ਭਾਰਤੀ ਫੌਜ ਦੇ ਸਾਰੇ ਅੰਗਾਂ ਵਿੱਚ ਲਗਾਤਾਰ ਬਗਾਵਤ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ। ਇਕੱਲੀ ਰਾਇਲ ਇੰਡੀਅਨ ਨੇਵੀ ਵਿੱਚ ਇਸ ਅਰਸੇ ਦੌਰਾਨ 19 ਬਗਾਵਤਾਂ ਹੋਈਆਂ, ਪਰ 18 ਫਰਵਰੀ 1946 ਨੂੰ ਬੰਬਈ ਤੋਂ ਸ਼ੁਰੂ ਹੋਈ ਬਗਾਵਤ ਨੇ ਸਭ ਤੋਂ ਵਿਆਪਕ ਰੂਪ ਧਾਰਨ ਕੀਤਾ ਜਿਸ ਨੂੰ ਆਮ ਭਾਰਤੀ ਲੋਕਾਂ ਤੋਂ ਵੀ ਜਬਰਦਸਤ ਹਮਾਇਤ ਹਾਸਲ ਹੋਈ। ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਜਦੋਂ ਆਮ ਲੋਕ, ਫੈਕਟਰੀਆਂ ਦੇ ਮਜ਼ਦੂਰ ਤੇ ਫੌਜੀਆਂ ਨੇ ਮਿਲ ਕੇ ਬ੍ਰਿਟਿਸ਼ ਸਾਮਰਾਜੀ ਗੁਲਾਮੀ ਖਿਲਾਫ਼ ਇਕਮੁੱਠ ਹੋ ਹੰਭਲਾ ਮਾਰਿਆ।

ਦੂਜੀ ਵਿਸ਼ਵ ਜੰਗ ਖ਼ਤਮ ਹੋਣ ਤੋਂ ਬਾਅਦ, ਆਜ਼ਾਦ ਹਿੰਦ ਫੌਜ਼ ਦੇ ਸਿਪਾਹੀਆਂ ਤੇ ਅਫ਼ਸਰਾਂ 'ਤੇ ਮੁਕੱਦਮੇ ਤੇ ਸਜ਼ਾਵਾਂ ਦਾ ਦੌਰ ਚੱਲ ਰਿਹਾ ਸੀ। ਇਸ ਖਿਲਾਫ਼ ਭਾਰਤੀ ਫੌਜੀਆਂ ਵਿੱਚ ਕਾਫ਼ੀ ਰੋਸ ਤੇ ਬੇਚੈਨੀ ਫੈਲੀ ਹੋਈ ਸੀ। ਜਨਰਲ ਸ਼ਾਹ ਨਵਾਜ਼ ਖਾਨ, ਕਰਨਲ ਪ੍ਰੇਮ ਸਹਿਗਲ ਤੇ ਕਰਨਲ ਗੁਰਬਖ਼ਸ਼ ਸਿੰਘ ਢਿੱਲੋਂ ਨੂੰ ਸਜ਼ਾ ਸੁਣਾਉਣ ਖਿਲਾਫ਼ ਆਮ ਲੋਕਾਂ ਵੱਲੋਂ ਜਬਰਦਸਤ ਧਰਨੇ-ਪ੍ਰਦਰਸ਼ਨ ਤੇ ਰੋਸ-ਵਿਖਾਵੇ ਹੋ ਰਹੇ ਸਨ। ਫੌਜ ਵਿੱਚ ਵੀ ਵਿਆਪਕ ਰੋਸ ਤੇ ਇਨਕਲਾਬੀ ਭਾਵਨਾ ਪਣਪ ਰਹੀ ਸੀ। ਭਾਰਤੀ ਫੌਜੀਆਂ ਪ੍ਰਤੀ ਅੰਗਰੇਜ਼ ਅਫ਼ਸਰਾਂ ਦੇ ਭੈੜੇ ਵਤੀਰੇ ਅਤੇ ਉਹਨਾਂ ਨੂੰ ਦਿੱਤੇ ਜਾਂਦੇ ਘਟੀਆ ਖਾਣੇ ਨੇ ਬਲ਼ਦੀ 'ਤੇ ਤੇਲ ਦਾ ਕੰਮ ਕੀਤਾ। 18 ਫਰਵਰੀ, 1946 ਬੰਬਈ ਦੇ ਤੱਟ 'ਤੇ ਤੈਨਾਤ ਸਮੁੰਦਰੀ ਬੇੜੇ 'ਐੱਚ. ਐੱਮ. ਆਈ. ਐੱਸ. ਤਲਵਾਰ' ਦੇ ਜਹਾਜ਼ੀਆਂ ਨੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਜਦੋਂ ਫੌਜੀ ਸ਼ਿਕਾਇਤ ਲੈ ਕੇ ਅਧਿਕਾਰੀਆਂ ਕੋਲ ਗਏ ਤਾਂ ਉਹਨਾਂ ਨੂੰ ਜਵਾਬ ਮਿਲਿਆ - "ਭਿਖਾਰੀਆਂ ਦੀ ਆਪਣੀ ਕੋਈ ਪਸੰਦ ਨਹੀਂ ਹੁੰਦੀ।" ਇਸ 'ਤੇ ਭਾਰਤੀ ਫੌਜੀ ਭੜਕ ਉੱਠੇ ਅਤੇ ਉਸੇ ਦਿਨ 18 ਫਰਵਰੀ 1946 ਨੂੰ ਹੀ ਹੜਤਾਲ 'ਤੇ ਚਲੇ ਗਏ ਅਤੇ ਉਹਨਾਂ ਨੇ ਕੋਈ ਵੀ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ; ਅਫਸਰਾਂ ਨੂੰ ਖੱਬੇ ਹੱਥ ਨਾਲ਼ ਸਲੂਟ ਮਾਰਨੇ ਸ਼ੁਰੂ ਕਰ ਦਿੱਤੇ ਗਏ।

### ਵਿਦਰੋਹ ਦਾ ਉਭਾਰ ਤੇ ਫੈਲਾਅ

18 ਫਰਵਰੀ ਵਾਲੇ ਦਿਨ ਸਮੁੰਦਰੀ ਬੇੜੇ 'ਤਲਵਾਰ' ਦੇ ਫੌਜੀਆਂ ਦੁਆਰਾ ਭੁੱਖ ਹੜਤਾਲ ਤੱਕ ਹੀ ਸੀਮਤ ਸੀ ਪਰ 19 ਫਰਵਰੀ ਦਾ ਦਿਨ ਚੜ੍ਹਨ ਦੇ ਨਾਲ ਹੀ ਇਹ ਭੁੱਖ ਹੜਤਾਲ ਅੰਗਰੇਜ਼ੀ ਹਕੂਮਤ ਖਿਲਾਫ਼ ਵੱਡੀ ਬਗਾਵਤ ਦਾ ਰੂਪ ਧਾਰਨ ਕਰਨ ਲੱਗੀ। 19 ਫਰਵਰੀ ਨੂੰ ਕੋਲਾਬਾ ਦੇ ਕਿਲ੍ਹੇ ਵਿੱਚ ਤੈਨਾਤ ਨੇਵੀ ਦੀਆਂ ਬੈਰਕਾਂ ਨੇ ਹੜਤਾਲ ਐਲਾਨ ਦਿੱਤੀ। ਬੈਰਕਾਂ ਦੇ ਫੌਜੀਆਂ ਨੇ ਫੌਜੀ ਟਰੱਕ ਕਬਜ਼ੇ ਵਿੱਚ ਲੈ ਲਏ ਅਤੇ ਉਹਨਾਂ 'ਤੇ ਲਾਲ ਝੰਡੇ ਲਗਾ ਦਿੱਤੇ। ਲਾਲ ਝੰਡੇ ਵਾਲੇ ਫੌਜੀ ਟਰੱਕਾਂ ਨੇ ਸ਼ਹਿਰ ਦੀ ਗਸ਼ਤ ਸ਼ੁਰੂ ਕਰ ਦਿੱਤੀ ਅਤੇ ਆਮ ਲੋਕਾਂ ਨੂੰ ਹਮਾਇਤ ਵਿੱਚ ਆਉਣ ਲਈ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ। ਸਿੱਟੇ ਵਜੋਂ ਜਹਾਜ਼ੀਆ ਦੀ ਬਗਾਵਤ ਸ਼ਹਿਰ ਵਿੱਚ ਵੀ ਜੰਗਲ ਦੀ ਅੱਗ ਵਾਂਗ ਫੈਲਣ ਲੱਗੀ। 48 ਘੰਟਿਆਂ ਦੇ ਅੰਦਰ ਅੰਦਰ ਹੀ ਹਜ਼ਾਰਾਂ ਲੋਕ ਸੜਕਾਂ 'ਤੇ ਨਿਕਲ ਆਏ ਅਤੇ ਬੈਰੀਕੇਡ ਖੜ੍ਹੇ ਕਰਕੇ ਬ੍ਰਿਟਿਸ਼ ਹਕੂਮਤ ਦਾ ਟਾਕਰਾ ਕਰਨ ਦੀ ਤਿਆਰੀ ਕਰਨ ਲੱਗੇ।

ਉੱਧਰ 19 ਫਰਵਰੀ ਦੀ ਸ਼ਾਮ ਤੱਕ, ਬੰਬਈ ਤੱਟ 'ਤੇ ਤੈਨਾਤ ਨੇਵੀ ਦੇ ਸਾਰੇ ਸਮੁੰਦਰੀ ਜਹਾਜਾਂ ਤੋਂ ਯੂਨੀਅਨ ਜੈਕ ਦੇ ਝੰਡੇ ਪਾੜ ਕੇ ਉਤਾਰ ਦਿੱਤੇ ਗਏ ਅਤੇ ਕਾਂਗਰਸ ਦਾ ਤਿਰੰਗਾਂ, ਮੁਸਲਿਮ ਲੀਗ ਦਾ ਹਰਾ ਝੰਡਾ ਅਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦਾ ਲਾਲ ਝੰਡਾ ਲਹਿਰਾ ਦਿੱਤੇ ਗਏ। ਸਮੁੰਦਰੀ ਬੇੜੇ ਦੇ ਰੇਡੀਓ ਅਤੇ ਵਾਇਰਲੈੱਸ ਸਿਸਟਮ 'ਤੇ ਕਬਜ਼ਾ ਹੋ ਗਿਆ ਅਤੇ ਫੌਜੀਆਂ ਨੇ ਬਗਾਵਤ ਦਾ ਸੁਨੇਹਾ ਦੂਜੇ ਸਮੁੰਦਰੀ ਬੇੜਿਆਂ ਤੱਕ ਪ੍ਰਸਾਰਿਤ ਕਰਨਾ ਸ਼ੁਰੂ ਕਰ ਦਿੱਤਾ। ਸ਼ਾਮ ਨੂੰ ਬਾਗੀ ਫੌਜੀਆਂ ਨੇ ਹੜਤਾਲ ਦੀ ਕੇਂਦਰੀ ਕਮੇਟੀ ਦੀ ਚੋਣ ਕੀਤੀ। ਐੱਮ. ਐੱਸ.

ਖਾਨ ਨੂੰ ਪ੍ਰਧਾਨ ਅਤੇ ਮਦਨ ਸਿੰਘ ਨੂੰ ਉਪ-ਪ੍ਰਧਾਨ ਚੁਣਿਆ ਗਿਆ। ਬਾਕੀ ਕਮੇਟੀ ਮੈਂਬਰ ਸਨ – ਬਸੰਤ ਸਿੰਘ ਬੇਦੀ, ਐੱਸ. ਸੀ. ਸੇਨ ਗੁਪਤਾ, ਮਾਸਟਰ ਨਵਾਜ਼, ਅਸ਼ਰਫ ਖਾਨ, ਸਟੋਕਰ ਗੋਮਜ਼ ਅਤੇ ਮੁਹੰਮਦ ਹੁਸੈਨ। ਕਮੇਟੀ ਨੇ ਮੰਗਾਂ ਦਾ ਚਾਰਟਰ ਤਿਆਰ ਕੀਤਾ ਜਿਸ ਵਿੱਚ ਆਰਥਿਕ ਮੰਗਾਂ ਦੇ ਨਾਲ਼ ਨਾਲ਼ ਰਾਜਨੀਤਕ ਕੈਦੀਆਂ ਦੀ ਰਿਹਾਈ, ਇੰਡੋਨੇਸ਼ੀਆ ਤੇ ਮਿਸਰ ਵਿੱਚੋਂ ਭਾਰਤੀ ਫੌਜੀਆਂ ਦੀ ਵਾਪਸੀ ਅਤੇ ਆਜ਼ਾਦ ਹਿੰਦ ਫੌਜ ਦੇ ਗ੍ਰਿਫਤਾਰ ਫੌਜੀਆਂ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ। ਰਾਇਲ ਇੰਡੀਅਨ ਨੇਵੀ ਦਾ ਨਾਂ ਬਦਲ ਕੇ 'ਇੰਡੀਅਨ ਨੈਸ਼ਨਲ ਨੇਵੀ' ਕਰ ਦਿੱਤਾ ਗਿਆ। ਕਮੇਟੀ ਨੇ ਇਕ ਟੀਮ ਦੇ ਹੱਥ ਤਿੰਨੋ ਪਾਰਟੀਆਂ ਦੇ ਝੰਡੇ ਦੇ ਕੇ ਬੰਬਈ ਦੇ ਸ਼ਹਿਰੀਆਂ ਨੂੰ ਹਮਾਇਤ 'ਚ ਲਿਆਉਣ ਲਈ ਤੱਟ 'ਤੇ ਭੇਜਿਆ। ਇਸ ਟੀਮ ਦਾ ਹਿੰਦੂ, ਮੁਸਲਮਾਨ ਤੇ ਪਾਰਸੀ ਦੁਕਾਨਦਾਰਾਂ ਨੇ ਫੁੱਲਾਂ ਨਾਲ਼ ਸੁਆਗਤ ਕੀਤਾ ਅਤੇ ਪੂਰੇ ਇਲਾਕੇ ਵਿੱਚ ਜਲੂਸ ਦੀ ਸ਼ਕਲ ਵਿੱਚ ਘੁਮਾਇਆ ਗਿਆ।

19 ਫਰਵਰੀ ਨੂੰ ਹੀ ਬੰਬਈ ਦੀ ਬਗਾਵਤ ਦੀ ਖ਼ਬਰ ਕਰਾਚੀ ਪਹੁੰਚ ਗਈ, ਉੱਥੇ ਵੀ ਹੜਤਾਲ ਦਾ ਐਲਾਨ ਹੋ ਗਿਆ। ਕਰਾਚੀ ਤੇ ਮਨੌਰਾ ਵਿੱਚ ਤੈਨਾਤ ਸਮੁੰਦਰੀ ਬੇੜਿਆ – ਹਿੰਦੁਸਤਾਨ, ਬਹਾਦਰ, ਹਿਮਾਲਿਆ ਤੇ ਚਮਕ – ਦੇ ਫੌਜੀਆਂ ਨੇ 20 ਫਰਵਰੀ ਨੂੰ ਬੇੜਿਆਂ ਤੇ ਕਬਜ਼ਾ ਕਰ ਲਿਆ। ਵਿਦਰੋਹੀਆਂ ਦਾ ਵਿਰੋਧ ਕਰਨ ਵਾਲੇ ਭਾਰਤੀ ਤੇ ਬ੍ਰਿਟਿਸ਼ ਅਫ਼ਸਰਾਂ ਨੂੰ ਭਜਾ ਦਿੱਤਾ ਗਿਆ। ਬੇੜਿਆਂ ਦੀਆਂ ਕੰਧਾਂ 'ਹਿੰਦੁਸਤਾਨ ਜ਼ਿੰਦਾਬਾਦ' 'ਬ੍ਰਿਟਿਸ਼ ਸਾਮਰਾਜਵਾਦ ਮੁਰਦਾਬਾਦ' 'ਆਜ਼ਾਦੀ ਲਈ ਖੂਨ ਦਿਓ' ਦੇ ਨਾਅਰਿਆਂ ਨਾਲ਼ ਭਰ ਗਈਆਂ। ਫੌਜੀਆਂ ਨੇ ਬ੍ਰਿਟੇਨ ਖਿਲਾਫ਼ ਨਾਅਰੇ ਲਗਾਉਂਦੇ ਹੋਏ ਮਨੌਰਾ ਵਿੱਚ ਮਾਰਚ ਕੀਤਾ ਜਿਸ ਵਿੱਚ ਆਮ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਅੰਗਰੇਜ਼ ਅਧਿਕਾਰੀਆਂ ਨੇ ਬਲੋਚ ਰੈਜਮੈਂਟ ਦੀਆਂ ਪਲਟਨਾਂ ਨੂੰ ਮਾਰਚ 'ਤੇ ਗੋਲ਼ੀ ਚਲਾਉਣ ਦਾ ਹੁਕਮ ਦਿੱਤਾ, ਪਰ ਉਹਨਾਂ ਨੇ ਨਾਂਹ ਕਰ ਦਿੱਤੀ।

ਬੰਬਈ ਤੇ ਕਰਾਚੀ ਤੋਂ ਬਾਅਦ ਬਗਾਵਤ ਕੋਚੀਨ, ਕਲਕੱਤਾ, ਮਦਰਾਸ, ਵਿਸ਼ਾਖਾਪਟਨਮ ਦੇ ਸਮੁੰਦਰੀ ਬੇੜਿਆਂ ਤੱਕ ਫੈਲ ਗਈ। ਇਥੋਂ ਤੱਕ ਅਦਨ ਦੀ ਖਾੜੀ ਅਤੇ ਬਹਿਰੀਨ ਦੇ ਤੱਟ 'ਤੇ ਤੈਨਾਤ ਸਮੁੰਦਰੀ ਬੇੜੇ ਵੀ ਬਗਾਵਤ ਵਿੱਚ ਸ਼ਾਮਿਲ ਹੋ ਗਏ। ਕੁਲ ਮਿਲਾ ਕੇ 74 ਸਮੁੰਦਰੀ ਜਹਾਜਾਂ, 22 ਤੱਟੀ ਬੈਰਕਾਂ ਅਤੇ 20 ਬੇੜੇ ਬਗਾਵਤ ਵਿੱਚ ਸ਼ਾਮਿਲ ਸਨ। ਸਿਰਫ਼ 10 ਸਮੁੰਦਰੀ ਜਹਾਜ਼ ਬਗਾਵਤ ਵਿੱਚ ਸ਼ਾਮਿਲ ਨਹੀਂ ਹੋਏ।

ਬੰਬਈ ਤੋਂ ਪੁਲਿਸ ਕਰਮਚਾਰੀ ਅਤੇ 1200 ਦੇ ਕਰੀਬ ਹਵਾਈ ਫੌਜ ਦੇ ਜਵਾਨ ਵੀ ਜਹਾਜ਼ੀਆਂ ਦੀ ਹਮਾਇਤ ਵਿੱਚ ਨਿਤਰ ਆਏ। ਨਾਗਪੁਰ, ਅਹਿਮਦਾਬਾਦ, ਅੰਬਾਲਾ, ਜਬਲਪੁਰ, ਪੂਨਾ ਵਿੱਚ ਬ੍ਰਿਟਿਸ਼ ਭਾਰਤੀ ਫੌਜ ਦੇ ਵੱਖ ਵੱਖ ਅੰਗਾਂ ਨੇ ਬਾਗੀ ਜਹਾਜ਼ੀਆਂ ਦੀ ਹਮਾਇਤ ਵਿੱਚ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਹੜਤਾਲ 'ਤੇ ਚਲੇ ਗਏ।

20 ਫਰਵਰੀ ਦੀ ਸੰਕੇਤਕ ਹੜਤਾਲ ਤੋਂ ਬਾਅਦ, 22 ਫਰਵਰੀ ਨੂੰ 3,00,000 ਮਜ਼ਦੂਰਾਂ ਨੇ ਕਮਿਊਨਿਸਟ ਪਾਰਟੀ ਦੀ ਕਾਲ 'ਤੇ ਹੜਤਾਲ ਕਰ ਦਿੱਤੀ ਅਤੇ ਬੰਬਈ ਸ਼ਹਿਰ ਦੀਆਂ ਗਲੀਆਂ ਜੰਗ ਦਾ ਮੈਦਾਨ ਬਣ ਗਈਆਂ। ਹਾਲਾਤ ਕਾਬੂ 'ਚ ਕਰਨ ਲਈ ਅੰਗਰੇਜ਼ ਫੌਜੀਆਂ ਦੀਆਂ ਪਲਟਨਾਂ ਬੁਲਾਈਆਂ ਗਈਆਂ ਅਤੇ ਮਸ਼ੀਨ-ਗੰਨਾਂ ਤੇ ਟੈਂਕਾਂ ਨਾਲ਼ ਨਿਹੱਥੇ ਲੋਕਾਂ 'ਤੇ ਸਾਮਰਾਜੀ ਬਰਬਰਤਾ ਦਾ ਤਾਂਡਵ ਹੋਣ ਲੱਗਾ। ਝੜਪਾਂ ਵਿੱਚ 400 ਸ਼ਹਿਰੀ ਮਾਰੇ ਗਏ ਅਤੇ ਹਜ਼ਾਰਾਂ ਜਖ਼ਮੀ ਹੋਏ।

ਕਲਕੱਤਾ ਵਿੱਚ ਵੀ 23 ਫਰਵਰੀ ਨੂੰ ਕਮਿਊਨਿਸਟ ਪਾਰਟੀ ਦੀ ਕਾਲ 'ਤੇ ਆਮ ਹੜਤਾਲ ਹੋਈ ਅਤੇ ਇਕ ਲੱਖ ਲੋਕਾਂ ਨੇ ਵਿਦਰੋਹੀ ਫੌਜੀਆਂ ਦੇ ਹੱਕ ਵਿੱਚ ਸੜਕਾਂ 'ਤੇ ਰੋਸ ਵਿਖਾਵੇ ਕੀਤੇ। ਕਰਾਚੀ ਤੇ ਦੂਜੇ ਸ਼ਹਿਰਾਂ ਜਿਵੇਂ ਮਦਰਾਸ ਆਦਿ ਵਿੱਚ ਵੀ ਵੱਡੀਆਂ ਹੜਤਾਲਾਂ ਹੋਈਆਂ।

### ਕਾਂਗਰਸੀ ਤੇ ਲੀਗੀ ਲੀਡਰਾਂ ਦੀ ਮੌਕਾਪ੍ਰਸਤੀ ਅਤੇ ਵਿਦਰੋਹੀਆਂ ਦਾ ਆਤਮ-ਸਮਰਪਣ

ਜਿਸ ਵੇਲੇ ਭਾਰਤ ਦੇ ਆਮ ਲੋਕ ਅਤੇ ਬ੍ਰਿਟਿਸ਼ ਫੌਜ ਵਿੱਚ ਭਰਤੀ ਹੋਏ ਭਾਰਤੀ ਫੌਜੀ ਜਾਤ-ਧਰਮ ਦੀਆਂ ਵੰਡੀਆਂ ਭੁਲਾ ਕੇ ਅੰਗਰੇਜ਼ੀ ਹਕੂਮਤ ਨਾਲ਼ ਟੱਕਰ ਲੈ ਰਹੇ ਸਨ। ਭਾਰਤ ਦੀ ਲੀਡਰਸ਼ਿਪ – ਗਾਂਧੀ, ਨਹਿਰੂ, ਪਟੇਲ ਤੇ ਜਿਨਾਹ – ਸਾਰੇ ਦੇ ਸਾਰੇ ਕਾਂਗਰਸੀ ਤੇ ਲੀਗੀ ਦੇਸ਼ ਨੂੰ ਧਰਮ ਦੇ ਅਧਾਰ 'ਤੇ ਵੰਡ ਕੇ ਨਵੇਂ ਨਕਸ਼ੇ ਵਾਹੁਣ ਲਈ ਕੈਨਵਸ ਸਜਾ ਰਹੇ ਸਨ ਅਤੇ ਆਪਣੀ ਆਪਣੀ ਦੁਕਾਨ ਵਿੱਚ ਵੱਧ ਤੋਂ ਵੱਧ ਹਿੱਸਾ ਖਿੱਚਣ ਲਈ ਵਾਰਤਲਾਪਾਂ ਤੇ ਅੰਗਰੇਜ਼ੀ ਹਕੂਮਤ ਦੇ ਪ੍ਰਤੀਨਿਧਾਂ ਨਾਲ਼ ਮਿਲਣੀਆਂ ਵਿੱਚ ਰੁੱਝੇ ਹੋਏ ਸਨ। ਬਟਵਾਰੇ ਦੇ ਦਰਦਨਾਕ ਦ੍ਰਿਸ਼ਾਂ ਨੂੰ ਚਿਤਰਣ ਲਈ ਬੁਰਸ਼ ਤੇ ਰੰਗ ਇਕੱਠੇ ਕਰ ਰਹੇ ਸਨ। ਭਾਰਤੀ ਲੋਕਾਂ ਤੇ ਫੌਜੀਆਂ ਦੀ ਧਰਮਾਂ ਤੋਂ ਪਾਰ ਜਾ ਕੇ ਬਣੀ ਇਸ ਇਕਜੁੱਟਤਾ ਤੋਂ ਓਨਾ ਅੰਗਰੇਜ਼ ਨਹੀਂ ਡਰੇ, ਜਿੰਨਾ ਭਾਰਤੀ ਪੂੰਜੀਪਤੀ ਜਮਾਤ ਦੇ ਨੁਮਾਇੰਦੇ ਸਹਿਮੇ। ਬਗਾਵਤ ਦੀ ਖ਼ਬਰ ਮਿਲਦੇ ਸਾਰ ਉਹਨਾਂ ਨੇ ਆਪਣੇ ਆਪ ਨੂੰ ਇਸ ਨਾਲੋਂ ਵੱਖ ਕਰ ਲਿਆ ਤੇ ਬਾਗੀ ਫੌਜੀਆਂ ਨੂੰ ਕੋਈ ਹਮਾਇਤ ਜਾਂ ਅਗਵਾਈ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਨਹਿਰੂ ਅਤੇ ਪਟੇਲ ਨੇ ਫੌਜੀ ਅਨੁਸ਼ਾਸਨ ਟੁੱਟਣ ਦੇ ਦੁਹੱਥੜੇ ਮਾਰੇ ਅਤੇ ਹਿੰਸਕ ਤਰੀਕੇ ਨਾ ਅਪਣਾਉਣ ਦੀ ਡੁਗਡੁਗੀ ਵਜਾਈ। ਸਰਦਾਰ ਪਟੇਲ ਅਨੁਸਾਰ ਇਹ ਬਗਾਵਤ ਕੁਝ ਸਿਰਫਿਰੇ, ਗੁਸਤਾਖ, ਗਰਮ ਦਿਮਾਗ ਨੌਜਵਾਨਾਂ ਕਰਕੇ ਹੋਈ। ਨਹਿਰੂ ਜੀ ਅੱਗ ਭਬੂਲੇ ਹੋ ਉੱਠੇ – "ਹੜਤਾਲ ਦੀ ਕੇਂਦਰੀ ਕਮੇਟੀ ਕੋਲ ਬੰਬਈ ਦੇ ਸ਼ਹਿਰੀਆਂ ਨੂੰ ਹੜਤਾਲ ਕਰਨ ਦੀ ਅਪੀਲ ਜਾਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ।" (ਹੜਤਾਲ ਦੀ ਅਪੀਲ ਜਾਰੀ ਕਰਨ ਦਾ ਅਧਿਕਾਰ ਤਾਂ ਸਿਰਫ਼ ਕਾਂਗਰਸੀ ਸੁਵਿਧਾ ਸੀ!) ਭਾਰਤੀ ਲੋਕ ਗਾਂਧੀ ਜੀ ਤੋਂ ਪੁੱਛੇ ਬਿਨਾਂ ਕੋਈ ਕਾਰਵਾਈ ਕਰਨ, ਗਾਂਧੀ ਜੀ ਉਪਦੇਸ਼ ਨਾ ਦੇਣ, ਇਹ ਹੋ ਹੀ ਨਹੀਂ ਸਕਦਾ ਸੀ। ਗਾਂਧੀ ਜੀ ਅਨੁਸਾਰ – "ਇਸ ਬਗਾਵਤ ਨਾਲ਼ ਭਾਰਤ ਦਾ ਅਕਸ ਖਰਾਬ ਹੋਵੇਗਾ। ਕਿਸੇ ਵੀ ਹਿੰਸਕ ਕਾਰਵਾਈ ਲਈ ਹਿੰਦੂਆਂ, ਮੁਸਲਮਾਨਾਂ ਤੇ ਦੂਜੇ ਧਰਮਾਂ ਦੇ ਲੋਕਾਂ ਦੀ ਏਕਤਾ ਅਪਵਿੱਤਰ ਹੈ।" (ਭਾਵੇਂ ਇਹ ਕਾਰਵਾਈ

ਅੰਗਰੇਜ਼ੀ ਸਾਮਰਾਜ ਖਿਲਾਫ਼ ਹੀ ਹੋਵੇ!!) ਗਾਂਧੀ ਜੀ ਨੇ ਸਮੁੰਦਰੀ ਫੌਜੀਆਂ ਦੀਆਂ 'ਹਿੰਸਕ' ਕਾਰਵਾਈਆਂ ਦੀ ਪੁਰਜ਼ੋਰ ਨਿੰਦਾ ਕੀਤੀ (ਪਰ ਅੰਗਰੇਜ਼ੀ ਤਾਂਡਵ ਦੀ ਨਿੰਦਾ ਕਰਨਾ ਭੁੱਲ ਹੀ ਗਏ)। ਇਸ ਤੋਂ ਅਗੇ ਜਾ ਕੇ ਉਹਨਾਂ ਨੇ ਬਾਗੀ ਫੌਜੀਆਂ ਨੂੰ ਉਸਾਰੂ ਗਤੀਵਿਧੀਆਂ ਜਿਵੇਂ ਚਰਖਾ ਕੱਤਣ ਦੀ ਸਲਾਹ ਵੀ ਦਿੱਤੀ।

ਮੁਸਲਿਮ ਲੀਗ ਦੇ ਲੀਡਰ ਮੁਹੰਮਦ ਅਲੀ ਜਿਨਾਹ ਨੇ ਵੀ ਹਿੰਸਾ ਛੱਡਣ ਦੀ ਸਲਾਹ ਦਿੱਤੀ ਅਤੇ ਖਾਸ ਤੌਰ 'ਤੇ 'ਮੁਸਲਮਾਨਾਂ' ਨੂੰ ਬਗਾਵਤ ਤੇ ਹੜਤਾਲਾਂ ਵਿੱਚ ਹਿੱਸਾ ਨਾ ਲੈਣ ਲਈ ਉਪਦੇਸ਼ ਦਿੱਤਾ। ਸਿਰਫ਼ ਕਮਿਊਨਿਸਟ ਪਾਰਟੀ ਨੇ ਕੁਝ ਹੱਦ ਤੱਕ ਬਾਗੀ ਫੌਜੀਆਂ ਨੂੰ ਹਮਾਇਤ ਦਿੱਤੀ ਪਰ ਉਹ ਵੀ ਇਸ ਨੂੰ ਵਿਆਪਕ ਰੂਪ ਵਿੱਚ ਵਿਕਸਿਤ ਕਰਨ ਤੇ ਆਮ ਲੋਕਾਂ ਨੂੰ ਅਗਵਾਈ ਦੇਣ 'ਚ ਨਾਕਾਮ ਰਹੀ। ਕਾਂਗਰਸੀ ਤੇ ਲੀਗੀ ਨੇਤਾਵਾਂ ਦਾ ਇਹ ਰੁਖ ਦੇਖ ਕੇ ਬਾਗੀ ਫੌਜੀਆਂ ਦਾ ਦਿਲ ਟੁੱਟ ਗਿਆ। ਉਹਨਾਂ ਨੇ ਕਾਂਗਰਸ ਤੇ ਮੁਸਲਿਮ ਲੀਗ ਦੇ ਝੰਡੇ ਜਹਾਜ਼ਾਂ ਤੋਂ ਉਤਾਰ ਦਿੱਤੇ, ਸਿਰਫ਼ ਕਮਿਊਨਿਸਟ ਪਾਰਟੀ ਦਾ ਝੰਡਾ ਰਹਿਣ ਦਿੱਤਾ ਗਿਆ।

ਉੱਧਰ ਬ੍ਰਿਟਿਸ਼ ਪਾਰਲੀਮੈਂਟ ਤੋਂ ਲੈ ਕੇ ਭਾਰਤ ਵਿੱਚ ਵਾਇਸਰਾਏ ਤੱਕ, ਸਭ ਦੇ ਹੱਥ ਪੈਰ ਫੁੱਲੇ ਪਏ ਸਨ। ਜਦੋਂ ਭਾਰਤੀ ਫੌਜੀਆਂ ਨੇ ਆਪਣੇ ਵਿਦਰੋਹੀ ਭਰਾਵਾਂ 'ਤੇ ਗੋਲ਼ੀ ਚਲਾਉਣ ਤੋਂ ਇਨਕਾਰ ਕਰ ਦਿੱਤਾ, ਤਾਂ ਗੋਰੇ ਫੌਜੀਆਂ ਦੀਆਂ ਬਟਾਲੀਅਨਾਂ ਮੰਗਵਾਈਆਂ ਗਈਆਂ ਅਤੇ ਬਾਗੀ ਸਮੁੰਦਰੀ ਬੇੜਿਆਂ ਨੂੰ ਘੇਰ ਲਿਆ ਗਿਆ। ਸਾਮਰਾਜੀ ਹਕੂਮਤ ਵੱਲੋਂ ਬਾਗੀਆਂ ਨੂੰ 'ਹਥਿਆਰ ਸੁੱਟਣ ਜਾਂ ਮਰਨ' ਦਾ ਅਲਟੀਮੇਟਮ ਦਿੱਤਾ ਗਿਆ। ਆਮ ਸ਼ਹਿਰੀ ਧਰਮਾਂ ਦੀਆਂ ਲਕੀਰਾਂ ਟੱਪ ਕੇ ਬਾਗੀਆਂ ਨਾਲ਼ ਜਾ ਖਲੋਏ ਨਾਲ ਹੀ ਕਾਂਗਰਸੀ ਤੇ ਲੀਗੀ ਲੀਡਰ ਵੀ 'ਧਰਮਾਂ ਦੀਆਂ ਵੰਡੀਆਂ ਤੇ ਆਪਸੀ ਮਤਭੇਦ' ਭੁਲਾ ਕੇ ਅੰਗਰੇਜ਼ੀ ਹਕੂਮਤ ਦੇ ਅਲਟੀਮੇਟਮ ਦੇ ਹੱਕ 'ਚ ਇਕਜੁੱਟ ਹੋ ਗਏ ਅਤੇ ਆਤਮ-ਸਮਰਪਣ ਕਰਨ ਦਾ ਸਮੂਹ ਗੀਤ ਗਾਉਣ ਲੱਗੇ। ਸਰਦਾਰ ਪਟੇਲ ਸਾਹੋ-ਸਾਹ ਹੋਈ ਬੰਬਈ ਵੱਲ ਭੱਜੇ ਅਤੇ ਹੜਤਾਲੀ ਕਮੇਟੀ ਨੂੰ ਬਗਾਵਤ ਵਾਪਸ ਕਰਨ ਲਈ ਮਨਵਾਉਣ ਦੀ 'ਅਹਿੰਸਕ' ਕਾਰਵਾਈ 'ਚ ਲੱਗ ਗਏ। ਕਾਂਗਰਸ ਤੇ ਲੀਗ ਨੇ ਆਮ ਲੋਕਾਂ ਨੂੰ ਹੜਤਾਲ ਕਰਨ ਤੋਂ ਰੋਕਣ ਲਈ ਫਤਵੇ ਸੁਣਾਏ ਅਤੇ 'ਅਮਨ ਕਾਨੂੰਨ ਕਾਇਮ ਰੱਖਣ ਲਈ' ਬ੍ਰਿਟਿਸ਼ ਸਰਕਾਰ ਨੂੰ ਵਲੰਟੀਅਰ ਤੱਕ ਦਿੱਤੇ।

ਕਾਂਗਰਸੀ ਤੇ ਲੀਗ ਦੇ ਨੇਤਾਵਾਂ ਨੇ ਬਾਗੀ ਫੌਜੀਆਂ ਨੂੰ ਬਿਨਾਂ ਸ਼ਰਤ ਆਤਮ ਸਮਰਪਣ ਲਈ ਕਿਹਾ ਅਤੇ ਵਾਅਦਾ ਕੀਤਾ ਕਿ ਆਤਮ ਸਮਰਪਣ 'ਤੇ ਉਹਨਾਂ ਖਿਲਾਫ਼ ਕੋਈ ਵੀ ਕਾਰਵਾਈ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਉਹਨਾਂ ਦੀਆਂ ਮੰਗਾਂ ਪੂਰੀਆਂ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਕਰਾਚੀ ਵਿੱਚ ਵਿਦਰੋਹੀ ਬੇੜਿਆਂ ਤੇ ਗੋਰੇ ਫੌਜੀਆਂ ਦੀ ਮਦਦ ਨਾਲ਼ ਬਗਾਵਤ ਨੂੰ ਕੁਚਲ ਦਿੱਤਾ ਗਿਆ। ਬੰਬਈ ਵਿੱਚ ਹੜਤਾਲੀ ਕਮੇਟੀ ਨੇ ਭਾਰਤੀ ਨੇਤਾਵਾਂ ਤੋਂ ਕੋਈ ਹਮਾਇਤ ਨਾ ਮਿਲਦੀ ਦੇਖ 24 ਫਰਵਰੀ, 1946 ਦੀ ਸਵੇਰ ਨੂੰ ਜਹਾਜ਼ਾਂ 'ਤੇ ਹਥਿਆਰ ਸੁੱਟਣ ਦੇ ਕਾਲੇ ਝੰਡੇ ਚੜ੍ਹਾ ਦਿੱਤੇ। ਹੜਤਾਲੀ ਕਮੇਟੀ ਦੇ ਪ੍ਰਧਾਨ ਐੱਮ. ਐੱਸ. ਖਾਨ ਨੇ ਕਿਹਾ - "ਅਸੀਂ ਭਾਰਤੀਆਂ ਅੱਗੇ ਹਥਿਆਰ ਸੁੱਟੇ ਹਨ, ਅੰਗਰੇਜ਼ਾਂ ਅੱਗੇ ਨਹੀਂ।"

ਬਾਗੀ ਫੌਜੀਆਂ ਦੇ ਆਤਮ ਸਮਰਪਣ ਦੇ ਨਾਲ਼ ਹੀ ਗ੍ਰਿਫਤਾਰੀਆਂ, ਬਰਖਾਸਤਗੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬੰਬਈ ਵਿੱਚ 400 ਤੇ ਕਰਾਚੀ ਵਿੱਚ 500 ਫੌਜੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਅੰਗਰੇਜ਼ਾਂ ਦੇ ਨਾਲ਼ ਨਾਲ਼ ਕਾਂਗਰਸੀ ਤੇ ਲੀਗੀ ਲੀਡਰਾਂ ਨੂੰ ਵੀ ਆਪਣੇ ਵਾਅਦੇ ਝੱਟਪਟ ਭੁੱਲ ਗਏ ਅਤੇ ਉਹਨਾਂ ਨੇ ਗ੍ਰਿਫਤਾਰੀਆਂ ਦੀ ਰਸਮੀ ਨਿੰਦਾ ਕਰਨੀ ਵੀ ਜ਼ਰੂਰੀ ਨਹੀਂ ਸਮਝੀ। ਗ੍ਰਿਫਤਾਰ ਫੌਜੀਆਂ ਨੂੰ ਬਦਨਾਮ ਮੁਲੰਦ ਕੈਂਪ ਤੇ ਕਰਾਚੀ ਦੇ ਮਲੀਰ ਕੈਂਪ ਵਿੱਚ ਰੱਖਿਆ ਗਿਆ। ਇਹਨਾਂ ਕੈਂਪਾਂ ਵਿੱਚ ਫੌਜੀਆਂ ਨਾਲ਼ ਅਪਰਾਧੀਆਂ ਜਿਹਾ ਸਲੂਕ ਕੀਤਾ ਗਿਆ, ਘਟੀਆਂ ਖਾਣਾ, ਭੈੜਾ ਵਰਤਾਓ ਤੇ ਕੁੱਟਮਾਰ ਕੀਤੀ ਗਈ। ਬਾਗੀ ਫੌਜੀਆਂ ਨੇ ਜਵਾਬ ਵਿੱਚ ਫੇਰ ਤੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਅਤੇ ਗਾਂਧੀ ਤੇ ਪਟੇਲ ਨੂੰ ਮਿਲਣ ਆਉਣ ਲਈ ਸੰਦੇਸ਼ ਭੇਜਿਆ ਪਰ ਨੇਤਾ ਲੋਕ ਕਦੇ ਵੀ ਮੁੜ ਉਹਨਾਂ ਕੋਲ ਨਹੀਂ ਪਹੁੰਚੇ, ਉਹ ਤਾਂ ਕੈਬਨਿਟ ਮਿਸ਼ਨ ਨਾਲ਼ ਦੇਸ਼ ਵੰਡ ਦੀਆਂ ਗੋਂਦਾਂ ਗੁੰਦ ਰਹੇ ਸਨ। ਬਾਗੀ ਫੌਜੀਆਂ ਨੇ ਨੇਵੀ, ਮਿਲਟਰੀ ਤੇ ਹਵਾਈ ਫੌਜ ਦੇ ਨਾਂ ਅਪੀਲ ਤੇ ਬਗਾਵਤ ਕਰਨ ਦਾ ਸੰਦੇਸ਼ ਭੇਜਣ ਦਾ ਫੈਸਲਾ ਕੀਤਾ। ਪਰ ਅੰਗਰੇਜ਼ਾਂ ਨੂੰ ਇਸ ਦਾ ਪਤਾ ਲੱਗ ਗਿਆ। ਇਸ ਤੋਂ ਬਾਅਦ ਦੋਵਾਂ ਕੈਂਪਾਂ ਵਿੱਚ ਬਾਗੀ ਫੌਜੀਆਂ ਦੀ ਭੁੱਖ ਹੜਤਾਲ ਨੂੰ ਜਬਰ ਨਾਲ਼ ਕੁਚਲ ਦਿੱਤਾ ਗਿਆ।

ਭਾਰਤ ਦੇ ਇਹਨਾਂ ਬਹਾਦਰ ਸਪੂਤਾਂ ਨਾਲ਼ ਵਿਸਾਹਘਾਤ ਦਾ ਦੌਰ ਆਜ਼ਾਦੀ ਤੋਂ ਬਾਅਦ ਵੀ ਜਾਰੀ ਰਿਹਾ। ਬ੍ਰਿਟਿਸ਼ ਹਕੂਮਤ ਵੱਲੋਂ ਕੱਢੇ ਕਿਸੇ ਵੀ ਫੌਜੀ ਨੂੰ ਵਾਪਸ ਨੌਕਰੀ 'ਤੇ ਨਹੀਂ ਰੱਖਿਆ ਗਿਆ, ਉਹਨਾਂ ਨੂੰ ਨੌਕਰੀ ਲਈ ਗਲੀਆਂ ਦੀ ਧੂੜ ਛਾਣਨ ਲਈ ਛੱਡ ਦਿੱਤਾ ਗਿਆ ਅਤੇ ਬਹੁਤ ਸਾਰਿਆਂ ਨੂੰ ਭੁੱਖਮਰੀ ਦੀ ਜ਼ਿੰਦਗੀ ਬਸਰ ਕਰਨੀ ਪਈ। ਭਾਰਤ ਸਰਕਾਰ ਨੂੰ ਭਾਰਤੀ ਫੌਜੀਆਂ ਦੀ ਦੇਸ਼ ਲਈ ਘਾਲ਼ੀ ਇਸ ਘਾਲਣਾ ਦੀ ਯਾਦਗਾਰ ਵੀ 2002 ਵਿੱਚ, 56 ਸਾਲਾਂ ਬਾਅਦ ਯਾਦ ਆਈ। ਫੌਜੀਆਂ ਦੀ ਬਗਾਵਤ ਦੀ ਇਹ ਘਟਨਾ ਭਾਰਤੀ ਪੂੰਜੀਪਤੀਆਂ ਤੇ ਉਹਨਾਂ ਦੀ ਮਨੇਜਿੰਗ ਕਮੇਟੀ ਨੂੰ ਸਾਲਾਂਬੱਧੀ ਡਰਾਉਂਦੀ ਰਹੀ। 1965 ਵਿੱਚ ਮਸ਼ਹੂਰ ਅਦਾਕਾਰ ਤੇ ਡਰਾਮਾ ਲੇਖਕ ਨਿਰਦੇਸ਼ਕ ਉਤਪਲ ਦੱਤ ਨੂੰ ਕਈ ਮਹੀਨੇ ਜੇਲ੍ਹ ਦੀ ਹਵਾ ਖਾਣੀ ਪਈ ਕਿਉਂਕਿ ਉਸ ਨੇ 'ਰਾਇਲ ਨੇਵੀ ਵਿਦਰੋਹ' 'ਤੇ ਆਧਾਰਿਤ ਬੰਗਾਲੀ ਨਾਟਕ 'ਕਲੋਲ' (ਲਹਿਰਾਂ ਦੀ ਆਵਾਜ਼) ਬਣਾਉਣ ਦਾ 'ਦੇਸ਼ ਧ੍ਰੋਹੀ' ਕੰਮ ਕੀਤਾ ਸੀ।

ਭਾਵੇਂ ਕੌਮੀ ਲੀਡਰਸ਼ਿਪ ਦੀ ਮੌਕਾਪ੍ਰਸਤੀ ਕਾਰਨ ਨੇਵੀ ਵਿਦਰੋਹ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ, ਪਰ ਇਸ ਘਟਨਾ ਨੇ ਭਾਰਤ ਦੀ ਆਜ਼ਾਦੀ ਬਹੁਤ ਕਰੀਬ, ਬਹੁਤ ਜਲਦੀ ਸੰਭਵ ਬਣਾ ਦਿੱਤੀ। ਭਾਰਤ ਦੇ ਇਹਨਾਂ ਸਪੂਤਾਂ ਦੀ ਦੇਸ਼ ਦੀ ਆਜ਼ਾਦੀ ਲਈ ਧਰਮਾਂ ਤੋਂ ਉੱਪਰ ਉੱਠ ਕਾਇਮ ਕੀਤੀ ਇਕਮੁੱਠ ਕੋਸ਼ਿਸ਼ ਨੂੰ, ਬਹਾਦਰੀ ਨੂੰ, ਕੁਰਬਾਨੀ ਨੂੰ ਸਲਾਮ!!

# ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨ੍ਹਾ ਦੀ ਸੇਵਾ ਕਰਦਾ ਹੈ ?

(ਪੰਜਵੀਂ ਕਿਸ਼ਤ)

## ਮਾਊਂਟਬੇਟਨ ਯੋਜਨਾ, ਵੰਡ ਅਤੇ ਅਜ਼ਾਦੀ

ਜਲਸੈਨਾ ਵਿਦਰੋਹ, 1947 ਦੇ ਦੇਸ਼ਵਿਆਪੀ ਮਜ਼ਦੂਰ ਉਭਾਰ, ਤੇਲੰਗਾਨਾ-ਤੇਭਾਗਾ-ਪੁਨਪਰਾ-ਵਾਇਲਰ (ਖਾਸ ਕਰਕੇ ਤੇਲੰਗਾਨਾ) ਕਿਸਾਨ ਸੰਘਰਸ਼ਾਂ ਅਤੇ ਸਾਮਰਾਜਵਾਦ-ਵਿਰੋਧੀ ਦੇਸ਼ਵਿਆਪੀ ਲੋਕ ਉਭਾਰ ਦੀਆਂ ਸੰਭਾਵਨਾਵਾਂ ਨੇ ਕਿਸੇ ਇਨਕਲਾਬੀ ਸਿਆਸੀ ਬਦਲ ਨੂੰ ਭਾਵੇ ਜਨਮ ਨਹੀਂ ਦਿੱਤਾ, ਪਰ ਭਾਰਤੀ ਪੂੰਜੀਪਤੀ ਜਮਾਤ ਅਤੇ ਬ੍ਰਿਟਿਸ਼ ਬਸਤੀਵਾਦੀਆਂ - ਦੋਨਾਂ ਨੂੰ ਹੀ ਦਹਿਸ਼ਤ ਨਾਲ ਜ਼ਰੂਰ ਭਰ ਦਿੱਤਾ। ਮੁੱਖ ਤੌਰ 'ਤੇ ਇਸੇ ਦਹਿਸ਼ਤ ਦੇ ਚਲਦੇ ਭਿਅੰਕਰ ਫਿਰਕੂ ਖੂਨ ਖਰਾਬੇ ਅਤੇ ਵੰਡ ਨਾਲ ਸੱਤ੍ਹਾ ਦਾ "ਸ਼ਾਂਤੀਪੂਰਨ" ਤਬਦੀਲੀ ਸੰਭਵ ਹੋ ਸਕੀ। ਉਸ ਦੌਰ ਦੇ ਹਕੂਮਤੀ ਦਸਤਾਵੇਜਾਂ (ਜਿਵੇਂ ਨੌਕਰਸ਼ਾਹ ਵੀ. ਪੀ. ਮੇਨਨ ਰਾਹੀਂ ਵਾਇਸਰਾਏ ਵੇਵੇਲ ਨੂੰ ਭੇਜੀ ਗਈ ਰਿਪੋਰਟ) ਤੋਂ ਪਤਾ ਚਲਦਾ ਹੈ ਕਿ ਕਮਿਊਨਿਸਟ ਖਤਰਿਆਂ ਨਾਲ ਫਿਰਗੀ ਅਤੇ ਕਾਂਗਰਸ ਦੋਨੋਂ ਹੀ ਦਹਿਸ਼ਤ 'ਚ ਸਨ।

ਕੌਮਾਂਤਰੀ ਹਾਲਤਾਂ ਵੀ ਸੱਤ੍ਹਾ ਤਬਦੀਲੀ ਲਈ ਫਿਰੰਗੀਆਂ ਨੂੰ ਮਜਬੂਰ ਕਰ ਰਹੀਆਂ ਸਨ। ਦੂਜੀ ਸੰਸਾਰ ਜੰਗ 'ਚ ਯੂਰਪੀ ਅਰਥਚਾਰੇ ਢਹਿ-ਢੇਰੀ ਹੋ ਚੁੱਕੇ ਸਨ, ਜਦੋਂ ਕਿ ਅਮਰੀਕਾ ਹੋਰ ਮਜ਼ਬੂਤ ਹੋ ਚੁੱਕਾ ਸੀ। ਆਪਣੀ ਅਥਾਹ ਵਿੱਤੀ ਪੂੰਜੀ ਦੇ ਜ਼ੋਰ 'ਤੇ ਉਹ ਆਪਣੀ ਸਿਆਸੀ-ਫੌਜੀ ਹੇਜੇਮਨੀ ਸਥਾਪਿਤ ਕਰ ਚੁੱਕਿਆ ਸੀ ਅਤੇ ਬ੍ਰਿਟੇਨ, ਫ਼ਰਾਂਸ, ਸਪੇਨ, ਹਾਲੈਂਡ ਅਤੇ ਪੁਰਤਗਾਲ ਦੀਆਂ ਬਸਤੀਆਂ ਨੂੰ ਆਪਣੀ ਮੰਡੀ ਬਣਾਉਣ ਲਈ ਉਤਾਰੂ ਸੀ। ਸਿੱਧੇ ਤੌਰ 'ਤੇ ਬਸਤੀਵਾਦੀ ਲੁੱਟ ਦੀ ਜਗ੍ਹਾਂ 'ਤੇ "ਬਿਨਾਂ ਬਸਤੀ ਦੇ ਸਾਮਰਾਜਵਾਦ" ਦਾ ਦੌਰ ਹੁਣ ਕਾਇਮ ਹੋਣ ਜਾ ਰਿਹਾ ਸੀ। ਆਰਥਿਕ ਕਾਰਨਾਂ ਤੋਂ ਇਲਾਵਾ ਜਮਾਤੀ-ਸੰਘਰਸ਼ ਦਾ ਸੰਸਾਰ ਦ੍ਰਿਸ਼ ਵੀ ਇਕ ਅਹਿਮ ਕਾਰਨ ਸੀ। ਨਾਜੀ ਸੱਤ੍ਹਾ ਵਿਰੁੱਧ ਲਾਲ ਫ਼ੌਜ ਦੀ ਜੇਤੂ ਮੁਹਿੰਮ ਮਗਰੋਂ ਪੂਰਾ ਪੂਰਬੀ ਯੂਰਪ ਸਮਾਜਵਾਦੀ ਕੈਂਪ 'ਚ ਸ਼ਾਮਲ ਹੋ ਚੁੱਕਿਆ ਸੀ। ਚੀਨ, ਕੋਰੀਆ, ਵਿਅਤਨਾਮ ਅਤੇ ਮੰਗੋਲਿਆ 'ਚ ਕਮਿਊਨਿਸਟਾਂ ਦੀ ਅਗਵਾਈ 'ਚ ਕੌਮੀ ਜਮੂਹਰੀ ਇਨਕਲਾਬਾਂ ਦੀ ਜਿੱਤ ਫ਼ੌਰੀ ਸੀ। ਚਾਰ-ਚੁਫੇਰੇ ਤੋਂ ਉਠ ਰਿਹਾ ਲਾਲ ਵਾਵਰੋਲਾ ਕੌਮੀ ਮੁਕਤੀ-ਜੰਗਾਂ ਦੀ ਹਨ੍ਹੇਰੀ ਨਾਲ ਮਿਲ ਕੇ ਚਕਰਵਾਤੀ ਤੁਫ਼ਾਨ ਦਾ ਮਾਹੌਲ ਰਚ ਰਿਹਾ ਸੀ। ਡਰਿਆ ਹੋਇਆ ਸਾਮਰਾਜਵਾਦੀ ਕੈਂਪ ਆਤਮ-ਰੱਖਿਆ ਲਈ ਨਵੀਂ ਮਹਾਂ ਤਾਕਤ ਅਮਰੀਕਾ ਦੀ ਚੌਧਰ ਸਵੀਕਾਰਨ ਨੂੰ ਮਜ਼ਬੂਰ ਸੀ। ਅਮਰੀਕਾ ਚਾਹੁੰਦਾ ਸੀ ਕਿ ਚੀਨ ਦੇ ਗੁਆਂਢੀ ਮੁਲਕ ਭਾਰਤ 'ਚ ਪੂੰਜੀਪਤੀ ਜਮਾਤ ਨੂੰ ਸੱਤ੍ਹਾ ਜਿੰਨੀ ਛੇਤੀ ਹੋ ਸਕੇ ਤਬਦੀਲ ਹੋ ਜਾਵੇ। ਲਾਲ ਇਨਕਲਾਬ ਦਾ ਡਰ ਉਸਨੂੰ ਵੀ ਸੀ ਅਤੇ ਭਾਰਤ ਦੀ ਮੰਡੀ 'ਚ ਘੁਸਪੈਠ ਅਤੇ ਚੌਧਰ ਦੀ ਕਾਹਲ਼ੀ ਸੀ। ਭਾਰਤੀ ਪੂੰਜੀਪਤੀ ਜਮਾਤ ਦੇ ਚਲਾਕ ਸਿਆਸੀ ਨੁੰਮਾਇੰਦਿਆਂ ਨੇ ਇਸ ਹਾਲਤ ਦਾ ਪੂਰਾ ਲਾਭ ਉਠਇਆ। ਲੋਕਾਂ ਦੀ ਇੱਕਜੁਟਤਾ ਅਤੇ ਇਨਕਲਾਬੀ ਪਹਿਲ ਦੇ ਆਪਣੇ ਹੱਥ 'ਚੋਂ ਨਿਕਲਨ ਦਾ ਡਰ ਉਹਨਾਂ ਨੂੰ ਵੀ ਸੀ, ਇਸ ਲਈ ਲੜਾਕੂ ਲੋਕ ਸੰਘਰਸ਼ ਦੀ ਬਜਾਏ ਉਹਨਾਂ ਨੇ ਫਿਰਕੂ ਹਿੰਸਾ ਅਤੇ ਵੰਡ ਨਾਲ ਸੱਤ੍ਹਾ-ਤਬਦੀਲੀ ਦਾ ਬਦਲ ਚੁਣਿਆ। ਇਹ ਵੀ ਵਰਣਨਯੋਗ ਹੈ ਕਿ ਇਸ ਸਮੇਂ ਤੱਕ ਭਾਰਤੀ ਪੂੰਜੀਪਤੀ ਜਮਾਤ ਦੀ ਆਰਥਿਕ ਤਾਕਤ ਅਤੇ ਆਤਮ-ਵਿਸ਼ਵਾਸ ਵੀ ਕਾਫ਼ੀ ਵੱਧ ਚੁੱਕਾ ਸੀ। ਉਹ ਇਹ ਵੀ ਜਾਣਦੀ ਸੀ ਕਿ ਫਿਰੰਗੀ ਬਸਤੀਵਾਦੀਆਂ ਮੂਹਰੇ ਮਹਿਜ ਇਕ ਬਦਲ ਇਹੀ ਹੈ ਕਿ ਉਹ ਪੂੰਜੀਪਤੀ ਜਮਾਤ ਦੀ ਮੁੱਖ ਨੁੰਮਾਇੰਦਾ ਪਾਰਟੀ ਕਾਂਗਰਸ ਨੂੰ ਸੱਤ੍ਹਾ ਸੌਂਪੇ। ਭਾਰਤੀ ਪੂੰਜੀਪਤੀ ਜਮਾਤ ਸੱਤ੍ਹਾ 'ਤੇ ਕਾਬਜ਼ ਹੋਣ ਮਗਰੋਂ ਫਿਰੰਗੀ ਪੂੰਜੀ ਦੇ ਹਿੱਤਾਂ ਦੀ ਸੁੱਰਖਿਆ ਅਤੇ ਉਸ ਨਾਲ ਸਹਿਕਾਰ ਲਈ ਮਜਬੂਰ ਸੀ ਅਤੇ ਵਚਨਬੱਧ ਵੀ। ਨਾਲੇ, ਉਹ ਹੋਰ ਸਾਮਰਾਜਵਾਦੀਆਂ ਦੀ ਪੂੰਜੀ ਨੂੰ ਵੀ ਸੱਦਾ ਦੇ ਸਕਦੀ ਸੀ। ਪਰ ਇੰਨਾ ਤੈਅ ਸੀ ਕਿ ਸਾਮਰਾਜਵਾਦ ਤੋਂ ਫੈਸਲਾਕੁੰਨ ਤੋੜ-ਵਿਛੋੜਾ ਉਹ ਕਦੇ ਵੀ ਨਹੀਂ ਕਰ ਸਕਦੀ ਸੀ।

20 ਫਰਵਰੀ 1947 ਨੂੰ ਹਾਉਸ ਆਫ ਕਾਮਨਸ 'ਚ ਬ੍ਰਿਟਿਸ਼ ਲੇਬਰ ਪਾਰਟੀ ਸਰਕਾਰ ਦੇ ਪ੍ਰਧਾਨਮੰਤਰੀ ਏਟਲੀ ਨੇ ਐਲਾਨ ਕੀਤਾ ਕਿ ਜੂਨ 1948 ਤੱਕ ਭਾਰਤੀ ਸਿਆਸਤਦਾਨ ਜੇਕਰ ਕਿਸੇ ਸੰਵਿਧਾਨ 'ਤੇ, ਜਾਂ ਕੇਂਦਰੀ ਸਰਕਾਰ ਦੀ ਸਥਾਪਨਾ ਦੇ ਸਵਾਲ 'ਤੇ ਸਹਿਮਤ ਨਹੀਂ ਹੋਣਗੇ ਤਾਂ ਸੱਤ੍ਹਾ ਵੱਖ-ਵੱਖ ਸੂਬਿਆਂ ਨੂੰ ਸੌਂਪ ਕੇ ਫਿਰੰਗੀ ਭਾਰਤ ਛੱਡ ਦੇਣਗੇ। ਇਸ ਐਲਾਨ 'ਚ ਇਹ ਵੀ ਨਿਹਿਤ ਸੀ ਕਿ ਅਜਿਹੀ ਸੱਤ੍ਹਾ-ਤਬਦੀਲੀ ਮਗਰੋਂ ਰਜਵਾੜਿਆਂ ਤੋਂ ਵੀ ਫਿਰੰਗੀ ਸੱਤ੍ਹਾ ਸਮਾਪਤ ਹੋ ਜਾਵੇਗੀ ਅਤੇ ਉਹ ਅਜ਼ਾਦ ਹੋ ਜਾਣਗੇ। ਇਸ ਤਰ੍ਹਾਂ, ਇਹ ਭਾਰਤ ਦੇ ਵਿਖੰਡਨ ਦਾ ਵੀ ਸੰਕੇਤ ਸੀ। ਇਹ ਨਾ ਤਾਂ ਕਾਂਗਰਸ ਚਾਹੁੰਦੀ ਸੀ, ਨਾ ਹੀ ਮੁਸਲਿਮ ਲੀਗ। ਸੱਤ੍ਹਾ ਤਬਦੀਲੀ ਦੀ ਭਵਿੱਖੀ ਅਨੁਕੂਲ ਯੋਜਨਾ 'ਤੇ ਅਮਲ ਲਈ ਵੇਵੇਲ ਦੀ ਜਗ੍ਹਾਂ ਮਾਊਂਟਬੇਟਨ ਨੂੰ ਨਵਾਂ ਵਾਇਸਰਾਏ ਥਾਪਿਆ ਗਿਆ। ਵੰਡ ਸਣੇ ਸਿਆਸੀ ਅਜ਼ਾਦੀ ਦੀ ਗੱਲ ਇਸ ਸਮੇਂ ਤੱਕ ਲਗਭਗ ਸਾਰਿਆਂ ਨੂੰ ਸਵੀਕਾਰ ਹੋ ਚੁੱਕੀ ਸੀ। ਮਾਊਂਟਬੇਟਨ ਨੇ ਕੈਬੀਨੇਟ ਮਿਸ਼ਨ ਦੀਆਂ ਪੁਰਾਣੀ ਯੋਜਨਾ ਨੂੰ ਨਵੀਂਆਂ ਹਾਲਤਾਂ 'ਚ ਅਵਿਵਹਾਰਿਕ ਮੰਨਦੇ ਹੋਏ 'ਪਲਾਨ ਬਾਲਕਨ' ਗੁਪਤ ਨਾਂ ਵਾਲੀ ਨਵੀਂ ਬਦਲਵੀਂ ਯੋਜਨਾ ਬਣਾਈ। ਇਸ 'ਚ ਵੱਖ-ਵੱਖ ਸੂਬਿਆਂ ਜਾਂ ਉਹਨਾਂ ਦੇ ਸੰਘਾਂ ਨੂੰ ਸੱਤ੍ਹਾ ਤਬਦੀਲੀ ਦਾ ਪ੍ਰਬੰਧ ਸੀ, ਪੰਜਾਬ ਅਤੇ ਬੰਗਾਲ ਦੀਆਂ ਲੈਜਿਸਲੈਟਿਵ ਅਸੰਬਲੀਆਂ ਨੂੰ ਆਪਣੇ ਸੂਬਿਆਂ ਦੀ ਵੰਡ ਦਾ ਹੱਕ ਦਿੱਤਾ ਜਾਣਾ ਸੀ ਅਤੇ ਅਜਿਹੀਆਂ ਸਾਰੀਆਂ ਇਕਾਈਆਂ ਅਤੇ ਰਿਆਸਤਾਂ-ਰਾਜਿਆਂ ਨੂੰ ਇਹ ਹੱਕ ਦਿੱਤਾ ਜਾਣਾ ਸੀ ਕਿ ਉਹ ਚਾਹੁੰਣ ਤਾਂ ਭਾਰਤ ਜਾਂ ਪਾਕਿਸਤਾਨ 'ਚ ਸ਼ਾਮਲ ਹੋਣ ਜਾਂ ਅਜ਼ਾਦ ਰਹਿਣ। ਮਾਊਂਟਬੇਟਨ ਤੋਂ ਇਸ ਯੋਜਨਾ ਦੀ ਜਾਣਕਾਰੀ ਮਿਲਣ 'ਤੇ ਨਹਿਰੂ ਨੇ ਇਸਦਾ ਤਿੱਖਾ ਵਿਰੋਧ ਕੀਤਾ। ਫਿਰ ਡੋਮੀਨਿਅਨ ਸਟੇਟਸ ਦੇ ਅਧਾਰ 'ਤੇ ਭਾਰਤ ਅਤੇ ਪਾਕਿਸਤਾਨ ਦੀਆਂ ਦੋ ਕੇਂਦਰੀ ਸਰਕਾਰਾਂ ਨੂੰ ਸੱਤ੍ਹਾ ਤਬਦੀਲ ਕਰਨ ਦੀ ਨਵੀਂ ਵਿਕਲਪਿਕ ਯੋਜਨਾ ਪੇਸ਼ ਕੀਤੀ। ਇਸਦਾ ਅਧਾਰ ਸਰਕਾਰੀ ਅਫ਼ਸਰ ਵੀ. ਪੀ. ਮੇਨਨ ਰਾਹੀਂ ਜਨਵਰੀ 1947 'ਚ ਭਾਰਤ ਸੱਕਤਰ ਨੂੰ ਦਿੱਤਾ ਗਿਆ ਸੁਝਾਅ ਸੀ। ਡੋਮੀਨਿਅਨ ਸਟੇਟਸ ਦੇ ਅਧਾਰ 'ਤੇ ਸੱਤ੍ਹਾ ਤਬਦੀਲੀ ਕਾਂਗਰਸ ਦੇ 1929 ਦੇ ਲਾਹੌਰ ਸ਼ੈਸ਼ਨ ਦੇ ਮਤੇ ਤੋਂ ਪਿਛਾਂਹ ਹੱਟਣਾ ਸੀ, ਪਰ ਪਟੇਲ ਇਸ ਸੁਝਾਅ ਨਾਲ ਸਹਿਮਤ ਸਨ। ਉਹਨਾਂ ਦਾ ਮੰਨਣਾ ਸੀ ਕਿ ਇਸ ਨਾਲ ਛੇਤੀ ਅਤੇ ਸ਼ਾਂਤੀਪੂਰਵਕ ਸੱਤ੍ਹਾ-ਤਬਦੀਲੀ ਸੰਭਵ ਹੋਵੇਗੀ ਅਤੇ ਬਸਤੀਵਾਦੀ ਨੌਕਰਸ਼ਾਹੀ ਅਤੇ ਫ਼ੌਜ ਦੀ ਲਗਾਤਾਰਤਾ ਵੀ ਬਣੀ ਰਹੇਗੀ ਜਿਹੜੀ ਨਵੇਂ ਕੇਂਦਰੀਕ੍ਰਿਤ ਪੂੰਜੀਵਾਦੀ ਹਕੂਮਤੀ ਸਿਸਟਮ ਲਈ ਜ਼ਰੂਰੀ ਹੈ।

ਨਾਲੇ ਬ੍ਰਿਟੇਨ ਨਾਲ ਭਾਰਤ ਦੇ ਚੰਗੇਰੇ ਸਬੰਧ ਵੀ ਬਣੇ ਰਹਿਣਗੇ ਜਿਹੜਾ ਅਜ਼ਾਦ ਭਾਰਤ ਲਈ ਉੱਚਿਤ ਰਹੇਗਾ। ਇਸ ਲਈ, ਵੀ. ਪੀ. ਮੇਨਨ ਦੇ ਪੁਰਾਣੇ ਸੁਝਾਅ 'ਤੇ ਪਟੇਲ ਦੀ ਸਹਿਮਤੀ 'ਤੇ ਅਧਾਰਿਤ ਮਾਉਂਟਬੇਟਨ ਯੋਜਨਾ ਜਦੋਂ ਪੇਸ਼ ਕੀਤੀ ਗਈ ਤਾਂ ਉਸ 'ਤੇ ਆਮ ਸਹਿਮਤੀ ਬਣਦੇ ਦੇਰ ਨਹੀਂ ਲੱਗੀ।

**ਮਾਉਂਟਬੇਟਨ ਯੋਜਨਾ ਇਸ ਤਰ੍ਹਾਂ ਸੀ —**

(1) ਉਪਮਹਾਂਦੀਪ 'ਚ ਦੋ ਡੋਮੀਨਿਅਨ - ਭਾਰਤੀ ਸੰਘ ਅਤੇ ਪਾਕਿਸਤਾਨ — ਸਥਾਪਿਤ ਕੀਤੇ ਜਾਣਗੇ, (2) ਪੰਜਾਬ ਅਤੇ ਬੰਗਾਲ ਦੀ ਵੰਡ ਦਾ ਸਵਾਲ ਇਹਨਾਂ ਸੂਬਿਆਂ ਦੇ ਹਿੰਦੂ ਜਾਂ ਮੁਸਲਿਮ ਨੁਮਾਇੰਦਿਆਂ ਦੇ ਅਲੱਗ-ਅਲੱਗ ਮਤਾਂ ਰਾਹੀਂ ਤੈਅ ਹੋਵੇਗਾ। (3) ਉੱਤਰ ਪੱਛਮ ਸਰਹੱਦੀ ਸੂਬੇ ਅਤੇ ਅਸਮ ਦੇ ਮੁਸਲਿਮ ਬਹੁਗਿਣਤੀ ਸਿਲਹਟ ਜਿਲ੍ਹੇ 'ਚ ਜਨਮਤ-ਸੰਗ੍ਰਹਿ ਹੋਵੇਗਾ। (4) ਸਿੰਧ ਦਾ ਭਵਿੱਖ ਸੂਬਾਈ ਵਿਧਾਨਮੰਡਲ 'ਚ ਵੋਟ ਦੇ ਹੱਕ ਰਾਹੀਂ ਤੈਅ ਹੋਵੇਗਾ। (5) ਰਜਵਾੜਿਆਂ - ਰਿਆਸਤਾਂ ਦੇ ਭਾਰਤ ਜਾਂ ਪਾਕਿਸਤਾਨ 'ਚ ਸ਼ਾਮਿਲ ਹੋਣ ਦਾ ਫੈਸਲਾ ਉਹਨਾਂ ਦੇ ਹਾਕਮਾਂ ਰਾਹੀਂ ਕੀਤਾ ਜਾਵੇਗਾ। (6) ਸੰਵਿਧਾਨ ਸਭਾ ਦੋਨਾਂ ਮੁਲਕਾਂ ਦੀ ਵੱਖ-ਵੱਖ ਸੰਵਿਧਾਨ ਸਭਾਵਾਂ 'ਚ ਵੰਡੀਆਂ ਜਾਣਗੀਆਂ।

3 ਜੂਨ ਨੂੰ ਮਾਉਂਟਬੇਟਨ ਨੇ ਆਪਣੀ ਨਵੀਂ ਯੋਜਨਾ ਦਾ ਐਲਾਨ ਕੀਤਾ ਅਤੇ ਇਹ ਮਤਾ ਰੱਖਿਆ ਕਿ ਜੂਨ 1948 ਦੀ ਜਗ੍ਹਾਂ 15 ਅਗਸਤ 1947 ਨੂੰ ਹੀ ਸੱਤ੍ਹਾ ਤਬਦੀਲ ਕਰ ਦਿੱਤੀ ਜਾਵੇ। ਕਾਂਗਰਸੀ, ਲੀਗੀ ਅਤੇ ਸਿੱਖ ਲੀਡਰਾਂ ਨੇ ਉਸਨੂੰ ਫੌਰੀ ਸਵੀਕਾਰ ਕਰ ਲਿਆ। ਉਸੇ ਮਹੀਨੇ 'ਚ ਹੋਏ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸ਼ੈਸ਼ਨ ਨੇ ਇਸ ਯੋਜਨਾ ਨੂੰ 61 ਮੁਕਾਬਲੇ 157 ਵੋਟਾਂ 'ਚੋਂ ਸਵੀਕਾਰ ਕਰ ਲਿਆ। ਇਸ ਯੋਜਨਾ ਦੇ ਅਧਾਰ 'ਤੇ 'ਇੰਡੀਆ ਇੰਡੀਪੈਂਡੇਂਟ ਐਕਟ' ਬਣਿਆ, ਜਿਸਦੀ ਫਿਰੰਗੀ ਸੰਸਦ ਅਤੇ ਸਮਰਾਟ ਨੇ 18 ਜੁਲਾਈ ਨੂੰ ਪੁਸ਼ਟੀ ਕਰ ਦਿੱਤੀ। 15 ਅਗਸਤ ਨੂੰ ਇਸਨੂੰ ਲਾਗੂ ਕਰ ਦਿੱਤਾ ਗਿਆ।

ਮਾਉਂਟਬੇਟਨ ਯੋਜਨਾ ਦੇ ਅਨੁਰੂਪ ਬੰਗਾਲ ਅਤੇ ਪੰਜਾਬ ਦੀਆਂ ਵਿਧਾਨਸਭਾਵਾਂ ਕ੍ਰਮਵਾਰ 20 ਅਤੇ 23 ਜੂਨ ਨੂੰ ਹੀ ਵੰਡ ਦਾ ਮਤਾ ਪਾਰਿਤ ਕਰ ਚੁੱਕੀਆਂ ਸਨ। ਇਸਦੇ ਤੁਰੰਤ ਮਗਰੋਂ ਸਿੰਧ ਅਤੇ ਬਲੋਚਿਸਤਾਨ ਨੇ ਪਾਕਿਸਤਾਨ 'ਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ। ਲੀਗ ਰਾਹੀਂ ਪਾਕਿਸਤਾਨ 'ਚ ਮਿਲਾਣ ਦਾ ਮਤਾ ਅਸਫਲ ਕਰਨ ਲਈ ਖ਼ਾਨ ਅਬਦੁਲ ਗ਼ਫ਼ਾਰ ਖ਼ਾਨ ਦੀ ਅਗਵਾਈ 'ਚ ਉੱਤਰ-ਪੱਛਮ ਸਰਹੱਦੀ ਸੂਬੇ ਦੀ ਕਾਂਗਰਸ ਕਮੇਟੀ ਨੇ ਅਜ਼ਾਦ ਪਖਤੂਨਿਸਤਾਨ ਦੀ ਮੰਗ ਕੀਤੀ। ਉਸ ਸਮੇਂ ਅਸੰਬਲੀ 'ਚ ਕਾਂਗਰਸੀ ਬਹੁਮਤ ਸੀ ਅਤੇ ਉਸਨੇ ਵੀ ਸੰਵਿਧਾਨ ਸਭਾ 'ਚ ਸ਼ਾਮਲ ਹੋਣ ਦਾ ਮਤਾ ਪਾਰਿਤ ਕੀਤਾ ਸੀ। ਇਸਦੇ ਬਾਵਜੂਦ ਉਸ ਸੂਬੇ 'ਤੇ ਭਾਰਤ-ਪਾਕਿਸਤਾਨ 'ਚੋਂ ਇਕ ਨੂੰ ਚੁਣਨ ਲਈ ਜਨਮਤ-ਸੰਗ੍ਰਹਿ ਥੋਪ ਦਿੱਤਾ ਗਿਆ। ਇਹ ਜਨਮਤ-ਸੰਗ੍ਰਹਿ ਵੀ ਸਰਬਜਨਕ ਵੋਟ ਦੇ ਹੱਕ ਦੇ ਅਧਾਰ 'ਤੇ ਨਹੀਂ ਹੋਣਾ ਸੀ। ਉੱਤਰ ਪੱਛਮ ਸਰਹੱਦੀ ਸੂਬੇ ਦੀ ਕਾਂਗਰਸ ਨੇ ਇਸਦਾ ਬਾਈਕਾਟ ਕੀਤਾ ਅਤੇ ਕੁੱਲ 50.99% ਵੋਟਾਂ ਨਾਲ (ਯਾਣੀ ਬਾਲਗ ਵਸੋਂ ਦੇ 9.52% ਵੋਟ ਰਾਹੀਂ) ਇਸ ਸੂਬੇ ਨੂੰ ਪਾਕਿਸਤਾਨ 'ਚ ਮਿਲਾ ਦਿੱਤਾ ਗਿਆ। ਇਹ ਉੱਥੋਂ ਦੀ ਵਸੋਂ ਨਾਲ ਕਾਂਗਰਸੀ ਲੀਡਰਸ਼ਿਪ ਦਾ ਵਿਸਾਹਘਾਤ ਸੀ। ਜੂਨ '47 ਮਗਰੋਂ ਸਿਰਫ਼ ਡੇਢ ਮਹੀਨੇ ਅੰਦਰ, ਭਾਰਤੀ ਭੂ-ਸਿਆਸੀ ਹਾਲਤਾਂ ਤੋਂ ਪੂਰੀ ਤਰ੍ਹਾਂ ਅਣਜਾਣ ਫਿਰੰਗੀ ਵਕੀਲ ਰੈਡਕਲਿਫ਼ ਦੀ ਅਗਵਾਈ 'ਚ ਗਠਿਤ ਦੋ ਕਮੀਸ਼ਨਾਂ ਨੇ ਪੂਰਬ ਅਤੇ ਪੱਛਮ 'ਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਰਹੱਦਰੇਖਾ ਖਿਚਣ ਦਾ ਕੰਮ ਕੀਤਾ। ਕਈ ਇਲਾਕਿਆਂ ਨੂੰ ਲੈ ਕੇ ਹਿੰਦੂ, ਸਿੱਖ ਅਤੇ ਮੁਸਲਮਾਨ ਵਸੋਂ 'ਚ ਅਸਤੁੰਸ਼ਟੀ ਸੀ, ਪਰ ਲੀਗ ਅਤੇ ਕਾਂਗਰਸ ਸੱਤ੍ਹਾ ਲਈ ਬੈਚੇਨ ਸੀ, ਇਸ ਲਈ ਇਸ ਮੁੱਦੇ 'ਤੇ ਇਕਾ-ਦੁੱਕਾ ਅਸਤੁੰਸ਼ਟੀ ਅਤੇ ਵਿਰੋਧ ਨਾਲ ਗੱਲ ਅਗਾਂਹ ਨਹੀਂ ਵਧੀ।

15 ਅਗਸਤ 1947 ਨੂੰ ਮਿਲੀ ਖੰਡਿਤ ਅਤੇ ਲਹੂ-ਭਿਜੀ ਸਿਆਸੀ ਆਜ਼ਾਦੀ ਨੇ ਮੁਲਕ ਦੇ ਲੋਕਾਂ 'ਚ ਖੁਸ਼ੀ-ਵਿਸਾਦ ਦੇ ਮਿਲੇ-ਜੁਲੇ ਜ਼ਜਬਾਤ ਉਤਪੰਨ ਕਰ ਦਿੱਤੇ। ਲੋਕ ਅੱਧੀ ਰਾਤ ਨੂੰ ਭਾਰਤ ਦੀ "ਹੋਣੀ ਦੇ ਨਾਲ ਕਰਾਰ" 'ਤੇ ਨਹਿਰੂ ਦੇ ਭਾਸ਼ਣ ਨੂੰ ਸੁਣ ਕੇ ਭਾਵੁਕ ਵੀ ਹੋ ਰਹੇ ਸਨ, ਦੂਜੇ ਪਾਸੇ ਮੁਲਕ ਦੀਆਂ ਹਾਲਤਾਂ ਨੂੰ ਲੈ ਕੇ ਵਿਸ਼ਾਦ ਅਤੇ ਡਰ ਦੇ ਜ਼ਜਬਾਤ ਵੀ ਸਨ। ਲੋਕਾਂ ਦੇ ਲੰਮੇ ਸੰਘਰਸ਼ਾਂ ਨੇ ਬਸਤੀਵਾਦੀ ਗੁਲਾਮੀ ਦੇ ਦਿਨਾਂ ਨੂੰ ਪਿਛਾਂਹ ਧੱਕ ਦਿੱਤਾ ਸੀ ਅਤੇ ਇਤਿਹਾਸ ਨੇ ਅਗਾਂਹ ਕਦਮ ਚੁੱਕਿਆ। ਪਰ ਕੌਮੀ ਅੰਦੋਲਨ ਦੀ ਪੂੰਜੀਵਾਦੀ ਲੀਡਰਸ਼ਿਪ ਦਾ ਵਿਸਾਹਘਾਤ ਅਤੇ ਸਮਝੌਤਾਪ੍ਰਸਤੀ ਵੀ ਇਕ ਅਸਲੀਅਤ ਸੀ, ਜਿਸਨੂੰ 1947 'ਚ ਤਾਂ ਘੱਟ ਲੋਕਾਂ ਨੇ ਸਮਝਿਆ ਸੀ ਪਰ ਦੋ ਦਹਾਕੇ ਬੀਤਦੇ-ਬੀਤਦੇ ਭਾਰਤੀ ਪੂੰਜੀਵਾਦੀ ਲੋਕਤੰਤਰ ਦਾ ਚੇਹਰਾ ਬਹੁਗਿਣਤੀ ਵਸੋਂ ਮੂਹਰੇ ਨੰਗਾ ਹੋ ਚੁੱਕਿਆ ਸੀ।

ਗਾਂਧੀ ਸਰਗਰਮ ਅਗਵਾਈ ਦੀ ਮੁੱਖਧਾਰਾ ਤੋਂ ਪਾਸੇ ਕਰ ਦਿੱਤੇ ਗਏ ਸਨ। ਉਹਨਾਂ ਦੇ ਬੁਰਜੂਆ ਮਾਨਵਤਾਵਾਦ ਯੂਟੋਪਿਆ ਦੀ ਹੁਣ ਭਾਰਤੀ ਪੂੰਜੀਪਤੀ ਜਮਾਤ ਨੂੰ ਕੋਈ ਲੋੜ ਨਹੀਂ ਸੀ। ਅਜ਼ਾਦੀ ਮਿਲਦੇ ਸਮੇਂ ਉਹਨਾਂ ਕੋਲ "ਦੇਣ ਲਈ ਕੋਈ ਸੰਦੇਸ਼" ਨਹੀਂ ਸੀ ਅਤੇ ਸਮਾਰੋਹਾਂ ਤੋਂ ਵੱਖ ਬੈਠੇ ਉਹ ਵਰਤ ਅਤੇ ਪੂਜਾ ਕਰ ਰਹੇ ਸਨ। ਉਹ ਸਿਰਫ਼ ਵੰਡ ਅਤੇ ਫਿਰਕੂ-ਦੰਗਿਆਂ ਤੋਂ ਹੀ ਨਹੀਂ ਸਗੋਂ ਅਜ਼ਾਦ ਭਾਰਤ ਦੇ ਨਵੇਂ ਸਿਆਸੀ ਤੰਤਰ ਤੋਂ ਵੀ ਦੁੱਖੀ ਸਨ। ਆਪਣੀ ਹੱਤਿਆ ਤੋਂ ਪਹਿਲਾਂ ਉਹਨਾਂ ਨੇ ਕਾਂਗਰਸ 'ਚ ਵੱਧਦੇ ਭ੍ਰਿਸ਼ਟਾਚਾਰ ਅਤੇ ਲੋਕਤਾਂਤਰਿਕ ਕਦਰਾਂ ਦੇ ਪਤਨ ਪ੍ਰਤੀ ਦੁੱਖ ਪ੍ਰਗਟ ਕਰਦੇ ਹੋਏ ਉਸਨੂੰ ਭੰਗ ਕਰਕੇ ਲੋਕ ਸੇਵਕ ਸੰਘ ਦੀ ਸਥਾਪਨਾ ਦਾ ਸੁਝਾਅ ਦਿੱਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਭਾਰਤ ਦੇ ਪਿੰਡਾਂ ਲਈ ਸਮਾਜਿਕ-ਆਰਥਿਕ ਅਜ਼ਾਦੀ ਹਾਸਲ ਕਰਨਾ ਅਜੇ ਬਾਕੀ ਹੈ। ਉਹ ਫ਼ਿਰੰਗੀ ਨੌਕਰਸ਼ਾਹੀ ਅਤੇ ਹਕੂਮਤੀ ਪ੍ਰਬੰਧ ਦੀ ਨਿਰਤੰਰਤਾ ਤੋਂ ਵੀ ਅਸਤੁੰਸਟ ਸਨ, ਪਰ ਭਾਰਤੀ ਪੂੰਜੀਪਤੀ ਜਮਾਤ ਅਤੇ ਨਹਿਰੂ-ਪਟੇਲ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕੇਂਦਰੀਕ੍ਰਿਤ ਮਜ਼ਬੂਤ ਹਕੂਮਤ ਹੀ ਉਹਨਾਂ ਦੀ ਲੋੜ ਹੈ।

ਸੰਨ 1947, ਉਪਮਹਾਂਦੀਪ ਦੇ ਇਤਿਹਾਸ ਦੇ ਸਭ ਤੋਂ ਵੱਡੇ ਫਿਰਕੂ ਖ਼ੂਨ-ਖ਼ਰਾਬੇ ਅਤੇ ਉਜਾੜੇ ਦਾ ਗਵਾਹ ਬਣਿਆ। ਕਰੀਬ ਦੱਸ ਲੱਖ ਲੋਕਾਂ ਦੀ ਜਾਨਾਂ ਗਈਆਂ, ਇੱਕ ਕਰੋੜ ਦੇ ਆਸਪਾਸ ਫੱਟੜ ਹੋਏ, 75 ਹਜ਼ਾਰ ਤੋਂ ਵੱਧ ਔਰਤਾਂ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਅਤੇ ਇਕ ਕਰੋੜ ਤੋਂ ਵੀ ਵੱਧ ਲੋਕ ਉੱਜੜ ਕੇ ਰਫ਼ਿਊਜੀ ਕੈਂਪਾਂ 'ਚ ਦਿਨ ਕੱਟਣ ਨੂੰ ਮਜ਼ਬੂਰ ਹੋਏ। ਪੂੰਜੀਪਤੀ ਜਮਾਤ ਨੇ ਸੱਤ੍ਹਾ ਹਾਸਲ ਕਰਨ ਦਾ ਜਿਹੜਾ ਰਾਹ ਚੁਣਿਆ, ਉਸਦੀ ਕੀਮਤ ਉਪਮਹਾਂਦੀਪ ਦੇ ਲੋਕਾਂ ਨੇ ਇਸ ਰੂਪ 'ਚ ਚੁਕਾਈ। ਇਸੇ ਭਿਆਨਕ ਅਤੀਤ ਦੀ ਲਗਾਤਾਰਤਾ ਭਾਰਤ-ਪਾਕਿਸਤਾਨ ਦਰਮਿਆਨ ਤਿੰਨ ਵੱਡੀਆਂ ਜੰਗਾਂ ਅਤੇ ਕਈ ਛੋਟੀਆਂ-ਮੋਟੀਆਂ ਲੜਾਈਆਂ ਦੇ ਰੂਪ 'ਚ ਅਤੇ ਭਾਰਤ 'ਚ ਫਿਰਕੂ ਦੰਗਿਆਂ, ਫਿਰਕਾਪ੍ਰਸਤੀ ਦੀ ਸਿਆਸਤ ਅਤੇ ਧਾਰਮਿਕ ਕੱਟੜਪੰਥ ਦੇ ਰੂਪ 'ਚ ਸਾਨੂੰ 1947 ਮਗਰੋਂ ਹੁਣ ਤੱਕ ਦੇਖਣ ਨੂੰ ਮਿਲਦੀ ਰਹੀ ਹੈ।

**(ਅਗਲੇ ਅੰਕ 'ਚ ਜ਼ਾਰੀ)**

# ਓਬਾਮਾ ਦੀ ਸੋਚ

**- ਹਾਵਰਡ ਜ਼ਿਨ**

ਅਸੀਂ ਨਾਗਰਿਕ ਹਾਂ ਅਤੇ ਓਬਾਮਾ ਇਕ ਸਿਆਸਤਦਾਨ। ਹੋ ਸਕਦਾ ਹੈ ਤੁਹਾਨੂੰ ਇਹ ਸ਼ਬਦ ਪਸੰਦ ਨਾ ਆਉਣ ਪਰ ਸੱਚਾਈ ਇਹੀ ਹੈ ਕਿ ਉਹ ਇਕ ਸਿਆਸਤਦਾਨ ਹੈ। ਹੋਰ ਵੀ ਕਈ ਗੱਲਾਂ ਉਹਨਾਂ ਨਾਲ ਜੁੜੀਆਂ ਹਨ ਜਿਵੇਂ ਕਿ ਉਹ ਬਹੁਤ ਸੰਵੇਦਨਸ਼ੀਲ ਅਤੇ ਪ੍ਰਤਿਭਾਸ਼ਾਲੀ ਹਨ ਅਤੇ ਉਨ੍ਹਾਂ 'ਚ ਕਾਫ਼ੀ ਸੰਭਾਵਨਾਵਾਂ ਹਨ। ਪਰ ਕੁਲ ਮਿਲਾ ਕੇ ਉਹ ਇਕ ਸਿਆਸਤਦਾਨ ਹਨ।

ਪਰ ਤੁਸੀਂ ਇਕ ਨਾਗਰਿਕ ਹੋ ਤਾਂ ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਤੁਹਾਡੇ 'ਚ ਅਤੇ ਉਹਨਾਂ 'ਚ ਫ਼ਰਕ ਕੀ ਹੈ। ਸਮਝਣਾ ਇਹ ਹੋਵੇਗਾ ਕਿ ਤੁਹਾਨੂੰ ਕੀ ਕਰਨਾ ਹੈ ਅਤੇ ਉਹਨਾਂ ਨੇ ਕੀ ਕਰਨਾ ਹੈ ਅਤੇ ਇਹ ਵੀ ਜਾਨਣਾ ਹੈ ਕਿ ਉਹਨਾਂ ਨੇ ਕੀ ਨਹੀਂ ਕਰਨਾ ਹੈ। ਤੁਹਾਨੂੰ ਉਹਨਾਂ ਨੂੰ ਇਹ ਵੀ ਦੱਸਣਾ ਹੋਵੇਗਾ ਕਿ ਉਹਨਾਂ ਨੇ ਕਿਹੜਾ ਕੰਮ ਨਹੀਂ ਕਰਨਾ ਹੈ।

ਸ਼ੁਰੂ ਤੋਂ ਹੀ ਮੈਂ ਓਬਾਮਾ ਨੂੰ ਪਸੰਦ ਕੀਤਾ। ਪਰ ਪਹਿਲੀ ਵਾਰੀ ਉਹਨਾਂ ਦੇ ਸਿਆਸੀ ਹੋਣ ਦਾ ਅਹਿਸਾਸ ਮੈਨੂੰ ਉਸ ਸਮੇਂ ਹੋਇਆ ਜਦੋਂ 2006 'ਚ ਡੇਮੋਕ੍ਰੇਟਿਕ ਪਾਰਟੀ ਨਾਲ ਸੀਨੇਟ ਦੀ ਸੀਟ ਲਈ ਜਿਹੜੀ ਲਿਬਰਮਨ ਨਾਮਜ਼ਦਗੀ ਨੂੰ ਲੈ ਕੇ ਪ੍ਰੇਸ਼ਾਨ ਸਨ।

ਜਿਵੇਂ ਕਿ ਤੁਸੀਂ ਸਭ ਜਾਣਦੇ ਹੋ ਲਿਬਰਮਨ ਇਕ ਜੰਗ-ਪ੍ਰੇਮੀ ਸਨ ਅਤੇ ਹੁਣ ਵੀ ਉਹ ਜੰਗ-ਪ੍ਰਮੀ ਹੀ ਹਨ। ਉਹ ਡੇਮੋਕ੍ਰੇਟਿਕ ਪਾਰਟੀ ਤੋਂ ਆਪਣੀ ਨਾਮਜ਼ਦਗੀ ਚਾਹੁੰਦੇ ਸਨ। ਲਿਬਰਮਨ ਨੂੰ ਆਪਣਾ ਸਮਰਥਨ ਦਿੱਤਾ।

ਇਸ ਘਟਨਾ ਨੇ ਮੈਨੂੰ ਹੈਰਾਨ ਕਰ ਦਿੱਤਾ। ਮੈਨੂੰ ਲੱਗਿਆ ਕਿ ਸੱਚੀਓਂ ਓਬਾਮਾ ਇੱਕ ਸਿਆਸਤਦਾਨ ਹਨ। ਇਸ ਲਈ ਜਿਹੜਾ ਕੁਝ ਓਬਾਮਾ ਕਹਿ ਰਹੇ ਹਨ ਉਸਨੂੰ ਬਿਨਾਂ ਸੋਚੇ ਸਮਝੇ ਅਤੇ ਬਿਨਾਂ ਉਸ 'ਤੇ ਸਵਾਲ ਉਠਾਏ ਸਾਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ।

ਸਾਡਾ ਕੰਮ ਉਹਨਾਂ ਨੂੰ ਸਰਟੀਫ਼ਿਕੇਟ ਦੇਣਾ ਨਹੀਂ ਹੈ। ਇਹ ਚੰਗੀ ਗੱਲ ਹੈ ਕਿ ਜਿਨ੍ਹੀਂ ਦਿਨੀਂ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਲੜ ਰਹੇ ਸਨ ਅਸੀਂ ਉਹਨਾਂ ਦੀ ਰੱਜ ਕੇ ਵਾਹ-ਵਾਹ ਕੀਤੀ ਪਰ ਹੁਣ ਉਂਞ ਹੀ ਵਾਹ-ਵਾਹ ਕਰਨਾ ਠੀਕ ਨਹੀਂ ਹੋਵੇਗਾ। ਕਾਰਨ ਸੱਪਸ਼ਟ ਹੈ – ਅਸੀਂ ਚਾਹੁੰਦੇ ਹਾਂ ਕਿ ਮੁਲਕ ਹੁਣ ਤੱਕ ਜਿੱਥੇ ਸੀ ਉਸ ਨਾਲੋਂ ਕੁਝ ਅਗਾਂਹ ਵਧੇ। ਅਸੀਂ ਅਤੀਤ ਦੀਆਂ ਗੜਬੜੀਆਂ ਤੋਂ ਕਾਫ਼ੀ ਅੱਗੇ ਨਿਕਲਣਾ ਚਾਹੁੰਦੇ ਹਾਂ

ਜਿਨ੍ਹੀਂ ਦਿਨੀਂ ਮੈਂ ਕੋਲੰਬੀਆ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਰਿਚਰਡ ਹਾਪਸਟੇਡਟਰ ਨਾਮਕ ਮੇਰੇ ਇਕ ਅਧਿਆਪਕ ਨੇ 'ਅਮੇਰੀਕਨ ਪੋਲੀਟੀਕਲ ਟ੍ਰੇਡੀਸ਼ਨ' ਨਾਮਕ ਇਕ ਕਿਤਾਬ ਲਿਖੀ ਸੀ ਜਿਸ 'ਚ ਉਹਨਾਂ ਨੇ ਸ਼ੁਰੂ ਤੋਂ ਲੈ ਕੇ ਰੂਜਵੇਲਟ ਨੂੰ ਸ਼ਾਮਲ ਕਰਦੇ ਹੋਏ ਹੁਣ ਤੱਕ ਦੇ ਰਾਸ਼ਟਰਪਤੀਆਂ ਦਾ ਰਿਵਿਊ ਕੀਤਾ ਸੀ। ਇਸ ਲੜੀ 'ਚ ਕੁਝ ਉਦਾਰਤਾਵਾਦੀ ਸਨ ਅਤੇ ਕੁਝ ਕੱਟੜਪੰਥੀ, ਕੁਝ ਰਿਪਬਲਿਕਨ ਪਾਰਟੀ ਦੇ ਸਨ ਅਤੇ ਕੁਝ ਡੇਮੋਕ੍ਰੇਟਿਕ ਪਾਰਟੀ ਦੇ। ਇਨ੍ਹਾਂ ਦਰਮਿਆਨ ਕਾਫ਼ੀ ਫ਼ਰਕ ਸਨ ਪਰ ਉਹਨਾਂ ਨੇ ਦੇਖਿਆ ਕਿ ਅਖੌਤੀ ਉਦਾਰਤਾਵਾਦੀ ਲੋਕ ਓਨੇ ਉਦਾਰਤਾਵਾਦੀ ਨਹੀਂ ਸਨ ਜਿਵੇਂ ਲੋਕ ਉਹਨਾਂ ਬਾਰੇ ਸੋਚਦੇ ਸਨ। ਇਹ ਵੀ ਦੇਖਿਆ ਉਦਾਰਤਾਵਾਦੀਆਂ ਅਤੇ ਕੱਟੜਪੰਥੀਆਂ ਦਰਮਿਆਨ ਅਤੇ ਰਿਪਬਲਿਕਨਸ ਅਤੇ ਡੇਮੋਕ੍ਰੇਟਸ ਦਰਮਿਆਨ ਕੋਈ ਸਿਫ਼ਤੀ ਫ਼ਰਕ ਨਹੀਂ ਸੀ। ਇਨ੍ਹਾਂ ਸਾਰੇ ਰਾਸ਼ਟਰਪਤੀਆਂ ਦਰਮਿਆਨ ਇਕ ਸਾਂਝਾ ਤੱਤ ਸੀ ਅਤੇ ਉਹ ਸੀ ਕੌਮਵਾਦ ਅਤੇ ਸਰਮਾਏਦਾਰੀ।

ਓਬਾਮਾ ਹੁਣ ਤੱਕ ਇਨ੍ਹਾਂ ਦੋਨਾਂ ਤੱਤਾਂ ਨਾਲੋਂ ਖੁਦ ਨੂੰ ਵੱਖ ਨਹੀਂ ਕਰ ਸਕੇ ਹਨ। ਇਹ ਉਹਨਾਂ ਨੂੰ ਵਿਰਾਸਤ 'ਚ ਹਾਸਲ ਹੋਇਆ ਹੈ। ਉਹਨਾਂ ਦੀਆਂ ਨੀਤੀਆਂ 'ਚ ਅਸੀਂ ਇਸਨੂੰ ਬਖੂਬੀ ਦੇਖ ਸਕਦੇ ਹਾਂ ਭਾਵੇਂ ਹੁਣ ਕਾਰਜਕਾਲ ਨੂੰ ਬਹੁਤ ਘੱਟ ਸਮਾਂ ਹੋਇਆ ਹੈ।

ਕੁਝ ਲੋਕ ਕਹਿ ਸਕਦੇ ਹਨ ਕਿ ਆਖ਼ਰ ਤੁਸੀਂ ਉਹਨਾਂ ਤੋਂ ਕੀ ਉਮੀਦ ਕਰਦੇ ਹੋ ? ਮੇਰਾ ਜਵਾਬ ਹੈ ਕਿ ਅਸੀਂ ਉਹਨਾਂ ਤੋਂ ਬਹੁਤ ਉਮੀਦ ਕਰਦੇ ਹਾਂ। ਲੋਕ ਸਵਾਲ ਕਰਦੇ ਹਨ ਕਿ ਕੀ ਤੁਸੀਂ ਕੋਈ ਸੁਪਨਦਰਸ਼ੀ ਹੋ ? ਮੇਰਾ ਜਵਾਬ ਹੈ ਜੀ ਹਾਂ ਅਸੀਂ ਸੁਪਨਦਰਸ਼ੀ ਹਾਂ। ਅਸੀਂ ਸਭ ਕੁਝ ਚਾਹੁੰਦੇ ਹਾਂ। ਅਸੀਂ ਇਕ ਸ਼ਾਂਤੀਪੂਰਣ ਸੰਸਾਰ ਚਾਹੁੰਦੇ ਹਾਂ। ਅਸੀਂ ਇਕ ਬਰਾਬਰੀ 'ਤੇ ਅਧਾਰਿਤ ਦੁਨੀਆਂ ਚਾਹੁੰਦੇ ਹਾਂ। ਅਸੀਂ ਜੰਗ ਨਹੀਂ ਚਾਹੁੰਦੇ। ਅਸੀਂ ਸਰਮਾਏਦਾਰੀ ਨਹੀਂ ਚਾਹੁੰਦੇ। ਅਸੀਂ ਇਕ ਸ਼ਾਨਦਾਰ ਸਮਾਜ ਚਾਹੁੰਦੇ ਹਾਂ।

ਚੰਗਾ ਹੋਵੇ ਕਿ ਅਸੀਂ ਆਪਣੇ ਇਸ ਸੁਪਨੇ ਨੂੰ ਬਣਾਈ ਰੱਖੀਏ। ਜੇਕਰ ਅਜਿਹਾ ਨਹੀਂ ਕਰਾਂਗੇ ਤਾਂ ਅਸੀਂ ਉਸ ਯਥਾਰਥ 'ਚ ਹੋਰ ਵੀ ਡੂੰਘੇ ਡੁੱਬਦੇ ਜਾਵਾਂਗੇ ਜਿਹੜਾ ਅੱਜ ਸਾਡੇ ਸਾਮ੍ਹਣੇ ਹੈ ਅਤੇ ਜਿਸ ਨੂੰ ਅਸੀਂ ਕਦੇ ਵੀ ਨਹੀਂ ਚਾਹੁੰਦੇ।

ਮੰਡੀ ਪ੍ਰਣਾਲੀ ਦੀਆਂ ਪ੍ਰਾਪਤੀਆਂ ਨੂੰ ਸੁਣ ਕੇ ਤੁਸੀਂ ਹੈਰਾਨ ਹੋਵੋ। ਉਹ ਕਹਿੰਦੇ ਹਨ ਕਿ ਸਭ ਕੁਝ ਮੰਡੀ ਤੈਅ ਕਰੇਗੀ। ਉਹ ਕਹਿੰਦੇ ਹਨ ਕਿ ਸਰਕਾਰ ਨੂੰ ਮੁਫ਼ਤ ਸਿਹਤ ਸੇਵਾ ਦੀ ਚਿੰਤਾ ਨਹੀਂ ਕਰਨੀ ਚਾਹੀਦੀ – ਇਸ ਨੂੰ ਮੰਡੀ ਨੂੰ ਤੈਅ ਕਰਨ ਦਿਉ।

ਮੰਡੀ ਅਜਿਹਾ ਹੀ ਕਰ ਵੀ ਰਹੀ ਹੈ ਅਤੇ ਇਹੀ ਵਜ੍ਹਾ ਹੈ ਕਿ ਸਾਡੇ ਇਥੇ 4 ਕਰੋੜ 80 ਲੱਖ ਲੋਕ ਹਨ ਜਿਨ੍ਹਾਂ ਨੂੰ ਸਿਹਤ ਸੇਵਾਵਾਂ ਹਾਸਲ ਨਹੀਂ ਹਨ। ਮੰਡੀ ਨੇ ਅਜਿਹਾ ਹੀ ਤੈਅ ਕੀਤਾ ਸੀ। ਸਭ ਕੁਝ ਤੁਸੀਂ ਮੰਡੀ 'ਤੇ ਛੱਡ ਦਿੱਤਾ ਅਤੇ 20 ਲੱਖ ਲੋਕ ਬੇਘਰਬਾਰ ਹੋ ਗਏ। ਸਭ ਕੁਝ ਤੁਸੀਂ ਮੰਡੀ 'ਤੇ ਛੱਡ ਦਿੱਤਾ ਅਤੇ ਲੱਖਾਂ ਲੋਕ ਅਜਿਹੀ ਹਾਲਤ 'ਚ ਪਹੁੰਚ ਗਏ ਜਿਹੜੇ ਮਕਾਨ ਦਾ ਕਿਰਾਇਆ ਨਹੀਂ ਦੇ ਸਕਦੇ ਸਨ। ਸਭ ਕੁਝ ਤੁਸੀਂ ਮੰਡੀ 'ਤੇ ਛੱਡ ਦਿੱਤਾ ਅਤੇ ਸਾਢੇ-ਤਿੰਨ ਕਰੋੜ ਲੋਕ ਭੁੱਖੇ ਢਿੱਡ ਰਹਿ ਗਏ।

ਤੁਸੀਂ ਸਭ ਕੁਝ ਮੰਡੀ 'ਤੇ ਨਹੀਂ ਛੱਡ ਸਕਦੇ। ਜੇਕਰ ਤੁਹਾਡੇ ਸਾਮ੍ਹਣੇ ਆਰਥਿਕ ਸੰਕਟ ਹੈ ਜਿਹੋ ਜਿਹਾ ਅਸੀਂ ਝੱਲ ਰਹੇ ਹਾਂ ਤਾਂ ਤੁਸੀਂ

ਉਹ ਨਹੀਂ ਕਰ ਸਕਦੇ ਜਿਹੜਾ ਅਤੀਤ 'ਚ ਕੀਤਾ ਗਿਆ ਸੀ। ਤੁਸੀਂ ਦੇਸ਼ ਦੇ ਉਪਰਲੇ ਤਬਕੇ 'ਤੇ ਹੀ ਅਤੇ ਬੈਂਕਾਂ ਅਤੇ ਨਿਗਮਾਂ 'ਚ ਪੈਸਾ ਨਹੀਂ ਲਗਾ ਸਕਦੇ ਅਤੇ ਇਹ ਉਮੀਦ ਨਹੀਂ ਕਰ ਸਕਦੇ ਕਿ ਇਹ ਰਿਸਦੇ ਹੋਏ ਹੇਠਾਂ ਤੱਕ ਜਾਵੇਗਾ।

ਜਦੋਂ ਬੁਸ਼ ਪ੍ਰਸ਼ਾਸਨ ਨੇ ਦੇਖਿਆ ਕਿ ਅਰਥਚਾਰੇ ਮੂਹਰੇ ਸੰਕਟ ਹੈ ਤਾਂ ਉਹ ਕਿਹੜੀ ਘਟਨਾ ਸੀ ਜਿਹੜੀ ਸਭ ਤੋਂ ਪਹਿਲਾਂ ਘਟਿਤ ਹੋਈ ? 700 ਬਿਲਿਅਨ ਡਾਲਰ ਦੀ ਰਾਹਤ (ਬੇਲਆਉਟ) ਅਤੇ ਇਹ ਪੈਸਾ ਕਿਸਨੂੰ ਦਿੱਤਾ ਗਿਆ ? ਉਹਨਾਂ ਹੀ ਵਿੱਤੀ ਸੰਸਥਾਨਾਂ ਨੂੰ ਜਿਨ੍ਹਾਂ ਦੀ ਵਜ੍ਹਾ ਨਾਲ ਸੰਕਟ ਪੈਦਾ ਹੋਇਆ ਸੀ। ਇਹ ਹਾਦਸਾ ਉਸ ਸਮੇਂ ਹੋਇਆ ਜਦੋਂ ਰਾਸ਼ਟਰਪਤੀ ਅਹੁਦੇ ਲਈ ਚੋਣ ਮੁਹਿੰਮ ਜਾਰੀ ਸੀ ਅਤੇ ਮੈਨੂੰ ਇਹ ਦੇਖ ਕੇ ਬਹੁਤ ਤਕਲੀਫ ਹੋਈ ਕਿ ਇਹ ਸਾਰਾ ਕੁਝ ਓਬਾਮਾ ਨਾ ਸਿਰਫ਼ ਚੁਪਚਾਪ ਦੇਖਦੇ ਰਹੇ ਸਗੋਂ ਇਸਨੂੰ ਉਹਨਾਂ ਨੇ ਆਪਣੀ ਪ੍ਰਵਾਨਗੀ ਦੇ ਦਿੱਤੀ। ਉਸ ਸਮੇਂ ਓਬਾਮਾ ਨੂੰ ਕਹਿਣਾ ਚਾਹੀਦਾ ਸੀ – ਤੁਸੀਂ ਇਹ ਕੀ ਕਰ ਰਹੇ ਹੋ। ਬੈਂਕਾਂ 'ਤੇ ਗਰੀਬੀ ਦੀ ਮਾਰ ਨਹੀਂ ਪਈ ਹੈ। ਬੇਰੁਜ਼ਗਾਰੀ ਦੇ ਸ਼ਿਕਾਰ ਆਮ ਲੋਕ ਹਨ। ਆਮ ਲੋਕਾਂ ਨੇ ਆਪਣੀਆਂ ਚੀਜ਼ਾਂ ਗਹਿਣੇ ਰੱਖੀਆਂ ਹਨ ਜਿਨ੍ਹਾਂ ਨੂੰ ਉਹ ਛੁਡਾਉਣ 'ਚ ਕਾਮਯਾਬ ਨਹੀਂ ਹੋ ਰਹੇ। 700 ਬਿਲਿਅਨ ਡਾਲਰ ਦੀ ਰਕਮ ਸਿੱਧੇ ਉਹਨਾਂ ਲੋਕਾਂ ਨੂੰ ਦੇ ਦਿਓ ਜਿਨ੍ਹਾਂ ਨੂੰ ਇਸਦੀ ਲੋੜ ਹੈ। ਇਸ ਲਈ ਭਾਵੇਂ ਸਾਨੂੰ 1 ਟ੍ਰਿਲਿਅਨ ਜਾਂ 2 ਟ੍ਰਿਲਿਅਨ ਕਿਉਂ ਨਾ ਸਾਨੂੰ ਸਰਕਾਰੀ ਖਜ਼ਾਨੇ ਤੋਂ ਕੱਢਣਾ ਪਏ। ਇਹ ਪੈਸਾ ਲੋੜਵੰਦਾਂ ਨੂੰ ਦੇ ਦਿਓ। ਇਸ ਲਈ ਦੇ ਦਿਓ ਤਾਂ ਕਿ ਕਿਸੇ ਨੂੰ ਆਪਣੇ ਘਰ ਤੋਂ ਬੇਦਖਲ ਹੋ ਕੇ ਸੜਕ 'ਤੇ ਨਾ ਆਉਣਾ ਪਏ।

ਸ਼ਾਇਦ ਓਬਾਮਾ ਬੈਂਕਾਂ ਨੂੰ ਹੋਰ ਵੀ 1 ਟ੍ਰਿਲਿਅਨ ਦੇਣਾ ਚਾਹੁੰਦੇ ਹਨ। ਬੁਸ਼ ਵਾਂਗੂੰ ਉਹ ਵੀ ਇਸ ਨੂੰ ਸਿੱਧੇ ਲੋਕਾਂ ਤੱਕ ਨਹੀਂ ਪਹੁੰਚਾਉਣਾ ਚਾਹੁੰਦੇ। ਰਿਪਬਲਿਕਨਸ ਦੇ ਉਲਟ ਓਬਾਮਾ ਵੀ ਚਾਹੁੰਦੇ ਹਨ ਕਿ ਉਹ ਆਰਥਿਕ ਸੰਕਟ ਤੋਂ ਨਿਜਾਤ ਪਾਉਣ ਦੀ ਯੋਜਨਾ 'ਚ 800 ਬਿਲਿਅਨ ਡਾਲਰ ਲਗਾਉਣ। ਠੀਕ ਹੈ, ਅਜਿਹਾ ਹੋਣਾ ਚਾਹੀਦਾ ਹੈ ਪਰ ਜੇਕਰ ਤੁਸੀਂ ਇਸ ਯੋਜਨਾ ਦੀ ਬਾਰੀਕੀ ਨਾਲ ਘੋਖ ਕਰੋਗੇ ਤਾਂ ਦੇਖੋਗੇ ਇਸ ਧਨਰਾਸ਼ੀ ਦਾ ਬਹੁਤ ਵੱਡਾ ਹਿੱਸਾ ਮੰਡੀ ਜ਼ਰੀਏ ਅਤੇ ਨਿਗਮਾਂ ਕੋਲ ਜਾਵੇਗਾ।

ਇਸ ਨਾਲ ਵਪਾਰਕ ਘਰਾਣਿਆ ਨੂੰ ਕਰਾਂ 'ਚ ਛੋਟ ਮਿਲੇਗੀ ਅਤੇ ਇਹ ਉਮੀਦ ਕੀਤੀ ਜਾਵੇਗੀ ਕਿ ਉਹ ਲੋਕਾਂ ਨੂੰ ਰੁਜ਼ਗਾਰ ਦੇਣਗੇ। ਇਹ ਬਿਲਕੁਲ ਨਾਮੁਮਕਿਨ ਹੈ। ਜੇਕਰ ਲੋਕਾਂ ਨੂੰ ਕੰਮ ਚਾਹੀਦਾ ਹੈ ਤਾਂ ਤੁਸੀਂ ਵੱਡੇ ਨਿਗਮਾਂ ਨੂੰ ਪੈਸਾ ਨਾ ਦਿਓ – ਤੁਸੀਂ ਸਿੱਧੇ ਲੋਕਾਂ ਨੂੰ ਕੰਮ ਦਿਓ।

ਬਥੇਰੇ ਲੋਕ ਨਹੀ ਜਾਣਦੇ ਹਨ ਕਿ 1930 ਦੇ ਦਹਾਕੇ ਦੇ 'ਨਿਊ ਡੀਲ' ਦਾ ਇਤਿਹਾਸ ਕੀ ਸੀ। ਇਸ ਯੋਜਨਾ ਨੇ ਬਹੁਤ ਕੁਝ ਤਾਂ ਨਹੀਂ ਕੀਤਾ ਪਰ ਇਸਨੇ ਕੁਝ ਚੰਗੇ ਵਿਚਾਰਾਂ ਨੂੰ ਜਨਮ ਦਿੱਤਾ ਸੀ। ਅਜਿਹਾ ਇਸ ਲਈ ਸੰਭਵ ਹੋ ਸਕਿਆ ਕਿਉਂਕਿ ਦੇਸ਼ 'ਚ ਜ਼ਬਰਦਸਤ ਐਜ਼ੀਟੇਸ਼ਨ ਚਲ ਰਹੀ ਸੀ ਅਤੇ ਰਾਸ਼ਟਰਪਤੀ ਰੂਜਵੇਲਟ ਨੂੰ ਇਨ੍ਹਾਂ ਅੰਦੋਲਨਾਂ 'ਤੇ ਧਿਆਨ ਦੇਣਾ ਪਿਆ। ਉਹਨਾਂ ਨੇ ਅਰਬਾਂ ਡਾਲਰ ਦੀ ਰਾਸ਼ੀ ਨਿਰਧਾਰਿਤ ਕੀਤੀ ਅਤੇ ਕਿਹਾ ਕਿ ਸਰਕਾਰ ਲੋਕਾਂ ਨੂੰ ਰੁਜ਼ਗਾਰ ਦੇ ਦੇਵੇਗੀ। ਤੁਹਾਡੇ ਕੋਲ ਕੋਈ ਕੰਮ ਨਹੀਂ ਹੈ ? ਠੀਕ ਹੈ, ਸਰਕਾਰ ਤੁਹਾਨੂੰ ਨੌਕਰੀ ਦੇਵੇਗੀ। ਇਸ ਦੇ ਸਿੱਟੇ ਵਜੋਂ ਪੂਰੇ ਦੇਸ਼ 'ਚ ਸ਼ਾਨਦਾਰ ਕੰਮ ਹੋਏ। ਲੱਖਾਂ ਨੌਜਵਾਨਾਂ ਨੂੰ ਸਿਵਿਲਅਨ ਕੰਜ਼ਰਵੇਸ਼ਨ ਕਾਰਪਸ 'ਚ ਭਰਤੀ ਕੀਤਾ ਗਿਆ। ਉਹਨਾਂ ਨੂੰ ਦੇਸ਼ ਭਰ 'ਚ ਫੈਲਾ ਦਿੱਤਾ ਗਿਆ ਜਿੱਥੇ ਪੁਲਾਂ, ਸੜਕਾਂ, ਖੇਡ ਦੇ ਮੈਦਾਨਾਂ ਦੀ ਉਸਾਰੀ 'ਚ ਮੱਦਦ ਦਿੱਤੀ ਅਤੇ ਕਈ ਸ਼ਾਨਦਾਰ ਕੰਮ ਕੀਤੇ। ਸਰਕਾਰ ਨੇ ਇਕ ਫੇਡਰਲ ਆਰਟਸ ਪ੍ਰੋਗ੍ਰਾਮ ਤਿਆਰ ਕੀਤਾ ਅਤੇ ਉਸਨੇ ਇਸ ਗੱਲ ਦਾ ਇੰਤਜ਼ਾਰ ਨਹੀਂ ਕੀਤਾ ਕਿ ਮੰਡੀ ਤੈਅ ਕਰੇ ਕਿ ਸਾਨੂੰ ਕੀ ਕਰਨਾ ਹੈ। ਸਰਕਾਰ ਨੇ ਇਸ ਪ੍ਰੋਗ੍ਰਾਮ ਦੇ ਤਹਿਤ ਹਜ਼ਾਰਾਂ ਬੇਰੁਜ਼ਗਾਰ ਕਲਾਕਾਰਾਂ ਨੂੰ ਨੌਕਰੀਆਂ ਦਿੱਤੀਆਂ। ਇਨ੍ਹਾਂ 'ਚ ਨਾਟਕਕਾਰ, ਅਦਾਕਾਰ, ਸੰਗੀਤਕਾਰ, ਚਿੱਤਰਕਾਰ, ਮੂਰਤੀਕਾਰ, ਲੇਖਕ ਆਦਿ ਸਾਰੇ ਸ਼ਾਮਲ ਸਨ। ਇਸਦਾ ਨਤੀਜਾ ਇਹ ਹੋਇਆ ਕਿ 2 ਲੱਖ ਤੋਂ ਵੱਧ ਕਲਾਕ੍ਰਿਤੀਆਂ ਦੀ ਉਸਾਰੀ ਹੋਈ। ਅੱਜ ਸਾਰੇ ਦੇਸ਼ 'ਚ ਤੁਸੀਂ ਦੇਖੋਗੇ ਕਿ ਉਸ ਪ੍ਰੋਗ੍ਰਾਮ ਤਹਿਤ ਹਜਾਰਾਂ ਚਿੱਤਰ ਦੇਸ਼ ਦੀਆਂ ਇਮਾਰਤਾਂ 'ਤੇ ਅੱਜ ਵੀ ਨਜ਼ਰ ਆਉਂਦੇ ਹਨ। ਦੇਸ਼ ਭਰ 'ਚ ਥਿਏਟਰਾਂ ਦੇ ਅੰਦਰ ਸਸਤੇ ਟਿਕਟਾਂ 'ਤੇ ਨਾਟਕਾਂ ਦਾ ਪ੍ਰਦਰਸ਼ਨ ਕੀਤਾ ਗਿਆ ਤਾਂ ਕਿ ਉਹ ਲੋਕ ਵੀ ਨਾਟਕਾਂ ਦਾ ਅੰਨਦ ਉਠਾ ਸਕਣ ਜਿਨ੍ਹਾਂ ਨੇ ਇਸ ਦੇ ਮਹਿੰਗੇ ਹੋਣ ਕਾਰਨ ਕਦੇ ਦੇਖਿਆ ਨਹੀਂ ਸੀ।

ਇਹ ਤਾਂ ਇਕ ਝਲਕ ਹੈ ਜਿਸ ਨਾਲ ਪਤਾ ਚਲਦਾ ਹੈ ਕਿ ਕੀ ਕੀਤਾ ਜਾ ਸਕਦਾ ਹੈ। ਸਰਕਾਰ ਨੂੰ ਲੋਕਾਂ ਦੀਆਂ ਲੋੜਾਂ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਇਹ ਨਹੀਂ ਚਾਹੀਦਾ ਕਿ ਲੋਕਾਂ ਦੀਆਂ ਲੋੜਾਂ ਦੀ ਨੁਮਇੰਦਗੀ ਦਾ ਕੰਮ ਨਿਗਮਾਂ ਨੂੰ ਅਤੇ ਬੈਂਕਾਂ ਨੂੰ ਸੌਂਪ ਦੇਵੇ ਕਿਉਂਕਿ ਉਹਨਾਂ ਨੂੰ ਲੋਕਾਂ ਦੀਆਂ ਲੋੜਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਹਨਾਂ ਨੂੰ ਤਾਂ ਸਿਰਫ਼ ਮੁਨਾਫ਼ਾ ਚਾਹੀਦਾ ਹੈ।

ਆਪਣੀ ਪ੍ਰਚਾਰ ਮੁਹਿੰਮ ਦੌਰਾਨ ਓਬਾਮਾ ਨੇ ਕੁਝ ਬਹੁਤ ਬੁੱਧੀਮਤਾਪੂਰਨ ਗੱਲਾਂ ਕਹੀਆਂ ਅਤੇ ਜਦੋਂ ਕੋਈ ਅਜਿਹੀਆਂ ਗੱਲਾਂ ਕਹਿੰਦਾ ਹੈ ਤਾਂ ਤੁਹਾਨੂੰ ਯਾਦ ਰੱਖਣਾ ਪੈਂਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਕਹਿਣ ਵਾਲਾ ਅੱਗੇ ਚੱਲ ਕੇ ਉਨ੍ਹਾਂ ਗੱਲਾਂ ਨੂੰ ਭੁੱਲ ਜਾਵੇ ਅਤੇ ਤੁਹਾਨੂੰ ਯਾਦ ਦਿਵਾਉਣਾ ਪਏਗਾ ਕਿ ਤੁਸੀਂ ਇੰਨੀ ਮੱਹਤਵਪੂਰਨ ਗੱਲ ਕਹੀ ਸੀ।

ਉਹਨਾਂ ਦਿਨੀਂ ਓਬਾਮਾ ਇਰਾਕ ਜੰਗ ਦੀ ਗੱਲ ਕਰ ਰਹੇ ਸਨ ਅਤੇ ਇਸ ਪ੍ਰਸੰਗ 'ਚ ਉਹਨਾਂ ਨੇ ਇੰਨਾਂ ਕਿਹਾ ਸੀ ਕਿ 'ਇੰਨਾ ਕਾਫ਼ੀ ਨਹੀਂ ਹੋਵੇਗਾ ਕਿ ਅਸੀਂ ਇਰਾਕ ਤੋਂ ਬਾਹਰ ਨਿਕਲ ਜਾਈਏ।' ਸਾਨੂੰ ਵਾਰੀ–ਵਾਰੀ ਉਹਨਾਂ ਨੂੰ ਯਾਦ ਦਿਵਾਉਣਾ ਪਏਗਾ ਕਿ ਇਰਾਕ ਤੋਂ ਬਾਹਰ ਨਿਕਲੋ, ਇਰਾਕ ਤੋਂ ਬਾਹਰ ਨਿਕਲੋ, ਅਗਲੇ ਸਾਲ ਨਹੀਂ, ਅਗਲੇ ਦੋ ਸਾਲਾਂ 'ਚ ਵੀ ਨਹੀਂ, ਹੁਣੇ ਅਤੇ ਬਿਲਕੁਲ ਹੁਣੇ। ਹੁਣ ਜ਼ਰਾ ਉਹਨਾਂ ਦੇ ਇਸ ਬਿਆਨ ਦੇ ਅਗਲੇ ਹਿੱਸੇ ਨੂੰ ਵੀ ਸੁਣੀਏ। ਉਹਨਾਂ ਦਾ ਪੂਰਾ ਬਿਆਨ ਸੀ – 'ਇੰਨਾ ਹੀ ਕਾਫ਼ੀ ਨਹੀ ਹੋਵੇਗਾ ਕਿ ਅਸੀਂ ਇਰਾਕ ਤੋਂ ਬਾਹਰ ਨਿਕਲ ਜਾਈਏ ਸਗੋਂ ਸਾਨੂੰ ਉਸ ਮਾਨਸਿਕਤਾ ਤੋਂ ਵੀ ਬਾਹਰ ਨਿਕਲਣਾ ਹੋਵੇਗਾ ਜਿਸਦੀ ਵਜ੍ਹਾ ਨਾਲ ਅਸੀਂ ਇਰਾਕ ਗਏ ਸਾਂ।'

ਉਹ ਕਿਹੜੀ ਮਾਨਸਿਕਤਾ ਸੀ ਜਿਹੜੀ ਸਾਨੂੰ ਧੂਹ ਕੇ

ਇਰਾਕ ਲੈ ਗਈ ਸੀ ?

ਮਾਨਸਿਕਤਾ ਇਹ ਸੀ ਕਿ ਤਾਕਤ ਜ਼ਰੀਏ ਚਮਤਕਾਰ ਕੀਤਾ ਜਾ ਸਕਦਾ ਹੈ। ਹਿੰਸਾ, ਜੰਗ, ਬੰਬ-ਵਰ੍ਹਾਊ ਵਿਮਾਨ-ਇਨ੍ਹਾਂ ਜ਼ਰੀਏ ਅਸੀਂ ਲੋਕਾਂ ਨੂੰ ਜਮਹੂਰੀਅਤ ਅਤੇ ਆਜ਼ਾਦੀ ਦੇ ਸਕਦੇ ਹਾਂ। ਇਹ ਉਹ ਮਾਨਸਿਕਤਾ ਸੀ ਜਿਹੜੀ ਦੱਸਦੀ ਹੈ ਕਿ ਅਮਰੀਕਾ ਕੋਲ ਰੱਬ ਤੋਂ ਪ੍ਰਵਾਨਤ ਹੱਕ ਹਾਸਲ ਹਨ ਕਿ ਉਹ ਆਪਣੇ ਫ਼ਾਇਦੇ ਲਈ ਕਿਸੇ ਵੀ ਦੇਸ਼ 'ਤੇ ਹਮਲਾ ਕਰ ਦੇਵੇ। 1846 'ਚ ਅਸੀਂ ਮੈਕਸਿਕੋ ਦੇ ਲੋਕਾਂ ਨੂੰ ਸੱਭਿਅਕ ਬਣਾਇਆ। 1898 'ਚ ਅਸੀਂ ਕਿਊਬਾ ਦੇ ਲੋਕਾਂ ਨੂੰ ਅਜ਼ਾਦੀ ਦਿੱਤੀ। 1900 'ਚ ਅਸੀਂ ਫਿਲੀਪੀਂਸ 'ਚ ਜਮਹੂਰੀਅਤ ਦੀ ਸਥਾਪਨਾ ਕੀਤੀ। ਤੁਹਾਨੂੰ ਪਤਾ ਹੈ ਸਾਰੀ ਦੁਨੀਆਂ 'ਚ ਜਮਹੂਰੀਅਤ ਲਿਆਉਣ 'ਚ ਸਾਨੂੰ ਕਿੰਨੀ ਕਾਮਯਾਬੀ ਮਿਲੀ। ਓਬਾਮਾ ਇਸ ਫ਼ੌਜੀ ਮਿਸ਼ਨਰੀ ਮਾਨਸਿਕਤਾ ਤੋਂ ਬਾਹਰ ਨਹੀਂ ਨਿਕਲ ਸਕੇ ਹਨ। ਉਹ ਅਫਗਾਨਿਸਤਾਨ 'ਚ ਹੁਣ ਵੀ ਲੱਖਾਂ ਦੀ ਸੰਖਿਆ 'ਚ ਫ਼ੌਜੀਆਂ ਨੂੰ ਭੇਜਣ ਦੀ ਗੱਲ ਕਰਦੇ ਹਨ।

ਓਬਾਮਾ ਕਾਫ਼ੀ ਸਮਾਰਟ ਵਿਅਕਤੀ ਹਨ ਅਤੇ ਨਿਸ਼ਚਿਤ ਹੀ ਉਹਨਾਂ ਨੂੰ ਇਤਿਹਾਸ ਦਾ ਗਿਆਨ ਹੋਵੇਗਾ। ਅਫ਼ਗਾਨਿਸਤਾਨ ਦੇ ਇਤਿਹਾਸ ਨੂੰ ਜਾਨਣ ਲਈ ਤੁਹਾਨੂੰ ਬਹੁਤ ਮਿਹਨਤ ਕਰਨ ਦੀ ਲੋੜ ਨਹੀਂ ਹੈ। ਤੁਸੀਂ ਦੇਖੋਗੇ ਕਿ ਇਕ ਦੇ ਬਾਅਦ ਇਕ-ਅਨੇਕ ਦਹਾਕਿਆਂ ਤੱਕ ਪੱਛਮੀ ਦੇਸ਼ਾਂ ਨੇ ਤਾਕਤ ਦੇ ਜ਼ੋਰ 'ਤੇ ਅਫ਼ਗਨਿਸਤਾਨ 'ਤੇ ਆਪਣੀ ਮਰਜ਼ੀ ਥੋਪਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ 'ਚ ਅੰਗਰੇਜ਼ ਸ਼ਾਮਲ ਸਨ, ਰੂਸੀ ਸ਼ਾਮਲ ਸਨ ਅਤੇ ਹੁਣ ਅਮਰੀਕੀ ਸ਼ਾਮਲ ਹਨ। ਨਤੀਜਾ ਕੀ ਨਿਕਲਿਆ ? ਸਮੁੱਚਾ ਦੇਸ਼ ਤਬਾਹ ਅਤੇ ਬਰਬਾਦ ਹੋ ਗਿਆ।

ਜਿਸ ਫ਼ੌਜੀ ਮਾਨਸਿਕਤਾ ਨੇ ਅਫ਼ਗਾਨਿਸਤਾਨ 'ਚ 21,000 ਹੋਰ ਫ਼ੌਜੀਆਂ ਨੂੰ ਭੇਜਿਆ ਹੈ ਉਹੀ ਅੱਜ ਓਬਾਮਾ ਦੇ ਰੂਪ 'ਚ ਕਹਿ ਰਿਹਾ ਹੈ ਕਿ ਉੱਥੇ ਸਾਡੀ ਹੋਰ ਵੀ ਵੱਡੀ ਫ਼ੌਜ ਹੋਣੀ ਚਾਹੀਦੀ ਹੈ। ਓਬਾਮਾ ਨੇ ਜਦੋਂ ਅਜਿਹਾ ਕਿਹਾ ਤਾਂ ਮੇਰਾ ਦਿਲ ਬਹਿ ਗਿਆ। ਸਾਨੂੰ ਕਿਉਂ ਹੋਰ ਵੀ ਵੱਡੀ ਫ਼ੌਜ ਦੀ ਉੱਥੇ ਲੋੜ ਹੈ ? ਸਾਡਾ ਫ਼ੌਜੀ ਬਜਟ ਬਹੁਤ ਲੰਮਾ-ਚੌੜਾ ਹੈ। ਕੀ ਓਬਾਮਾ ਨੇ ਇਕ ਵਾਰ ਵੀ ਇਸ ਬਜਟ ਦੀ ਕਟੌਤੀ ਕਰਨ ਦੀ ਗੱਲ ਕਹੀ ਹੈ ? ਨਹੀਂ। 100 ਤੋਂ ਵੀ ਵੱਧ ਦੇਸ਼ਾਂ 'ਚ ਸਾਡੇ ਫ਼ੌਜੀ ਅੱਡੇ ਹਨ। ਇਕੱਲੇ ਓਕੀਨਾਵਾ 'ਚ ਸਾਡੇ 14 ਫ਼ੌਜੀ ਅੱਡੇ ਹਨ। ਉੱਥੇ ਸਾਨੂੰ ਕੌਣ ਚਾਹੁੰਦਾ ਹੈ ? ਉੱਥੋਂ ਦੀਆਂ ਸਰਕਾਰਾਂ। ਉਹਨਾਂ ਨੂੰ ਇਸ ਨਾਲ ਫ਼ਾਇਦਾ ਹੁੰਦਾ ਹੈ। ਪਰ ਲੋਕ ਸਾਡੀ ਮੌਜੂਦਗੀ ਉੱਥੇ ਨਹੀਂ ਚਾਹੁੰਦੇ। ਇਟਲੀ 'ਚ ਜਦੋਂ ਅਮਰੀਕੀ ਫ਼ੌਜੀ ਅੱਡੇ ਦੀ ਸਥਾਪਨਾ ਦੀ ਗੱਲ ਹੋਈ ਤਾਂ ਉੱਥੋਂ ਦੇ ਲੋਕਾਂ ਨੇ ਜ਼ਬਰਦਸਤ ਪ੍ਰਦਰਸ਼ਨ ਕੀਤਾ। ਦੱਖਣ ਕੋਰੀਆ ਅਤੇ ਓਕੀਆਵਾ 'ਚ ਅਸੀਂ ਵੱਡੇ ਪ੍ਰਦਰਸ਼ਨਾਂ ਨੂੰ ਦੇਖਿਆ ਹੈ।

ਓਬਾਮਾ ਪ੍ਰਸ਼ਾਸਨ ਨੇ ਜਿਹੜੇ ਸਾਰੇ ਕਦਮ ਚੁੱਕੇ ਉਹਨਾਂ 'ਚ ਅਸੀਂ ਵੇਖਿਆ ਕਿ ਉਹਨਾਂ ਨੇ ਪਾਕਿਸਤਾਨ 'ਤੇ ਬੰਬਾਰੀ ਲਈ ਪ੍ਰੀਡੇਟਰ ਮਿਸਾਇਲ ਭੇਜੇ। ਲੋਕ ਮਾਰੇ ਗਏ। ਅਸੀਂ ਇਹ ਦਾਅਵਾ ਕਰਦੇ ਹੀ ਰਹਿ ਗਏ ਕਿ ਸਾਡੇ ਹਥਿਆਰਾਂ ਦਾ ਨਿਸ਼ਾਨਾ ਬਹੁਤ ਪੱਕਾ ਹੈ ਅਤੇ ਅਸੀਂ ਜਿੱਥੇ ਚਾਹੁੰਦੇ ਹਾਂ ਉੱਥੇ ਹੀ ਇਹ ਹਮਲਾ ਕਰਦੇ ਹਨ।

ਇਸ ਲਈ ਸਾਨੂੰ ਉਸ ਮਾਨਸਿਕਤਾ ਤੋਂ ਬਾਹਰ ਆਉਣ ਦੀ ਲੋੜ ਹੈ ਜਿਸ ਨੇ ਸਾਨੂੰ ਇਰਾਕ ਪਹੁੰਚਾਇਆ ਪਰ ਸਾਨੂੰ ਉਸ ਮਾਨਸਿਕਤਾ ਨੂੰ ਪਛਾਨਣ ਦੀ ਵੀ ਲੋੜ ਹੈ। ਓਬਾਮਾ 'ਤੇ ਉਨ੍ਹਾਂ ਲੋਕਾਂ ਵਲੋਂ ਦਬਾਅ ਪਾਉਣਾ ਚਾਹੀਦਾ ਹੈ ਜਿਨ੍ਹਾਂ ਨੇ ਉਹਨਾਂ ਨੂੰ ਚੁਣਿਆ। ਜਿਹੜੇ ਉਹਨਾਂ ਨੂੰ ਲੈ ਕੇ ਉਤਸਾਹਿਤ ਰਹਿੰਦੇ ਹਨ। ਸਾਨੂੰ ਓਬਾਮਾ ਨੂੰ ਦੱਸਣਾ ਹੋਵੇਗਾ ਕਿ ਤਾਕਤ ਦੀ ਵਰਤੋਂ ਵਾਲੇ ਇਸ ਫ਼ੌਜੀ ਵਿਚਾਰ ਨਾਲ ਤੁਸੀਂ ਵੱਖ ਦਿਸ਼ਾ 'ਚ ਜਾਉਗੇ ਅਤੇ ਅਸੀਂ ਇਕ ਅਜਿਹੇ ਮੁਲਕ ਦੇ ਰੂਪ 'ਚ ਆਪਣੀ ਹੋਂਦ ਬਣਾਈ ਰੱਖਾਂਗੇ ਜਿਸ ਨਾਲ ਲੋਕ ਨਫ਼ਰਤ ਕਰਨ।

ਓਬਾਮਾ ਨੇ ਇਸ ਦੇਸ਼ ਲਈ ਇਕ ਦ੍ਰਿਸ਼ਟੀ ਦੀ ਗੱਲ ਕੀਤੀ ਹੈ। ਨਿਸ਼ਚਿਤ ਹੀ ਤੁਹਾਡੇ ਕੋਲ ਇਕ ਦ੍ਰਿਸ਼ਟੀ ਹੋਣੀ ਚਾਹੀਦੀ ਹੈ ਅਤੇ ਹੁਣ ਮੈਂ ਓਬਾਮਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹਨਾਂ ਦੀ ਦ੍ਰਿਸ਼ਟੀ ਕੀ ਹੋਣੀ ਚਾਹੀਦੀ ਹੈ।

ਇਕ ਅਜਿਹੀ ਕੌਮ ਦੀ ਦ੍ਰਿਸ਼ਟੀ ਹੋਣੀ ਚਾਹੀਦੀ ਹੈ ਜਿਸ ਨੂੰ ਸਾਰੇ ਸੰਸਾਰ ਦੇ ਲੋਕ ਪਸੰਦ ਕਰਨ। ਮੈਂ ਇਹ ਵੀ ਨਹੀਂ ਕਹਿੰਦਾ ਕਿ ਲੋਕ ਪਿਆਰ ਕਰਨ-ਉਂਞ ਕਰਨ 'ਚ ਅਜੇ ਸਮਾਂ ਲਗ ਸਕਦਾ ਹੈ। ਇਕ ਅਜਿਹੀ ਕੌਮ ਹੋਵੇ ਜਿਸ ਤੋਂ ਲੋਕ ਡਰਨ ਨਾ, ਜਿਸ ਤੋਂ ਲੋਕ ਚਿੜਨ ਨਾ, ਜਿਸ ਨਾਲ ਲੋਕ ਨਫ਼ਰਤ ਨਾ ਕਰਨ ਜਿਵੇਂ ਕਿ ਹੁਣ ਹੈ ਸਗੋਂ ਅਜਿਹੀ ਕੌਮ ਹੋਵੇ ਜਿਸ ਨੂੰ ਸ਼ਾਂਤੀ ਦੀ ਬਹਾਲੀ ਕਰਨ ਵਾਲੀ ਸਮਝਣ ਕਿਉਂਕਿ ਅਸੀਂ ਇਨ੍ਹਾਂ ਸਭ ਦੇਸ਼ਾਂ ਤੋਂ ਆਪਣੇ ਫ਼ੌਜੀ ਅੱਡੇ ਹਟਾ ਲਏ।

ਸਾਨੂੰ ਫ਼ੌਜੀ ਬਜਟ 'ਤੇ ਕਰੋੜਾਂ-ਅਰਬਾਂ ਡਾਲਰ ਖਰਚ ਕਰਨ ਦੀ ਲੋੜ ਨਹੀਂ ਹੈ। ਉਸ ਪੈਸੇ ਦੀ ਵਰਤੋਂ ਹਰ ਵਿਅਕਤੀ ਨੂੰ ਮੁਫ਼ਤ ਸਿਹਤ ਸੇਵਾ ਦੇਣ ਲਈ ਕੀਤੀ ਜਾ ਸਕਦੀ ਹੈ, ਬੇਰੁਜ਼ਗਾਰਾਂ ਨੂੰ ਨੌਕਰੀ ਦੀ ਗਰੰਟੀ ਲਈ ਕੀਤੀ ਜਾ ਸਕਦੀ ਹੈ, ਜਿਹੜੇ ਲੋਕ ਮਕਾਨ ਦਾ ਕਿਰਾਇਆ ਨਹੀਂ ਦੇ ਸਕਦੇ ਹਨ, ਉਹਨਾਂ ਨੂੰ ਕਿਰਾਇਆ ਮੁਹੱਈਆ ਕਰਾਉਣ ਲਈ ਕੀਤੀ ਜਾ ਸਕਦੀ ਹੈ ਅਤੇ ਬੱਚਿਆਂ ਦੀ ਦੇਖ-ਰੇਖ ਲਈ ਕੇਂਦਰ ਬਣਾਉਣ ਲਈ ਕੀਤੀ ਜਾ ਸਕਦੀ ਹੈ।

ਉਨ੍ਹਾਂ ਪੈਸਿਆਂ ਦੀ ਵਰਤੋਂ ਅਸੀਂ ਸਾਰੀ ਦੁਨੀਆ 'ਚ ਬੰਬ-ਵਰ੍ਹਾਊ ਵਿਮਾਨਾਂ ਨੂੰ ਭੇਜਣ ਲਈ ਨਹੀਂ ਸਗੋਂ ਲੋਕਾਂ ਦੀ ਮੱਦਦ ਲਈ ਕਰੀਏ। ਮੁਸ਼ਕਲ ਸਮੇਂ ਹੈਲੀਕਾਪਟਰਾਂ ਦੀ ਲੋੜ ਹੁੰਦੀ ਹੈ ਤਾਂ ਕਿ ਹੜ੍ਹਗ੍ਰਸਤ ਇਲਾਕਿਆਂ ਤੋਂ ਜਾਂ ਤਬਾਹ ਇਲਾਕਿਆਂ 'ਚੋਂ ਲੋਕਾਂ ਨੂੰ ਬਾਹਰ ਕੱਢਿਆ ਜਾ ਸਕੇ। ਹੈਲੀਕਾਪਟਰਾਂ ਦੀ ਲੋੜ ਹੁੰਦੀ ਹੈ ਤਾਂ ਕਿ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ ਪਰ ਸਾਡੇ ਹੈਲੀਕਾਪਟਰ ਮੱਧ-ਪੂਰਬ ਦੇ ਦੇਸ਼ਾਂ 'ਚ ਬੰਬ ਡੇਗ ਰਹੇ ਹਨ ਅਤੇ ਲੋਕਾਂ ਦੀ ਜਾਨਾਂ ਲੈ ਰਹੇ ਹਨ।

ਲੋੜ ਹੈ ਇਸ ਸਥਿਤੀ ਨੂੰ ਪੂਰੀ ਤਰ੍ਹਾਂ ਪਲਟ ਦੇਣ ਦੀ। ਸਾਨੂੰ ਅਜਿਹਾ ਮੁਲਕ ਚਾਹੀਦਾ ਹੈ ਜਿਹੜਾ ਆਪਣੇ ਸਰੋਤਾਂ, ਆਪਣੀ ਸੰਪਤੀ ਅਤੇ ਆਪਣੀ ਤਾਕਤ ਦੀ ਵਰਤੋਂ ਲੋਕਾਂ ਦੀ ਮੱਦਦ ਲਈ ਕਰੇ ਨਾ ਕਿ ਲੋਕਾਂ ਨੂੰ ਆਹਤ ਕਰਨ ਲਈ। ਅਸੀਂ ਇਹੀ ਚਾਹੁੰਦੇ ਹਾਂ।

ਇਸੇ ਦ੍ਰਿਸ਼ਟੀ ਨੂੰ ਅਸੀਂ ਜਿੰਦਾ ਰੱਖਣਾ ਹੈ। ਸਾਨੂੰ ਇਹ ਕਹਿ ਕੇ ਸੰਤੁਸ਼ਟ ਹੋ ਜਾਣ ਦੀ ਲੋੜ ਨਹੀਂ ਹੈ ਕਿ 'ਚਲੋ, ਓਬਾਮਾ ਨੂੰ ਇਕ ਮੌਕਾ ਦਿੱਤਾ ਜਾਵੇ। ਉਹ ਇੱਜਤ ਹਾਸਲ ਕਰਨ ਦੇ ਕਾਬਲ ਹਨ।'

ਪਰ ਕਿਸੇ ਨੂੰ ਬਲੈਂਕ ਚੈੱਕ ਦੇਣਾ ਉਸਦੀ ਇੱਜਤ ਕਰਨਾ

ਨਹੀਂ ਹੈ। ਤੁਸੀਂ ਕਿਸੇ ਨੂੰ ਇੱਜਤ ਤਦ ਦਿੰਦੇ ਹੋ ਜਦੋਂ ਉਸਦੇ ਨਾਲ ਬਰਾਬਰੀ ਦਾ ਸਲੂਕ ਕਰ ਰਹੇ ਹੋਵੋ, ਜਿਸ ਨਾਲ ਤੁਸੀਂ ਗੱਲ ਕਰ ਸਕਦੇ ਹੋਵੋ ਅਤੇ ਜਿਹੜਾ ਤੁਹਾਡੀ ਗੱਲ ਸੁਣ ਸਕਦਾ ਹੈ।

ਨਾ ਸਿਰਫ਼ ਓਬਾਮਾ ਸਿਆਸਤਦਾਨ ਹਨ ਸਗੋਂ ਬੁਰੀ ਗੱਲ ਇਹ ਹੈ ਕਿ ਉਹਨਾਂ ਨੇ ਹਿਲੇਰੀ ਕਲਿੰਟਨ ਨੂੰ ਚੁਣਿਆ, ਲਾਰੇਂਸ ਸਮਰਜ ਨੂੰ ਚੁਣਿਆ ਅਤੇ ਅਜਿਹੇ ਲੋਕਾਂ ਨੂੰ ਪਸੰਦ ਕੀਤਾ ਜਿਨ੍ਹਾਂ ਅੰਦਰ ਅਤੀਤ ਦੀਆਂ ਖਾਮੀਆਂ ਤੋਂ ਮੁਕਤੀ ਦੇ ਕੋਈ ਲੱਛਣ ਨਹੀਂ ਦਿਖਾਈ ਦਿੰਦੇ।

ਅਸੀਂ ਨਾਗਰਿਕ ਹਾਂ। ਸਾਨੂੰ ਖੁਦ ਨੂੰ ਉਸ ਸਥਿਤੀ 'ਚ ਨਹੀਂ ਰੱਖਣਾ ਚਾਹੀਦਾ ਜਿਸ 'ਚ ਅਸੀਂ ਉਹਨਾਂ ਦੀਆਂ ਅੱਖਾਂ ਨਾਲ ਦੁਨੀਆਂ ਨੂੰ ਵੇਖਣ ਲਗ ਜਾਈਏ ਅਤੇ ਕਹਿਏ ਕਿ 'ਥੋੜਾ ਸਮਝੌਤਾ ਕਰ ਕੇ ਚਲਣ ਦੀ ਲੋੜ ਹੈ, ਸਿਆਸੀ ਕਾਰਨਾਂ ਤੋਂ ਸਾਨੂੰ ਇਹ ਜਾ ਉਹ ਕਰਨਾ ਚਾਹੀਦਾ ਹੈ।' ਨਹੀਂ, ਸਾਨੂੰ ਉਹੀ ਕਹਿਣਾ ਹੋਵੇਗਾ ਜਿਹੜਾ ਸਾਡਾ ਵਿਵੇਕ ਕਹਿੰਦਾ ਹੈ।

ਅਮਰੀਕਾ ਦੀ ਘਰੇਲੂ-ਜੰਗ ਤੋਂ ਪਹਿਲਾਂ ਗੁਲਾਮਦਾਰੀ ਵਿਰੋਧੀ ਐਜ਼ੀਟੇਟਰਾਂ ਦੀ ਇਹੀ ਸਥਿਤੀ ਸੀ ਅਤੇ ਲੋਕਾਂ ਨੇ ਕਿਹਾ ਕਿ 'ਤੁਹਾਨੂੰ ਇਸ ਮੁੱਦੇ 'ਤੇ ਲਿੰਕਨ ਦੇ ਨਜ਼ਰੀਏ ਨਾਲ ਸੋਚਣਾ ਚਾਹੀਦਾ ਹੈ।' ਲਿੰਕਨ ਇਹ ਨਹੀਂ ਮੰਨਦੇ ਸਨ ਕਿ ਉਹਨਾਂ ਦੀ ਪਹਿਲੀ ਪ੍ਰਾਥਮਿਕਤਾ ਗੁਲਾਮਦਾਰੀ ਦਾ ਖਾਤਮਾ ਹੈ। ਪਰ ਗੁਲਾਮਦਾਰੀ ਵਿਰੋਧੀ ਲਹਿਰ ਦੇ ਲੋਕਾਂ ਨੇ ਕਿਹਾ-'ਅਸੀਂ ਖੁਦ ਨੂੰ ਲਿੰਕਨ ਦੀ ਹਾਲਤ 'ਚ ਨਹੀਂ ਪਾਉਣ ਜਾ ਰਹੇ ਹਾਂ। ਅਸੀਂ ਆਪਣੀ ਸਥਿਤੀ ਸਾਮ੍ਹਣੇ ਰਖਾਂਗੇ ਅਤੇ ਇਸਨੂੰ ਅਸੀਂ ਇੰਨੀ ਤਾਕਤ ਨਾਲ ਰੱਖਾਂਗੇ ਕਿ ਲਿੰਕਨ ਨੂੰ ਸਾਨੂੰ ਸੁਣਨਾ ਹੀ ਪਏਗਾ।'

ਗੁਲਾਮਦਾਰੀ ਵਿਰੁੱਧ ਲੜਾਈ ਇੰਨੀ ਵਿਰਾਟ ਅਤੇ ਸ਼ਕਤੀਸ਼ਾਲੀ ਹੋਈ ਕਿ ਲਿੰਕਨ ਨੂੰ ਸੁਣਨਾ ਪਿਆ। ਤਦ ਕਿਤੇ ਜਾ ਕੇ ਗੁਲਾਮਦਾਰੀ ਤੋਂ ਮੁਕਤੀ ਮਿਲੀ ਅਤੇ 13ਵੀਂ, 14ਵੀਂ ਅਤੇ 15ਵੀਂ ਸੋਧ ਹੋ ਸਕੀ।

ਇਸ ਮੁਲਕ ਦੀ ਇਹੀ ਕਹਾਣੀ ਹੈ। ਇੱਥੇ ਪ੍ਰਗਤੀ ਤਦ ਹੋ ਸਕੀ ਹੈ, ਕਿਸੇ ਤਰ੍ਹਾਂ ਦੇ ਅਨਿਆਂ ਨੂੰ ਤਦ ਹੀ ਪਲਟਿਆ ਜਾ ਸਕਿਆ ਹੈ ਜਦੋਂ ਲੋਕਾਂ ਨੇ ਸਿਆਸਤਦਾਨਾਂ ਦੀ ਤਰ੍ਹਾਂ ਨਹੀਂ ਸਗੋਂ ਨਾਗਰਿਕਾਂ ਦੀ ਤਰ੍ਹਾਂ ਕੰਮ ਕੀਤਾ ਹੈ। ਉਹ ਮਹਿਜ ਕੁੜ੍ਹਦੇ ਨਹੀਂ ਰਹੇ। ਉਹ ਸਰਗਰਮ ਹੋਏ, ਖੁਦ ਨੂੰ ਜੱਥੇਬੰਦ ਕੀਤਾ ਅਤੇ ਲੋੜ ਪੈਣ 'ਤੇ ਹੰਗਾਮਾ ਵੀ ਕੀਤਾ ਤਾਂ ਕਿ ਹਾਕਮਾਂ ਦਾ ਧਿਆਨ ਖਿੱਚਿਆ ਜਾ ਸਕੇ। ਅੱਜ ਵੀ ਸਾਨੂੰ ਉਂਞ ਹੀ ਕਰਨ ਦੀ ਲੋੜ ਹੈ।

*ਜੇਕਰ ਲੋਕਾਂ 'ਤੇ ਵਿਸ਼ਵਾਸ਼ ਹੈ ਤਾਂ ਸਾਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ ਲੋਕਾਂ ਦੀ ਤਾਕਤ ਨੇ ਫਾਸੀਵਾਦ ਦੀਆਂ ਕਾਲੀਆਂ ਘਟਾਵਾਂ ਵਿੱਚ ਆਸ ਦੀ ਬਿਜਲੀ ਦਾ ਸੰਚਾਰ ਕੀਤਾ ਹੈ। ਇਹੀ ਅਮੁੱਕ ਤਾਕਤ ਸਾਡੇ ਭਵਿੱਖ ਦੀ ਗਾਰੰਟੀ ਹੈ।*

*— ਰਾਹੁਲ ਸੰਕਰਤਾਇਯਨ*

**ਆਖਰੀ ਸਫ਼ੇ ਤੋਂ ਪਹਿਲੇ ਦਾ ਬਾਕੀ**

ਪੋਸਟ ਲਈ ਉਸ ਨੇ ਇਕ ਰਾਜਨੀਤਕ ਕਾਲਮ ਲਿਖਣਾ ਸ਼ੁਰੂ ਕੀਤਾ। ਹਾਲਾਂ ਕਿ ਅਖ਼ਬਾਰ ਦੇ ਮਾਲਕ ਚਾਹੁੰਦੇ ਸਨ ਕਿ ਵੈਲਸ ਹਾਲੀਵੁੱਡ ਦੀਆਂ ਗੱਪਾਂ ਬਾਰੇ ਲਿਖੇ ਪਰ ਜਦ ਵੈਲਸ ਨੇ ਆਪਣੇ ਕਾਲਮ ਵਿਚ ਗੰਭੀਰ ਰਾਜਨੀਤਕ ਮਸਲੇ ਛੋਹੇ ਤਾਂ ਇਹ ਕਾਲਮ ਬੰਦ ਹੋ ਗਿਆ। ਇਸ ਦੌਰ ਵਿਚ ਵੈਲਸ ਦਾ ਵਧੇਰੇ ਸਮਾਂ ਸੰਸਾਰ ਸ਼ਾਂਤੀ ਸਬੰਧੀ ਸਰਗਰਮੀਆਂ ਵਿਚ ਲੱਗਿਆ।

1946 ਵਿਚ ਵੈਲਸ ਦੀ ਇਕ ਹੋਰ ਫ਼ਿਲਮ "ਦੀ ਸਟਰੇਂਜਰ" ਰਲੀਜ ਹੋਈ ਜੋ ਕਿ ਅਮਰੀਕਾ ਵਿਚ ਫਰਜੀ ਨਾਂ ਹੇਠ ਰਹਿ ਰਹੇ ਇਕ ਨਾਜ਼ੀ ਯੁੱਧ ਦੋਸ਼ੀ ਸਬੰਧੀ ਸੀ। 1947 ਵਿਚ ਵੈਲਸ ਦੀ ਇਕ ਹੋਰ ਫ਼ਿਲਮ "ਲੇਡੀ ਫਰਾਮ ਸ਼ਿੰਘਾਈ" ਆਈ। 1948 ਵਿਚ ਵੈਲਸ ਦੀ ਸ਼ੇਕਸਪੀਅਰ ਦੇ ਪ੍ਰਸਿਧ ਨਾਟਕ "ਮੈਕਬੈਥ" ਨੂੰ ਪਰਦੇ 'ਤੇ ਪੇਸ਼ ਕੀਤਾ।

ਫਿਰ ਉਹ ਦੌਰ ਆਇਆ ਜਦ 'ਕਮੇਟੀ ਆਨ ਅਨ ਅਮੈਰੀਕਨ ਐਕਟਵਿਟੀਜ਼' ਵੱਲੋਂ ਹਾਲੀਵੁੱਡ ਦੇ ਕਲਾਕਾਰਾਂ ਨੂੰ ਕਮਿਊਨਿਜ਼ਮ ਦੇ ਹਊਏ ਦੇ ਨਾਂ 'ਤੇ ਡਰਾਇਆ ਧਮਕਾਇਆ ਜਾਣ ਲੱਗਿਆ। ਵੈਲਸ ਅਮਰੀਕਾ ਛੱਡ ਕੇ ਯੂਰਪ ਚਲਿਆ ਗਿਆ। 1948-56 ਦੇ ਆਪਣੇ ਯੂਰਪ ਵਾਸੇ ਦੌਰਾਨ ਵੈਲਸ ਨੇ "ਦੀ ਥਰਡ ਮੈਨ", "ਓਥੈਲੋ", "ਮਿਸਟਰ ਅਰਾਕਾਦਿਨ" ਜਿਹੀਆਂ ਫ਼ਿਲਮਾਂ ਕੀਤੀਆਂ। 1956 ਵਿਚ ਹਾਲਾਤ ਸਾਜਗਾਰ ਹੋਣ 'ਤੇ ਵੈਲਸ ਨੇ ਹਾਲੀਵੁੱਡ ਵਾਪਸੀ ਕੀਤੀ। ਇਥੇ ਉਨ੍ਹਾਂ ਨੇ "ਟੱਚ ਆਫ਼ ਈਵਲ" ਨਾਂ ਦੀ ਫ਼ਿਲਮ ਕੀਤੀ। ਪਰ ਹਾਲੀਵੁੱਡ ਦਾ ਮਾਹੌਲ ਵੈਲਸ ਨੂੰ ਰਾਸ ਨਹੀਂ ਆਇਆ ਅਤੇ 1959 ਵਿਚ ਉਹ ਮੁੜ ਯੂਰਪ ਚਲਿਆ ਗਿਆ ਅਤੇ "ਦੀ ਟਰਾਇਲ" ਅਤੇ "ਚਨੀਸ ਐਟ ਮਿਡਨਾਈਟ" ਜਿਹੀਆਂ ਫ਼ਿਲਮਾਂ ਕੀਤੀਆਂ।

1970 ਵਿਚ ਵੈਲਸ ਇਕ ਵਾਰ ਫਿਰ ਹਾਲੀਵੁੱਡ ਵਾਪਸ ਆ ਗਿਆ ਅਤੇ ਫ਼ਿਲਮਾਂ ਅਤੇ ਟੈਲੀਵਿਜ਼ਨ ਵਿਚ ਸਰਗਰਮ ਹੋ ਗਿਆ। ਟੀ.ਵੀ. ਟਾਕ ਸ਼ੋਅਜ਼ ਵਿਚ ਉਸ ਦੀ ਮੰਗ ਵੱਧ ਗਈ। ਆਪਣੀ ਜ਼ਿੰਦਗੀ ਦੇ ਆਖਰੀ ਪੰਦਰਾਂ ਸਾਲ ਵੈਲਸ ਨੇ ਇਥੇ ਹੀ ਗੁਜ਼ਾਰੇ। 10 ਅਕਤੂਬਰ, 1985 ਨੂੰ ਦਿਲ ਦਾ ਦੌਰਾ ਪੈਣ ਨਾਲ ਇਸ ਮਹਾਨ ਕਲਾਕਾਰ ਦੀ ਮੌਤ ਹੋ ਗਈ।

"ਸਿਟੀਜ਼ਨ ਕੇਨ" ਨੂੰ ਆਮ ਤੌਰ 'ਤੇ ਸਰਵੋਤਮ ਫ਼ਿਲਮਾਂ ਵਿਚ ਗਿਣਿਆ ਜਾਂਦਾ ਹੈ। ਵੈਲਸ ਦੀਆਂ ਕਈ ਹੋਰ ਫ਼ਿਲਮਾਂ ਜਿਨ੍ਹਾਂ ਵਿਚ "ਦੀ ਮੈਗਨੀਫੇਸੈਂਟ ਅੰਬਰਸਨਮ" (1942), "ਟੱਚ ਆਫ਼ ਈਵਲ" (1958) ਅਤੇ "ਚਨੀਸ ਐਟ ਮਿਡਨਾਈਟ" (1965) ਅਤੇ "ਐੱਫ ਫਾਰ ਫੇਕ" (1974) ਵੀ ਸ਼ਾਮਲ ਹਨ, ਨੂੰ ਸ਼ਾਹਕਾਰ ਫ਼ਿਲਮਾਂ ਦਾ ਦਰਜਾ ਹਾਸਲ ਹੈ। ਇਸ ਤੋਂ ਇਲਾਵਾ ਵੈਲਸ ਇਕ ਚੋਟੀ ਦਾ ਅਦਾਕਾਰ ਵੀ ਸੀ ਅਤੇ ਨਾਟਕਾਂ ਤੋਂ ਇਲਾਵਾ ਕਈ ਫ਼ਿਲਮਾਂ ਅਤੇ ਟੀ.ਵੀ. ਲੜੀਵਾਰਾਂ ਵਿਚ ਉਸ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੈ। 2002 ਵਿਚ ਬ੍ਰਿਟਿਸ਼ ਫ਼ਿਲਮ ਇੰਸਟੀਚਿਊਟ ਦੀ ਵੱਕਾਰੀ ਸੰਸਥਾ ਦੁਆਰਾ ਨਿਰਦੇਸ਼ਕਾਂ ਅਤੇ ਅਲੋਚਕਾਂ ਦੀਆਂ ਦੋ ਵੱਖਰੀਆਂ ਵੱਖਰੀਆਂ ਚੋਣਾਂ ਵਿਚ ਵੈਲਸ ਨੂੰ ਸਰਵੋਤਮ ਫ਼ਿਲਮ ਨਿਰਦੇਸ਼ਕ ਚੁਣਿਆ ਸੀ।

# ਕੌਮੀ ਸੱਭਿਆਚਾਰ ਲਈ ਸਿੱਖਿਆ

**-ਨਗੂਗੀ ਵਾ ਥਯੋਂਗੋ**

*ਕੀਨੀਆ ਦੇ ਮਸ਼ਹੂਰ ਲੇਖਕ ਨਗੂਗੀ ਵਾ ਥਯੋਂਗੋ ਆਪਣੀ ਲੋਕ-ਪੱਖੀ ਲੇਖਣੀ ਕਰਕੇ ਕੀਨੀਆਈ ਹਾਕਮ ਜਮਾਤਾਂ ਦੀਆਂ ਨਜ਼ਰਾਂ 'ਚ ਸਦਾ ਹੀ ਚੁਭਦੇ ਰਹੇ। ਆਪਣੀ ਲੇਖਣੀ ਕਰਕੇ ਉਹਨਾਂ ਨੂੰ ਕਈ ਵਾਰੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਸਾਲਾਂ ਬੱਧੀ ਜੇਲ 'ਚ ਰਹੇ। 22 ਵਰ੍ਹਿਆਂ ਦੇ ਦੇਸ਼ ਨਿਕਾਲੇ ਨੂੰ ਝੱਲ ਕੇ 8 ਅਗਸਤ 2004 ਨੂੰ ਉਹ ਵਤਨ ਪਰਤੇ। ਕੀਨੀਆਈ ਲੋਕਾਂ ਨੇ ਆਪਣੇ ਹਰਮਨ ਪਿਆਰੇ ਲੇਖਕ ਨੂੰ ਸਿਰ-ਅੱਖਾਂ 'ਤੇ ਬਿਠਾਇਆ ਪਰ ਜਾਲਮ ਹਾਕਮਾਂ ਨੂੰ ਅਜੇ ਵੀ ਤੱਸਲੀ ਨਹੀਂ ਹੋਈ ਸੀ। ਨਗੂਗੀ ਦੇ ਵਾਪਸ ਪਰਤਣ ਦੇ ਕੁਝ ਦਿਨ ਮਗਰੋਂ 11 ਅਗਸਤ ਨੂੰ ਨਗੂਗੀ ਅਤੇ ਉਹਨਾਂ ਦੀ ਪਤਨੀ 'ਤੇ ਗੁੰਡਿਆਂ ਨੇ ਹਮਲਾ ਕਰ ਦਿੱਤਾ। ਪਤਨਸ਼ੀਲ ਹਾਕਮ ਜਮਾਤਾਂ ਦੀ ਸੜਾਂਦ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਮਲਾਵਰਾਂ ਨੇ 58 ਵਰ੍ਹਿਆਂ ਨਜੀਰੀ ਨਾਲ ਬਲਾਤਕਾਰ ਕੀਤਾ। ਉਹਨਾਂ ਨੇ ਨਗੂਗੀ ਨੂੰ ਕੁੱਟਿਆ, ਸਿਗਰਟ ਨਾਲ ਜਲਾਇਆ ਅਤੇ ਉਹਨਾਂ ਦੇ ਘਰ ਲੁੱਟਮਾਰ ਮਚਾਈ। ਇਸ ਤੋਂ ਇਹ ਸਾਬਤ ਹੋ ਗਿਆ ਕਿ ਹਾਕਮ ਜਮਾਤਾਂ ਦੇ ਮਨਾਂ 'ਚ ਨਗੂਗੀ ਦੀ ਜਗਾਉਣ ਵਾਲੀ ਕਲਮ ਦਾ ਭੈਅ ਕਿਸ ਕਦਰ ਸਮਾਇਆ ਹੋਇਆ ਹੈ ਅਤੇ ਨਵੀਂ ਚੁਣੀ ਗਈ ਪੂੰਜੀਵਾਦੀ ਸਰਕਾਰ ਪਹਿਲਾਂ ਦੀ ਤਾਨਾਸ਼ਾਹੀ ਤੋਂ ਜਿਆਦਾ ਭਿੰਨ ਨਹੀਂ ਹੈ।*

*ਨਗੂਗੀ ਨੇ ਭਾਸ਼ਾਈ ਗੁਲਾਮੀ ਵਿਰੁੱਧ ਵਿਆਪਕ ਰੂਪ 'ਚ ਲਿਖਿਆ ਹੈ ਅਤੇ ਭਾਸ਼ਾ ਅਤੇ ਸੱਭਿਆਚਾਰ ਦੇ ਧਰਾਤਲ 'ਤੇ ਸਾਮਰਾਜਵਾਦ ਦੀਆਂ ਹਰਕਤਾਂ ਨੂੰ ਕਾਰਗਰ ਢੰਗ ਨਾਲ ਬੇਨਕਾਬ ਕੀਤਾ। ਉਹਨਾਂ ਨੇ ਬਸਤੀ ਰਹੇ ਮੁਲਕਾਂ ਦੇ ਲੋਕਾਂ ਦੀ ਜਾਗਰਤੀ ਵਿੱਚ ਮਾਤ ਭਾਸ਼ਾ ਦੀ ਮਹਤੱਤਾ 'ਤੇ ਰੌਸ਼ਨੀ ਪਾਈ ਹੈ। ਅਸੀਂ ਇੱਥੇ ਉਹਨਾਂ ਦੀ ਕਿਤਾਬ '**ਭਾਸ਼ਾ, ਸੱਭਿਆਚਾਰ ਅਤੇ ਕੌਮੀ ਪਛਾਣ**' ਦੇ '**ਕੌਮੀ ਸੱਭਿਆਚਾਰ ਲਈ ਸਿੱਖਿਆ**' ਨਾਮਕ ਚੈਪਟਰ ਦਾ ਇੱਕ ਅੰਸ਼ ਦੇ ਰਹੇ ਹਾਂ*

*— ਸੰਪਾਦਕ*

ਲੋਕਾਂ ਦਾ ਸੱਭਿਆਚਾਰ ਉਹਨਾਂ ਕਦਰਾਂ-ਕੀਮਤਾਂ ਦਾ ਵਾਹਕ ਹੁੰਦਾ ਹੈ ਜਿਨ੍ਹਾਂ ਦੀ ਉਸਾਰੀ ਕਿਸੇ ਸਮੂਹ ਵਿਸ਼ੇਸ਼ ਦੁਆਰਾ ਆਪਣੇ ਆਰਥਿਕ ਅਤੇ ਸਿਆਸੀ ਜੀਵਨ ਦੌਰਾਨ ਕੀਤੀ ਜਾਂਦੀ ਹੈ। ਕਦਰਾਂ-ਕੀਮਤਾਂ ਤੋਂ ਮੇਰਾ ਮਤਲਬ ਸਹੀ ਜਾਂ ਗਲਤ (ਨੈਤਿਕ ਕਦਰਾਂ), ਚੰਗਾ ਅਤੇ ਮਾੜਾ (ਆਚਰਣ ਸੰਬੰਧੀ ਕਦਰਾਂ) ਅਤੇ ਸੁੰਦਰ ਅਤੇ ਅਸੁੰਦਰ (ਸੁਹਜ ਕਦਰਾਂ) ਦੇ ਉਹਨਾਂ ਦੇ ਸੰਕਲਪ ਤੋਂ ਹੈ।

ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਉਹ ਅਪਨਾਉਂਦੇ ਹਨ ਉਹ ਉਸ ਸਮੂਹ ਦੀ ਚੇਤਨਾ ਦੀਆਂ ਹਨ, ਉਹਨਾਂ ਦੇ ਸੰਸਾਰ ਨਜ਼ਰੀਏ ਦੀਆਂ ਹਨ, ਉਹਨਾਂ ਦੀ ਖੁਦ ਦੀ ਸਮੂਹਿਕ ਅਤੇ ਨਿੱਜੀ ਦਿੱਖ ਦੇ ਅਰਥਾਤ ਉਸ ਸਮੂਹ ਦੇ ਵਿਅਕਤੀਤਵ ਦੀਆਂ ਅਧਾਰ ਹਨ , ਇਕ ਅਜਿਹੇ ਲੋਕਾਈ ਦੇ ਰੂਪ 'ਚ ਉਹਨਾਂ ਦੀ ਪਛਾਣ ਹੈ ਜਿਹੜੀ ਖੁਦ ਨੂੰ ਅਤੇ ਸੰਸਾਰ ਨਾਲ ਆਪਣੇ ਸੰਬਧਾਂ ਨੂੰ ਇਕ ਖਾਸ ਤਰੀਕੇ ਨਾਲ ਦੇਖਦੀ ਹੈ।

ਇਹ ਕੋਈ ਮਕਾਨਕੀ ਪ੍ਰਕ੍ਰਿਆ ਨਹੀਂ ਹੈ ਜਿਹੜੀ ਆਰਥਿਕ ਢਾਂਚੇ ਰਾਹੀਂ ਸਿਆਸੀ ਅਤੇ ਹੋਰ ਸੰਸਥਾਵਾਂ ਦੇ ਉਦੈ ਨਾਲ ਅਤੇ ਲੜੀਵਾਰ ਰੂਪ ਨਾਲ ਸਭਿਆਚਾਰ, ਕਦਰਾਂ-ਕੀਮਤਾਂ, ਚੇਤਨਾ ਅਤੇ ਪਛਾਣ ਦੇ ਉਦੈ ਨਾਲ ਤਰਤੀਬਬੱਧ ਕਦਮਾਂ ਅਤੇ ਛਲਾਂਗਾਂ 'ਚ ਵਾਪਰੇ। ਇਹ ਪ੍ਰਕ੍ਰਿਆਵਾਂ ਆਮ ਤੌਰ 'ਤੇ ਘੱਟ ਜਾਂ ਵੱਧ ਨਾਲ-ਨਾਲ ਵਿਕਸਿਤ ਹੁੰਦੀਆਂ ਹਨ ਜਿਸ 'ਚ ਇਹ ਕੋਈ ਇਕ ਪ੍ਰਕ੍ਰਿਆ ਇਕ ਹੀ ਸਮੇਂ 'ਚ ਹੋਰ ਕਈ ਪ੍ਰਕ੍ਰਿਆਵਾਂ ਪੈਦਾ ਕਰਦੀ ਹੈ। ਇਹ ਕੋਈ ਇਕ ਦਿਸ਼ਾ ਦਾ ਵਹਿਣ ਨਹੀਂ ਹੈ ਜਿਸ 'ਚ ਇਹ ਕਿਹਾ ਜਾਵੇ ਕਿ ਆਰਥਿਕ ਜੀਵਨ ਸਿਆਸੀ ਅਤੇ ਸੱਭਿਆਚਾਰਕ ਜੀਵਨ ਵੱਲ ਵਹਿੰਦਾ ਹੈ। ਇਹ ਇਕ ਦੰਵਦਾਤਮਕ ਪ੍ਰਕ੍ਰਿਆ ਹੈ। ਲੋਕ ਆਪਣੀਆਂ ਕਦਰਾਂ-ਕੀਮਤਾਂ ਨੂੰ, ਜਿਸ ਤਰ੍ਹਾਂ ਵੇਖਦੇ ਹਨ, ਉਹ ਉਹਨਾਂ ਦੇ ਖੁਦ ਨੂੰ ਵੇਖਣ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸੇ ਲੜੀ 'ਚ ਇਹ ਉਹਨਾਂ ਦੇ ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਜੀਵਨ ਅਤੇ ਅੰਤ 'ਚ ਕੁਦਰਤ ਨਾਲ ਉਹਨਾਂ ਦੇ ਸੰਬਧਾਂ ਦੇ ਨਜ਼ਰੀਏ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇਕ ਜਟਿਲ ਪ੍ਰਕ੍ਰਿਆ ਹੈ, ਜਿਸ 'ਚ ਚੀਜਾਂ ਇੱਕ ਦੂਜੇ 'ਤੇ ਆਪਣੀ ਕ੍ਰਿਆ ਰਾਹੀਂ ਜਿਸਦੀ ਉਸਾਰੀ ਕਰਦੀਆਂ ਹਨ, ਉਸਨੂੰ ਅਸੀਂ ਸਮਾਜ ਕਹਿੰਦੇ ਹਾਂ।

ਇਸ ਸਮੁੱਚੀ ਬਣਤਰ 'ਚ ਸਿੱਖਿਆ ਦੀ ਕੀ ਭੂਮਿਕਾ ਹੈ ? ਆਦਰਸ਼ ਰੂਪ 'ਚ ਕਹੀਏ ਤਾਂ ਸਿੱਖਿਆ ਦਾ ਅਰਥ ਲੋਕਾਂ ਨੂੰ ਉਸ ਸੰਸਾਰ ਦਾ ਗਿਆਨ ਦੇਣਾ ਹੈ, ਜਿਸ 'ਚ ਉਹ ਰਹਿੰਦੇ ਹਨ—ਉਹਨਾਂ ਨੂੰ ਇਹ ਦੱਸਦਾ ਹੈ ਕਿ ਇਹ ਸੰਸਾਰ ਉਹਨਾਂ ਨੂੰ ਕਿਸ ਤਰਾਂ ਅਕਾਰ ਦਿੰਦਾ ਹੈ ਅਤੇ ਉਹ ਕਿਸ ਤਰ੍ਹਾਂ ਸੰਸਾਰ ਨੂੰ ਅਕਾਰ ਦਿੰਦੇ ਹਨ। ਸਿੱਖਿਆ ਨੂੰ ਇਕ ਅਜਿਹੇ ਸੱਭਿਆਚਾਰ ਦਾ ਸੰਚਾਰ ਕਰਨਾ ਚਾਹੀਦਾ ਹੈ ਜਿਹੜਾ ਲੋਕਾਂ ਦੇ ਮਨ 'ਚ ਇਸ ਚੇਤਨਾ ਨੂੰ ਚੰਗੀ ਤਰ੍ਹਾਂ ਬਿਠਾ ਦੇਵੇ ਕਿ ਮਨੁੱਖ ਆਪਣੀ ਕਿਰਤ ਸ਼ਕਤੀ ਰਾਹੀਂ ਆਪਣੇ ਸਮਾਜਿਕ ਮਾਹੌਲ ਦਾ ਘਾੜਾ ਹੈ ਅਤੇ ਜਿਸ ਤਰ੍ਹਾਂ ਅਤੇ ਜਿਸ ਪ੍ਰਕਾਰ ਉਹ ਕੁਦਰਤ 'ਤੇ ਅਸਰ ਪਾ ਕੇ ਉਸ ਨੂੰ ਬਦਲ ਦਿੰਦਾ ਹੈ, ਉਸੇ ਤਰ੍ਹਾਂ ਉਹ ਆਪਣੇ ਸਮਾਜਿਕ ਮਾਹੌਲ 'ਤੇ ਪ੍ਰਭਾਵ ਪਾ ਕੇ ਉਸਨੂੰ ਬਦਲ ਸਕਦਾ ਹੈ ਅਤੇ ਇਸ ਪ੍ਰਕ੍ਰਿਆ 'ਚ ਖੁਦ ਨੂੰ ਬਦਲ ਸਕਦਾ ਹੈ। ਸ਼ੁਰੂ 'ਚ ਕੁਦਰਤ ਨਾਲ ਮਨੁੱਖ ਦੀ ਜੱਦੋ-ਜਹਿਦ ਉਸਨੂੰ ਇੱਕ ਅਣਜਾਣੀ ਵਿਰੋਧੀ ਸ਼ਕਤੀ ਮੰਨ ਕੇ ਹੁੰਦੀ ਸੀ ਅਤੇ ਇਹ ਲੜੀ ਤਦ ਤੱਕ ਚਲਦੀ ਰਹੀ, ਜਦ ਤੱਕ ਮਨੁੱਖ ਨੂੰ ਕੁਦਰਤ ਦੇ ਅਦ੍ਰਿਸ਼ ਨਿਯਮਾਂ (ਮਿਸਾਲ ਦੇ ਤੌਰ 'ਤੇ ਗੁਰੂਤਾ-ਖਿਚ) ਦੀ ਜਾਣਕਾਰੀ ਨਹੀਂ ਹੋ

ਗਈ ਤਦ ਇਸ ਨੇ ਇਸ 'ਤੇ ਕਾਬੂ ਪਾਇਆ ਅਤੇ ਇਸਨੂੰ ਆਪਣਾ ਦਾਸ ਬਣਾ ਲਿਆ। ਅੱਜ ਪੂੰਜੀਵਾਦ ਦੇ ਅਧੀਨ ਇਕ ਵਿਰੋਧੀ ਤਾਕਤ ਦੇ ਰੂਪ 'ਚ ਮਨੁੱਖ ਦਾ ਸਮਾਜਿਕ ਮਾਹੌਲ ਮਨੁੱਖ ਨਾਲ ਮੁਕਾਬਲਾ ਕਰਦਾ ਹੈ।

ਅੰਤਿਮ ਤੌਰ 'ਤੇ ਇਸਦੇ ਛੁਪੇ ਨਿਯਮਾਂ ਨੂੰ ਜਾਣ ਲੈਣ ਮਗਰੋਂ ਉਹ ਇਸ 'ਤੇ ਜਿੱਤ ਪਾ ਲੈਂਦਾ ਹੈ, ਇਸ ਤੋਂ ਅਗਾਂਹ ਵੱਧ ਜਾਂਦਾ ਹੈ ਅਤੇ ਫਿਰ ਇੱਕ ਨਵੇਂ ਮਨੁੱਖ ਲਈ ਇੱਕ ਅਜਿਹੇ ਨਵੇਂ ਸੰਸਾਰ ਦੀ ਰਚਨਾ ਕਰਦਾ ਹੈ, ਜਿਸ 'ਚ ਸਮਾਜਿਕ ਅਤੇ ਕੁਦਰਤੀ ਦੋਨੋਂ ਮਾਹੌਲ ਮਨੁੱਖ ਦੇ ਗੁਲਾਮ ਹੁੰਦੇ ਹਨ। ਸਿੱਖਿਆ ਨੂੰ ਚਾਹੀਦਾ ਹੈ ਕਿ ਲੋਕਾਂ ਅੰਦਰ ਇਸ ਗੱਲ ਦਾ ਵਿਸ਼ਵਾਸ ਪੈਦਾ ਕਰੇ ਕਿ ਉਹ ਇਸ ਧਰਤੀ 'ਤੇ ਇੱਕ ਨਵਾਂ ਸਵਰਗ ਬਣਾ ਸਕਦੇ ਹਨ।

ਪਰ ਅਸੀਂ ਕਿਸ ਤਰ੍ਹਾਂ ਦੀ ਸਿੱਖਿਆ ਦੀ ਗੱਲ ਕਰ ਰਹੇ ਹਾਂ ? ਸਿੱਖਿਆ ਦਾ ਸੰਦ ਕਿਨ੍ਹਾਂ ਹੱਥਾਂ 'ਚ ਹੈ, ਇਸ 'ਤੇ ਬਹੁਤ ਸਾਰੀਆਂ ਗੱਲਾਂ ਨਿਰਭਰ ਕਰਦੀਆਂ ਹਨ, ਕਿਉਂਕਿ ਸਿੱਖਿਆ ਦੀ ਵਰਤੋਂ ਯਥਾਰਥ ਨੂੰ ਉਜਾਗਰ ਕਰਨ ਦੀ ਬਜਾਏ ਯਥਾਰਥ ਨੂੰ ਢਕਣ ਲਈ, ਮਨੁੱਖ ਅਤੇ ਮਨੁੱਖ ਤੇ ਕੁਦਰਤ ਦਰਮਿਆਨ ਸਬੰਧਾਂ ਨੂੰ ਰਹੱਸਮਈ ਬਣਾਉਣ ਲਈ ਕੀਤਾ ਜਾ ਸਕਦਾ ਹੈ। ਡਿਕਨਸ ਨੇ ਆਪਣੇ ਨਾਵਲ 'ਹਾਰਡ ਟਾਈਮਜ਼' 'ਚ ਬਹੁਤ ਸਪੱਸ਼ਟ ਰੂਪ 'ਚ ਦਿਖਾਇਆ ਹੈ ਕਿ ਕਿਸ ਤਰ੍ਹਾਂ ਯਥਾਰਥ ਨੂੰ ਰਹੱਸਮਈ ਅਤੇ ਆਮ ਤੌਰ 'ਤੇ ਮੁਸ਼ਕਲ ਬਣਾਉਣ ਲਈ ਸਿੱਖਿਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਕਹਾਣੀ ਇੱਕ ਸਕੂਲ ਦੀ ਹੈ, ਜਿਸਨੂੰ ਕਿਸੇ ਸਨੱਅਤੀ ਸ਼ਹਿਰ 'ਚ ਮਿਸਟਰ ਟਾਮਸ ਗਰੈਂਡ ਗ੍ਰਾਇੰਡ ਚਲਾਉਂਦੇ ਹਨ। ਸਕੂਲ 'ਚ ਲੋਕਾਂ ਨੂੰ ਤੱਥਾਂ ਤੋਂ ਛੁੱਟ ਹੋਰ ਕੁੱਝ ਵੀ ਨਹੀਂ ਪੜਾਇਆ ਜਾਂਦਾ ਹੈ ਤਾਂ ਕਿ ਉਹ 'ਮਨੁੱਖੀ ਸੁਭਾਅ, ਮਨੁੱਖੀ ਸੰਵੇਗਾਂ, ਅਕਾਂਖਿਆਵਾਂ ਅਤੇ ਸ਼ੰਕਾਵਾਂ, ਸੰਘਰਸ਼ਾਂ ਅਤੇ ਹਾਰਾਂ, ਸੁੱਖਾਂ ਅਤੇ ਦੁੱਖਾਂ ਅਤੇ ਆਮ ਪੁਰਸ਼ਾਂ-ਔਰਤਾਂ ਦੇ ਜੀਵਨ ਅਤੇ ਮੌਤ ਨੂੰ ਲੈ ਕੇ ਹੈਰਾਨ ਹੋਣ ਵਾਲ਼ੀ ਆਦਤ ਨਾਲ਼ ਸਦਾ ਲਈ ਛੁਟਕਾਰਾ ਪਾ ਸਕੇ। ਸਕੂਲ 'ਚ ਦੋ ਪਾਤਰ ਹਨ ਸਿਸੀ ਜਯੂਪ ਅਤੇ ਬਿਲਤਜਰ। ਸਿਸੀ ਜਯੂਪ ਨਾਮਕ ਲੜਕੀ ਬਚਪਨ ਤੋਂ ਘੋੜਿਆਂ ਦਰਮਿਆਨ ਰਹੀ ਹੈ ਕਿਉਂਕਿ ਉਸਦੇ ਪਿਤਾ ਸਰਕਸ 'ਚ ਕੰਮ ਕਰਦੇ ਹਨ। ਇਸ ਦੇ ਉਲਟ, ਬਿਲਤਜਰ ਨੇ ਕਦੇ ਕੋਈ ਘੋੜਾ ਵੇਖਿਆ ਹੀ ਨਹੀਂ ਹੈ। ਕਲਾਸ 'ਚ ਮਿਸਟਰ ਗਰੈਂਡ ਗ੍ਰਾਇੰਡ ਨੇ ਸਿਸੀ ਜਯੂਪ ਨੂੰ ਕਿਹਾ ਕਿ ਉਹ ਘੋੜੇ ਦੀ ਪਰਿਭਾਸ਼ਾ ਦੱਸੇ ਪਰ ਇਸ ਅਚਾਨਕ ਕੀਤੇ ਸਵਾਲ ਨਾਲ਼ ਉਸ ਲੜਕੀ ਦੀ ਸਮਝ 'ਚ ਹੀ ਨਹੀਂ ਆਇਆ ਕਿ ਘੋੜੇ ਨੂੰ ਕਿਵੇਂ ਪਰਿਭਾਸ਼ਿਤ ਕਰੇ ਅਤੇ ਉਹ ਜਵਾਬ ਦੇਣ 'ਚ ਅਸਮਰਥ ਰਹੀ। ਟਾਮਸ ਗ੍ਰੈਂਡਗ੍ਰਾਇਡ ਨੇ ਇਹ ਐਲਾਨ ਕਰਨ ਮਗਰੋਂ ਕਿ ਉਹ ਲੜਕੀ ਘੋੜੇ ਵਰਗੇ ਇੱਕ ਅਤਿਅੰਤ ਸਾਧਾਰਣ ਜਾਨਵਰ ਦੀ ਪਰਿਭਾਸ਼ਾ ਨਹੀਂ ਦੱਸ ਸਕੀ, ਹੁਣ ਬਿਲਤਜ਼ਰ ਨਾਮਕ ਉਸ ਲੜਕੇ ਨੂੰ ਘੋੜੇ ਦਾ ਵਰਨਣ ਕਰਨ ਨੂੰ ਕਿਹਾ ਜਿਸਨੇ ਕਦੇ ਘੋੜਾ ਵੇਖਿਆ ਹੀ ਨਹੀਂ ਸੀ।

ਲੜਕਾ ਉੱਠਿਆ ਅਤੇ ਉਸਨੇ ਬੜੀ ਬਹਾਦਰੀ ਨਾਲ਼ ਘੋੜੇ ਦੀ ਪਰਿਭਾਸ਼ਾ ਦੱਸਣੀ ਸ਼ੁਰੂ ਕੀਤੀ ਜਿਹੜੀ ਉਸਨੇ ਕਿਤਾਬਾਂ ਤੋਂ ਯਾਦ ਕੀਤੀ ਸੀ- "ਚਾਰ ਪੈਰਾਂ ਵਾਲ਼ਾ, ਘਾਹ ਖਾਣ ਵਾਲ਼ਾ, ਚਾਲ਼ੀ ਦੰਦਾਂ ਨਾਲ਼ ਲੈਸ ਜਿਨ੍ਹਾਂ 'ਚੋਂ ਚੌਵੀ ਚਬਾਉਣ ਵਾਲ਼ੇ ਦੰਦ... ਆਦਿ- ਆਦਿ।"

ਅਧਿਆਪਕ ਨੇ ਲੜਕੀ ਵੱਲ ਮੁਖਾਤਿਬ ਹੋ ਕੇ ਕਿਹਾ: "ਹੁਣ ਤਾਂ ਤੂੰ ਜਾਣ ਗਈ ਕਿ ਘੋੜਾ ਕਿਸਨੂੰ ਕਹਿੰਦੇ ਹਨ।"

ਪਰ ਅਸਲ 'ਚ ਅਤੇ ਅਭਿਆਸ 'ਚ ਉਸ ਲੜਕੀ ਸਿਸੀ ਜਯੂਪ ਨੂੰ ਘੋੜਿਆਂ ਬਾਰੇ ਸਾਰੀ ਜਾਣਕਾਰੀ ਹੈ ਨਾ ਕਿ ਬਿਲਤਜ਼ਰ ਨੂੰ। ਲੜਕੀ ਨੂੰ ਘੋੜੇ ਦੀ ਵਾਸਤਵਿਕਤਾ ਦਾ ਪਤਾ ਹੈ ਕਿਉਂਕਿ ਉਸਨੇ ਛੂਹਿਆ ਹੈ, ਚਾਰਾ ਖੁਆਇਆ ਹੈ, ਉਸ 'ਤੇ ਸਵਾਰੀ ਕੀਤੀ ਹੈ ਅਤੇ ਉਨ੍ਹਾਂ ਦਰਮਿਆਨ ਰਹੀ ਹੈ। ਬਿਲਤਜ਼ਰ ਘੋੜੇ ਨੂੰ ਸਿਰਫ਼ ਸ਼ਬਦਾਂ ਦੇ ਮਾਧਿਅਮ ਨਾਲ਼ ਜਾਣਦਾ ਹੈ, ਉਸਦੇ ਦਿਮਾਗ 'ਚ ਇੱਕ ਅਮੂਰਤ ਤਸਵੀਰ ਹੈ। ਇੱਥੇ ਸਿੱਖਿਆ ਦੀ ਵਰਤੋਂ ਯਥਾਰਥ ਨੂੰ ਰਹੱਸਮਈ ਅਤੇ ਮੁਸ਼ਕਲ ਬਣਾਉਣ ਲਈ ਕੀਤੀ ਜਾ ਰਹੀ ਹੈ।

ਅਜਿਹਾ ਕਿਉਂ ਹੈ ? ਜੇਕਰ ਅਸੀਂ ਆਪਣੇ ਕਲਪਿਤ ਮਨੁੱਖੀ ਸਮੂਹ ਅਤੇ ਸਮਾਜ ਵੱਲ ਪਲਟ ਕੇ ਵੇਖੀਏ ਤਾਂ ਅਸੀਂ ਵੇਖਾਂਗੇ ਕਿ ਆਰਥਿਕ ਢਾਂਚਾ ਇੱਕ ਜਮਾਤੀ ਢਾਂਚਾ ਵੀ ਹੈ, ਜਿਸ 'ਚ ਕੁੱਝ ਲੋਕਾਂ ਦੀ ਉਤਪਾਦਨ ਦੇ ਸਾਧਨਾਂ ਅਤੇ ਇਸ ਤਰ੍ਹਾਂ ਉਤਪਾਦਕ ਸ਼ਕਤੀਆਂ (ਮਨੁੱਖੀ ਕਿਰਤ ਸ਼ਕਤੀ, ਕਿਰਤ ਦੇ ਸੰਦ, ਕੱਚਾ ਮਾਲ਼ ਅਤੇ ਕੁਦਰਤੀ ਸਰੋਤਾਂ) 'ਤੇ ਮਾਲਕੀ ਹੈ, ਜਦੋਂ ਕਿ ਹੋਰ ਲੋਕਾਂ ਦੀ ਇਨ੍ਹਾਂ ਸਾਧਨਾਂ ਦੇ ਉਤਪਾਦਨ ਦੌਰਾਨ ਕੁਦਰਤ ਨਾਲ਼ ਕ੍ਰਿਆਸ਼ੀਲ ਹੋਣ ਦੀ ਪ੍ਰਕ੍ਰਿਆ 'ਚ ਲੋਕ ਉਤਪਾਦਨ ਲਈ ਵੱਖ-ਵੱਖ ਹਾਲਤਾਂ 'ਚ ਖੜ੍ਹੇ ਦਿਖਾਈ ਦਿੰਦੇ ਹਨ। ਉਤਪਾਦਨ ਦੇ ਸਬੰਧ, ਮਨੁੱਖ ਅਤੇ ਉਤਪਾਦਕ ਸ਼ਕਤੀਆਂ (ਕਿਰਤ ਅਤੇ ਕਿਰਤ ਦੇ ਸੰਦ ਅਤੇ ਕਿਰਤ ਦੇ ਪਦਾਰਥ) ਦਰਮਿਆਨ ਸਮਾਨਤਾ ਦੇ ਸਬੰਧ ਨਹੀਂ ਹਨ ਸਗੋਂ ਇਹ ਸਬੰਧ ਆਮ ਤੌਰ 'ਤੇ ਲੋਟੂ ਅਤੇ ਲੁੱਟੇ ਜਾਣ ਵਾਲ਼ੇ, ਜਾਬਰ ਅਤੇ ਜਿਸ 'ਤੇ ਜ਼ਬਰ ਹੁੰਦਾ ਹੈ ਦੇ ਸਬੰਧ ਹਨ। ਗੁਲਾਮਦਾਰੀ 'ਚ ਗੁਲਾਮਾਂ ਦੇ ਮਾਲਕਾਂ ਕੋਲ ਸਭ ਕੁੱਝ ਹੁੰਦਾ ਸੀ। ਜਗੀਰਦਾਰੀ 'ਚ ਕੁਲੀਨ ਘਰਾਣਿਆਂ ਦੇ ਲੋਕ ਜ਼ਮੀਨ ਦੇ ਮਾਲਕ ਹੁੰਦੇ ਹਨ ਅਤੇ ਕਿਸਾਨ ਪਟੇ 'ਤੇ ਲੈ ਕੇ ਉਨ੍ਹਾਂ ਦਾ ਖੇਤ ਵਾਹੁੰਦੇ ਹਨ। ਇੱਕ ਸਰਮਾਏਦਾਰੀ ਸਮਾਜ 'ਚ ਪੂੰਜੀ ਦੇ ਸੁਆਮੀ ਕੋਲ਼ ਉਤਪਾਦਨ ਦੇ ਸਾਰੇ ਸਾਧਨਾਂ ਦੀ ਮਾਲਕੀ ਹੁੰਦੀ ਹੈ ਅਤੇ ਮਜ਼ਦੂਰ ਕੋਲ਼ ਸਿਰਫ਼ ਕਿਰਤ ਸ਼ਕਤੀ ਹੁੰਦੀ ਹੈ। ਫਿਰ ਵੀ ਗੁਲਾਮ, ਕਿਸਾਨ ਜਾਂ ਮਜ਼ਦੂਰ ਹੀ ਸਾਰੀ ਤਰ੍ਹਾਂ ਦਾ ਉਤਪਾਦਨ ਕਰਦੇ ਹਨ, ਉਹੀ ਉਸ ਸਮਾਜ ਲਈ ਦੌਲਤ ਤਿਆਰ ਕਰਦੇ ਹਨ ਅਤੇ ਆਪਣੇ ਪਸੀਨੇ ਨਾਲ਼ ਉਤਪਾਦਿਤ ਇਸ ਦੌਲਤ ਦੀ ਵੰਡ 'ਤੇ ਉਨ੍ਹਾਂ ਦਾ ਕੰਟਰੋਲ ਨਹੀਂ ਰਹਿੰਦਾ। ਕਿਉਂਕਿ ਇਸ ਤਰ੍ਹਾਂ ਦੇ ਸਮਾਜਾਂ 'ਚ ਆਰਥਿਕ ਢਾਂਚਾ ਇੱਕ ਜਮਾਤੀ ਢਾਂਚਾ ਵੀ ਹੁੰਦਾ ਹੈ ਇਸ ਲਈ ਸਿਆਸੀ ਅਤੇ ਸੱਭਿਆਚਾਰਕ ਸਾਰੀਆਂ ਸੰਸਥਾਵਾਂ 'ਤੇ ਇਸ ਜਾਂ ਉਸ ਜਮਾਤ ਦੀ ਮੋਹਰ ਲੱਗੀ ਹੁੰਦੀ ਹੈ। ਸਿੱਖਿਆ ਅਤੇ ਸੱਭਿਆਚਾਰ ਇਨ੍ਹਾਂ ਜਮਾਤੀ ਅਸਮਾਨਤਾਵਾਂ ਨੂੰ ਉਸ ਸਮਾਜ ਦੀ ਆਰਥਿਕ ਬੁਨਿਆਦ 'ਚ ਪ੍ਰਗਟ ਕਰਦਾ ਹੈ। ਦਰਅਸਲ, ਸਿੱਖਿਆ ਅਤੇ ਸੱਭਿਆਚਾਰ ਜਮਾਤੀ ਸਿੱਖਿਆ ਅਤੇ ਜਮਾਤੀ ਸੱਭਿਆਚਾਰ ਹੁੰਦਾ ਹੈ।

ਇਸ ਜਮਾਤਾਂ ਦੀ ਹੋਂਦ ਵਾਲ਼ੇ ਸਮਾਜ 'ਚ ਅਤੇ ਅਜਿਹੀ ਹਾਲਤ 'ਚ ਜਿੱਥੇ ਕੌਮ ਜਾਂ ਨਸਲ ਜਾਂ ਜਮਾਤ 'ਤੇ ਦੂਜੀ ਕੌਮ ਜਾਂ ਨਸਲ ਜਾਂ ਜਮਾਤ ਦੀ ਸਰਦਾਰੀ ਹੈ, ਉੱਥੇ ਕੋਈ ਅਜਿਹੀ ਨਿਰਪੱਖ ਸਿੱਖਿਆ ਨਹੀਂ ਹੋ ਸਕਦੀ ਜਿਹੜੀ ਕਿਸੇ ਨਿਰਪੱਖ ਸੱਭਿਆਚਾਰ ਦਾ

ਪ੍ਰਸਾਰ ਕਰੇ। ਕਿਸੇ ਦੱਬੀ ਹੋਈ ਜਮਾਤ ਅਤੇ ਕੌਮ ਜਾਂ ਨਸਲ ਲਈ ਸਿੱਖਿਆ ਦਾਬੇ ਦਾ ਸੰਦ ਬਣਦੀ ਹੈ ਅਰਥਾਤ ਉਹ ਮੌਜੂਦਾ ਸਮਾਜਿਕ ਢਾਂਚੇ ਨੂੰ ਬਣਾਈ ਰੱਖਣ ਦਾ ਸੰਦ ਹੁੰਦੀ ਹੈ ਜਦੋਂ ਕਿ ਸੰਘਰਸ਼ਸ਼ੀਲ ਜਮਾਤ, ਨਸਲ ਅਤੇ ਕੌਮ ਲਈ ਇਹ ਮੁਕਤੀ ਦਾ ਸੰਦ ਬਣ ਜਾਂਦੀ ਹੈ। ਇਸ ਤਰ੍ਹਾਂ ਦੇ ਜਮਾਤੀ ਸਮਾਜਾਂ 'ਚ ਦਰਅਸਲ ਦੋ ਤਰ੍ਹਾਂ ਦੀਆਂ ਸਿੱਖਿਆ ਦਰਮਿਆਨ ਭੀਸ਼ਣ ਸੰਘਰਸ਼ ਚਲਦਾ ਹੈ ਜੋ ਦੋ ਪਰਸਪਰ ਵਿਰੋਧੀ ਚੇਤਨਾ ਅਤੇ ਸੰਸਾਰ ਨਜ਼ਰੀਏ ਜਾਂ ਵਿਚਾਰਧਾਰਾਵਾਂ ਦੀਆਂ ਵਾਹਕ ਹਨ।

ਮੈਂ ਇਸਨੂੰ ਹੋਰ ਸਪੱਸ਼ਟ ਕਰਨਾ ਚਾਹਾਂਗਾ। ਮੰਨ ਲਉ ਅ ਦੇ ਉੱਪਰ ੳ ਬੈਠਾ ਹੋਇਆ ਹੈ। ਅ ਹੀ ੳ ਨੂੰ ਢੋਂਦਾ ਹੈ, ਉਸਨੂੰ ਖਾਣਾ ਖਿਲਾਉਂਦਾ ਹੈ ਅਤੇ ਕੱਪੜੇ ਦਿੰਦਾ ਹੈ ਹੁਣ ੳ ਕਿਸ ਤਰ੍ਹਾਂ ਦੀ ਸਿੱਖਿਆ ਅ ਨੂੰ ਦੇਣਾ ਚਾਹੇਗਾ? ਦੂਜੇ ਸ਼ਬਦਾਂ 'ਚ ਕਹੀਏ ਤਾਂ ਕਿਸ ਤਰ੍ਹਾਂ ਦਾ ਸੱਭਿਆਚਾਰ ਅਤੇ ਵਿਚਾਰਕ ਚੇਤਨਾ ਨਾਲ਼ ਅ ਨੂੰ ਲੈਸ ਕਰਨਾ ਚਾਹੇਗਾ? ੳ ਚਾਹੇਗਾ ਕਿ ਅ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇ ਜਿਸ ਨਾਲ਼ ਅ ਲਈ ਇਹ ਸਮਝਣਾ ਮੁਸ਼ਕਿਲ ਹੋ ਜਾਵੇ ਕਿ ਉਹੀ ੳ ਨੂੰ ਢੋਅ ਰਿਹਾ ਹੈ, ਉਸ ਨੂੰ ਪਾਲ਼ ਰਿਹਾ ਹੈ ਅਤੇ ਕੱਪੜੇ ਲੱਤੇ ਦੇ ਰਿਹਾ ਹੈ। ੳ ਚਾਹੇਗਾ ਕਿ ਅ ਨੂੰ ਅਜਿਹੇ ਫ਼ਲਸਫ਼ੇ ਦਾ ਗਿਆਨ ਕਰਵਾਇਆ ਜਾਵੇ ਜਿਹੜਾ ਇਹ ਦੱਸਦਾ ਹੋਵੇ ਕਿ ਦੁਨੀਆ ਬਦਲਦੀ ਨਹੀਂ ਹੈ। ੳ ਇਹ ਚਾਹੇਗਾ ਕਿ ਅ ਨੂੰ ਅਜਿਹਾ ਧਰਮ ਪੜ੍ਹਾਇਆ ਜਾਵੇ ਜਿਹੜਾ ਉਸ ਨੂੰ ਦੱਸੇ ਕਿ ਇਹ ਹਾਲਤ ਰੱਬ ਦੁਆਰਾ ਬਣਾਈ ਗਈ ਹੈ ਅਤੇ ਇਸ ਲਈ ਕੁੱਝ ਵੀ ਨਹੀਂ ਕੀਤਾ ਜਾ ਸਕਦਾ ਹੈ ਅਤੇ ਇਹ ਦੱਸੇ ਕਿ ਅ ਜਿਹੜੀਆਂ ਮੁਸੀਬਤਾਂ ਚੁੱਕ ਰਿਹਾ ਹੈ ਉਹ ਇਸ ਲਈ ਕਿਉਂਕਿ ਉਸ ਨੇ ਪਿਛਲੇ ਜਨਮ 'ਚ ਬਹੁਤ ਪਾਪ ਕੀਤੇ ਹਨ। ਜਾਂ ਇਹ ਦੱਸੇ ਕਿ ਅ ਨੂੰ ਇਹ ਸੋਚ ਕੇ ਆਪਣੀ ਕਿਸਮਤ 'ਤੇ ਸੰਤੋਖ ਕਰਨਾ ਚਾਹੀਦਾ ਹੈ ਕਿ ਸਵਰਗ 'ਚ ਸਾਰੇ ਸੁੱਖ ਮਿਲ ਜਾਣਗੇ। ਧਰਮ- ਕੋਈ ਵੀ ਧਰਮ- ੳ ਲਈ ਫਾਇਦੇਮੰਦ ਹੈ ਕਿਉਂਕਿ ਇਹ ਅਜਿਹੀ ਸਿੱਖਿਆ ਦਿੰਦਾ ਹੈ ਕਿ ਜਿਨ੍ਹਾਂ ਹਾਲਤਾਂ 'ਚ ਅ ਉੱਪਰ ੳ ਸਵਾਰੀ ਕਰ ਰਿਹਾ ਹੈ, ਉਹ ਹਾਲਤਾਂ ਮਨੁੱਖ ਰਾਹੀਂ ਪੈਦਾ ਨਹੀਂ ਕੀਤੀਆਂ ਗਈਆਂ ਹਨ, ਉਹ ਇਤਿਹਾਸਕ ਨਹੀਂ ਹਨ। ਉਸ ਦੇ ਉਲਟ ਇਹ ਕੁਦਰਤ ਦਾ ਇੱਕ ਸਰਵਪ੍ਰਵਾਨਤ ਨਿਯਮ ਹੈ ਜਿਸਨੂੰ ਰੱਬ ਦੀ ਸਹਿਮਤੀ ਮਿਲੀ ਹੈ। ੳ ਇਹ ਚਾਹੇਗਾ ਕਿ ਅ ਦੇ ਮਨ 'ਚ ਇਹ ਬਹਿ ਜਾਵੇ ਕਿ ਉਸ ਦਾ ਕੋਈ ਸੱਭਿਆਚਾਰ ਨਹੀਂ ਹੈ ਜਾਂ ਜੇਕਰ ਕੋਈ ਸੱਭਿਆਚਾਰ ਹੈ ਤਾਂ ਉਹ ਬਹੁਤ ਹੀਣਾ ਹੈ। ਇਸ ਲਈ ੳ ਦੀ ਇਹ ਕੋਸ਼ਿਸ਼ ਇਹ ਹੋਵੇਗੀ ਕਿ ਉਹ ਅ ਨੂੰ ਇੱਕ ਅਜਿਹੇ ਸੱਭਿਆਚਾਰ ਨਾਲ਼ ਲੈਸ ਕਰੇ ਜਿਹੜਾ ਉਸ ਦੇ ਅੰਦਰ ਆਤਮ-ਸ਼ੰਕਾ, ਆਤਮ-ਨਿੰਦਾ ਅਤੇ ਕਦਰਾਂ-ਕੀਮਤਾਂ ਨੂੰ ਮਤਲਬ ਗੁਲਾਮ ਚੇਤਨਾ ਨੂੰ ਵਿਕਸਿਤ ਕਰੇ।

ਹੁਣ ਉਹ ੳ ਨੂੰ ਇੱਕ ਸੱਭਿਆਚਾਰ ਵਾਲ਼ਾ ਵਿਅਕਤੀ ਸਮਝੇਗਾ। ਸੰਖੇਪ 'ਚ ਕਹੀਏ ਤਾਂ ੳ ਚਾਹੇਗਾ ਕਿ ਅ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇ ਜਿਸ ਨਾਲ਼ ਉਸ 'ਚ ਆਪਣੀ ਇਸ ਅਸਲੀ ਹਾਲਤ ਦੀ ਸਮਝ ਪੈਦਾ ਨਾ ਹੋ ਸਕੇ ਤੇ ਉਸ ਦੇ ਉੱਪਰ ੳ ਕਿਉਂ ਬੈਠਾ ਹੈ ਜਾਂ ਉਸ ਨੂੰ ਇਸ ਹਾਲਤ ਦੇ ਇਤਿਹਾਸਕ ਬੁਨਿਆਦੀ ਕਾਰਨਾਂ ਦੀ ਜਾਣਕਾਰੀ ਨਾ ਹੋ ਸਕੇ। ਨਾਲੇ ੳ ਅਜਿਹਾ ਸੱਭਿਆਚਾਰ ਪ੍ਰਦਾਨ ਕਰਨਾ ਚਾਹੇਗਾ ਜਿਹੜਾ ਅ ਅੰਦਰ ਗੁਲਾਮੀ ਦੀਆਂ ਕਦਰਾਂ-ਕੀਮਤਾਂ, ਗੁਲਾਮੀ ਦੀ ਮਾਨਸਿਕਤਾ ਅਤੇ ਇਸੇ ਤਰ੍ਹਾਂ ਦੇ ਸੰਸਾਰ ਨਜ਼ਰੀਏ ਨੂੰ ਇੱਜ਼ਤ ਦੇਵੇ। ਅਜਿਹਾ ਕਰਕੇ ਅ ਨੂੰ ਆਪਣੇ ਅਧੀਨ ਰੱਖਿਆ ਜਾ ਸਕਦਾ ਹੈ। ੳ ਸਿਰਫ਼ ਇਨਾਂ ਹੀ ਨਹੀਂ ਚਾਹੁੰਦਾ ਕਿ ਅ ਉਸਦਾ ਗੁਲਾਮ ਬਣਿਆ ਰਹੇ ਸਗੋਂ ਇਹ ਵੀ ਚਾਹੁੰਦਾ ਹੈ ਗੁਲਾਮ ਬਣੇ ਹੋਣ ਨੂੰ ਉਹ ਆਪਣੀ ਕਿਸਮਤ ਦਾ ਲੇਖ ਮੰਨ ਲਵੇ।

ਦੂਜੇ ਪਾਸੇ ਅ ਉਸ ਫ਼ਲਸਫ਼ੇ ਨੂੰ ਚਾਹੇਗਾ ਜਿਹੜਾ ਉਸਨੂੰ ਦੱਸੇ ਕਿ ਹਰ ਚੀਜ਼ 'ਚ ਬਦਲਾਅ ਹੁੰਦਾ ਹੈ, ਕਿ ਬਦਲਾਅ ਕੁਦਰਤ ਦਾ ਅਤੇ ਮਨੁੱਖੀ ਸਮਾਜ ਦਾ ਇੱਕ ਸਹਿਜ ਨਿਯਮ ਹੈ। ਉਹ ਉਸ ਧਰਮ ਨੂੰ ਗਲੇ ਲਾਵੇਗਾ ਜਿਹੜਾ ਇਹ ਸਿੱਖਿਆ ਦਿੰਦਾ ਹੈ ਕਿ ਕੁਝ ਲੋਕਾਂ ਉੱਪਰ ਕੁੱਝ ਲੋਕਾਂ ਦੇ ਬੈਠਣ ਦੀ ਪ੍ਰਣਾਲੀ ਰੱਬ ਦੇ ਨਿਯਮ ਦੇ ਵਿਰੁੱਧ ਹੈ। ਹੋ ਸਕਦਾ ਹੈ ਅ ਆਪਣੇ ਅਤੀਤ ਦਾ ਮੁੜ-ਮੁਲਾਂਕਣ ਕਰਨਾ ਚਾਹੇ ਅਤੇ ਇਸ ਪ੍ਰਕ੍ਰਿਆ 'ਚ ਉਸਨੂੰ ਪਤਾ ਚੱਲੇ ਕਿ ਉਹ ਹਮੇਸ਼ਾਂ ਗੁਲਾਮ ਨਹੀਂ ਸੀ। ਇਸ ਲਈ ਉਹ ਉਸ ਸਿੱਖਿਆ ਨੂੰ ਗਲ਼ੇ ਲਗਾਵੇਗਾ ਜਿਹੜੀ ਉਸ ਸਪੱਸ਼ਟ ਰੂਪ ਨਾਲ਼ ਇਹ ਦੱਸੇ ਕਿ ਮੌਜੂਦਾ ਤਕਲੀਫ਼ਾਂ ਇਤਿਹਾਸ ਤੋਂ ਪੈਦਾ ਹੋਈਆਂ ਹਨ, ਕੁਦਰਤੀ ਨਹੀਂ, ਜਿਹੜੀ ਉਸ ਨੂੰ ਇਹ ਦੱਸੇ ਕਿ ਇਹ ਹਾਲਤ ਮਨੁੱਖ ਰਾਹੀਂ ਤਿਆਰ ਕੀਤੀ ਗਈ ਹੈ ਇਸ ਲਈ ਮਨੁੱਖ ਇਸ ਨੂੰ ਬਦਲ ਵੀ ਸਕਦਾ ਹੈ। ਅ ਉਸ ਸੱਭਿਆਚਾਰ ਨੂੰ ਗਲ਼ੇ ਲਗਾਵੇਗਾ ਜਿਹੜਾ ਉਸ ਦੇ ਅੰਦਰ ਆਤਮ-ਵਿਸ਼ਵਾਸ ਅਤੇ ਆਪਣੇ 'ਤੇ ਮਾਣ ਕਰਨ ਦੀਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰੇ, ਅਜਿਹੀਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰੇ ਜਿਨ੍ਹਾਂ ਨਾਲ਼ ਉਸ ਨੂੰ ਸਾਹਸ ਮਿਲਦਾ ਹੋਵੇ ਅਤੇ ਇਹ ਸੰਕਲਪ ਪੁਸ਼ਟ ਹੁੰਦਾ ਹੋਵੇ ਕਿ ਆਪਣੀਆਂ ਮੌਜੂਦਾ ਤਕਲੀਫ਼ਾਂ ਤੋਂ ਛੁਟਕਾਰਾ ਪਾਉਣ ਲਈ ਉਹ ਕੁੱਝ ਕਰ ਸਕਦਾ ਹੈ। ਸੰਖੇਪ 'ਚ ਕਹੀਏ ਤਾਂ ਅ ਅਜਿਹੀ ਸਿੱਖਿਆ ਚਾਹੇਗਾ ਜਿਹੜੀ ਉਸਨੂੰ ਨਾ ਕੇਵਲ ਉਸ ਦੀਆਂ ਮੁਸੀਬਤਾਂ ਦਾ ਗਿਆਨ ਕਰਵਾਏ ਸਗੋਂ ਉਸ ਅੰਦਰ ਮੁਕਤੀ ਦੀ ਚੇਤਨਾ, ਅਜ਼ਾਦੀ ਲਈ ਲੜਨ ਦੀ ਚੇਤਨਾ ਪੈਦਾ ਕਰੇ।

ਹੁਣ ਇਹ ਸੰਭਵ ਹੈ ਕਿ ੳ ਅਤੇ ਅ ਲਾਜ਼ਮੀ ਰੂਪ 'ਚ ਉਸ ਤਰ੍ਹਾਂ ਦੀ ਸਿੱਖਿਆ, ਸੱਭਿਆਚਾਰ ਅਤੇ ਸੰਸਾਰ ਨਜ਼ਰੀਏ ਪ੍ਰਤੀ ਸਜਗ ਨਾ ਹੋਣ ਜਿਹੜੀ ਉਹ ਚਾਹੁੰਦੇ ਹੋਣ। ਪਰ ਸੱਚਾਈ ਇਹ ਹੈ ਕਿ ਅਜਿਹੀ ਸਿੱਖਿਆ ਪ੍ਰਣਾਲੀ ਹੈ, ਜਿਹੜੀ ਇਸ ਤਰ੍ਹਾਂ ਦਾ ਸੱਭਿਆਚਾਰ ਪ੍ਰਦਾਨ ਕਰਦੀ ਹੈ ਜਿਹੜਾ ੳ ਦੀ ਹਾਲਤ ਦੇ ਅਨੁਰੂਪ ਚੇਤਨਾ ਨਾਲ਼ ਲੈਸ ਹੈ ਅਤੇ ਇੱਕ ਇਸ ਤਰ੍ਹਾਂ ਦਾ ਸਿੱਖਿਆ ਢੰਗ ਜਿਹੜਾ ਅ ਦੀ ਸਥਿਤੀ ਦੇ ਅਨੁਰੂਪ ਹੋਵੇ। ਸਿੱਖਿਆ, ਸੱਭਿਆਚਾਰ ਅਤੇ ਸੰਸਾਰ ਨਜ਼ਰੀਏ ਦੇ ਦੋ ਤਰ੍ਹਾਂ ਦੇ ਹੋਣ ਨਾਲ਼ ਇੱਕ ਘਾਤਕ ਸੰਘਰਸ਼ ਚੱਲਦਾ ਰਹਿੰਦਾ ਹੈ ਕਿਉਂਕਿ ੳ ਦੀ ਲਗਾਤਾਰ ਕੋਸ਼ਿਸ਼ ਹੈ ਕਿ ਅ ਗੁਲਾਮ ਚੇਤਨਾ ਨੂੰ ਅਪਣਾ ਲਵੇ ਤਾਂ ਕਿ ੳ ਸ਼ਾਂਤੀਪੂਰਵਕ ਅ ਦੀ ਲੁੱਟ ਜਾਰੀ ਰੱਖ ਸਕੇ। ਪਰ ਅ ਵੀ ਅਜਿਹੀ ਸਿੱਖਿਆ ਵਿਕਸਿਤ ਕਰਨ ਲਈ ਸੰਘਰਸ਼ ਕਰ ਰਿਹਾ ਹੈ ਜਿਹੜੀ ਉਸ ਨੂੰ ਮੁਕਤ ਕਰਾਉਣ ਦਾ ਸੱਭਿਆਚਾਰ ਪ੍ਰਦਾਨ ਕਰੇ ਅਤੇ ਪੂਰੇ ਆਤਮ-ਵਿਸ਼ਵਾਸ ਨਾਲ਼ ੳ ਨੂੰ ਆਪਣੇ ਉੱਤੋਂ ਲਾਹ ਮਾਰੇ।

✲✲✲✲✲✲✲✲



# ਵਿਦਿਆਰਥੀ ਸੰਘਰਸ਼ਾਂ ਦਾ ਜਰਨੈਲ ਸੀ
# ਜਰਨੈਲ

ਜਰਨੈਲ ਸਿਰਫ਼ ਨਾਂ ਦਾ ਜਰਨੈਲ ਨਹੀਂ ਸੀ, ਉਹ ਵਿਦਿਆਰਥੀ ਸੰਘਰਸ਼ਾਂ ਦਾ ਸਚਮੁੱਚ ਦਾ ਜਰਨੈਲ ਸੀ, ਕਿਰਤੀ ਲੋਕਾਈ ਦੇ ਸੰਘਰਸ਼ਾਂ ਦਾ ਹਿਸਾ ਬਣਨ ਦੀ ਸੋਚ ਲਈ ਜਿਉਂਦਾ ਜਰਨੈਲ ਸੀ। ਉਹ ਉਹਨਾਂ ਵਿੱਚੋਂ ਇੱਕ ਸੀ ਜਿਹਨਾਂ ਬਾਰੇ ਕਦੇ ਫੈਜ਼ ਨੇ ਲਿਖਿਆ ਸੀ:

ਉਨਹੀਂ ਕੇ ਫੈਜ਼ ਸੇ ਬਾਜ਼ਾਰ-ਏ-ਅਕਲ ਰੋਸ਼ਨ ਹੈ,
ਜੋ ਗਾਹ ਗਾਹ ਜਨੂੰ ਇਖਤਿਆਰ ਕਰਤੇ ਰਹੇ।

13 ਦਸੰਬਰ, 2010 ਦਾ ਦਿਨ ਪੰਜਾਬ ਦੀ ਵਿਦਿਆਰਥੀ ਲਹਿਰ ਤੋਂ, ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਇੱਕ ਹਰਮਨਪਿਆਰਾ ਆਗੂ ਤੇ ਦੋਸਤ ਖੋਹ ਕੇ ਲੈ ਗਿਆ ਅਤੇ ਕਿਰਤੀ ਲੋਕਾਂ ਤੋਂ 2010 ਦਾ ਸਾਲ ਜਾਂਦਾ ਹੋਇਆ ਇਕ ਸੰਭਾਵਨਾ ਭਰਪੂਰ ਸਾਥੀ ਸਦਾ ਲਈ ਦੂਰ ਕਰ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦਾ ਵਿਦਿਆਰਥੀ ਆਗੂ ਜਰਨੈਲ 13 ਦਸੰਬਰ ਨੂੰ ਹਮੇਸ਼ਾਂ ਲਈ ਚੁੱਪ ਹੋ ਗਿਆ। ਉਹ ਨੇਪਾਲ ਵਿੱਚ ਕਾਠਮੰਡੂ ਵਿਖੇ ਚੱਲ ਰਹੀ ਕੌਮਾਂਤਰੀ ਵਿਦਿਆਰਥੀ ਕਾਨਫਰੰਸ਼ 'ਚ ਹਿੱਸਾ ਲੈਣ ਗਿਆ ਹੋਇਆ ਸੀ। ਉਥੇ ਹੀ ਉਹ ਡੇਂਗੂ ਬੁਖਾਰ ਦਾ ਸ਼ਿਕਾਰ ਹੋ ਗਿਆ। ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਖੂਨ ਰਿਸਣ ਕਾਰਨ ਜਰਨੈਲ ਸਦਾ ਲਈ ਅਲਵਿਦਾ ਕਹਿ ਗਿਆ ਅਤੇ ਪਿੱਛੇ ਛੱਡ ਗਿਆ ਯਾਦਾਂ ਦੇ ਕਾਫਿਲੇ।

ਸੰਗਰੂਰ ਜ਼ਿਲ੍ਹੇ ਦੇ ਖਨੌਰੀ ਪਿੰਡ ਦੇ ਵਸਨੀਕ ਜਰਨੈਲ ਨੇ ਗਰੈਜੂਏਸ਼ਨ ਕਿਰਤੀ ਕਾਲਜ, ਨਿਆਲ ਤੋਂ ਪੂਰੀ ਕੀਤੀ। ਉਹ ਦਸ ਕੁ ਵਰ੍ਹੇ ਪਹਿਲਾਂ ਵਿਦਿਆਰਥੀ ਲਹਿਰ ਦੇ ਸੰਪਰਕ ਵਿੱਚ ਆਇਆ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਮੈਂਬਰ ਬਣ ਕੇ ਸੰਘਰਸ਼ਾਂ ਦੇ ਮੈਦਾਨ ਵਿੱਚ ਕੁੱਦ ਪਿਆ। ਪਿਛਲੇ ਚਾਰ ਸਾਲ ਤੋਂ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਪੜ੍ਹਾਈ ਕਰ ਰਿਹਾ ਸੀ। ਹੁਣੇ ਹੁਣੇ ਉਸ ਨੇ ਐੱਮ. ਫਿਲ. ਦਾ ਇਮਤਿਹਾਨ ਦਿੱਤਾ ਸੀ।

ਪੰਜਾਬੀ ਯੂਨੀਵਰਸਿਟੀ ਵਿੱਚ ਆਪਣੇ ਵਿਦਿਆਰਥੀ ਸਮੇਂ ਦੌਰਾਨ ਉਸਨੇ ਬਹੁਤ ਸਾਰੇ ਵਿਦਿਆਰਥੀ ਸੰਘਰਸ਼ਾਂ ਵਿੱਚ ਸਰਗਰਮੀ ਨਾਲ਼ ਸ਼ਿਰਕਤ ਕੀਤੀ ਅਤੇ ਅਗਵਾਈ ਕੀਤੀ। ਉਸਨੇ ਇਥੋਂ ਦੀ ਵਿਦਿਆਰਥੀ ਲਹਿਰ 'ਚ ਇੱਕ ਨਵੀਂ ਰੂਹ ਫੂਕਣ ਦਾ ਕੰਮ ਕੀਤਾ। ਇਸ ਦੌਰਾਨ ਹੀ ਉਸ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੈਗਜ਼ੀਨ ਦੇ ਸੰਪਾਦਕ ਮੰਡਲ ਦਾ ਮੈਂਬਰ ਵੀ ਬਣਾ ਲਿਆ ਗਿਆ। ਹਾਲੇ ਉਹ ਪੂਰੀ ਜ਼ਿੰਦਗੀ ਆਮ ਲੋਕਾਂ ਦੇ ਸੰਘਰਸ਼ਾਂ ਦੇ ਨਾਂ ਲਾਉਣ ਤੇ ਮਜ਼ਦੂਰ ਜਮਾਤ ਦੇ ਭਵਿੱਖ ਲਈ ਸਮਰਪਤ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਮੌਤ ਨੇ ਉਸ ਨੂੰ ਸਾਡੇ ਕੋਲੋਂ ਖੋਹ ਲਿਆ।

ਅਦਾਰਾ 'ਲਲਕਾਰ' ਜਰਨੈਲ ਦੇ ਇਸ ਅਚਨਚੇਤ ਵਿਛੋੜੇ ਕਾਰਨ ਉਸ ਦੇ ਪਰਿਵਾਰ ਤੇ ਦੋਸਤਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ। ਆਓ! ਅਸੀਂ ਰਲ ਕੇ ਅਹਿਦ ਕਰੀਏ ਕਿ ਜਿਸ ਰਾਹ 'ਤੇ ਜਰਨੈਲ ਚੱਲ ਰਿਹਾ ਸੀ, ਉਸ ਰਾਹ 'ਤੇ ਅਸੀਂ ਵੀ ਚੱਲੀਏ, ਅੱਗੇ ਵਧੀਏ ਇਹੀ ਉਸ ਨੂੰ ਸੱਚੀ ਸਰਧਾਂਜਲੀ ਹੋਵੇਗੀ। ਇਸ ਰਾਹ 'ਤੇ ਚੱਲਦੇ ਹੋਏ ਅਸੀਂ ਜਰਨੈਲ ਨੂੰ ਹਮਕਦਮ ਪਾਵਾਂਗੇ। ਵਿਛੜੇ ਸਾਥੀ ਨੂੰ ਲਾਲ ਸਲਾਮ!

**ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ,**
**ਔਰ ਨਿਕਲੇਂਗੇ ਆਸ਼ਕੋਂ ਕੇ ਕਾਫਿਲੇ।**
**ਜਿਨ ਕੀ ਰਾਹ-ਏ-ਤਲਬ ਸੇ ਹਮਾਰੇ ਕਦਮ,**
**ਮੁਖਤਸਰ ਕਰ ਚਲੇ ਦਰਦ ਕੇ ਕਾਫਿਲੇ।**

**ਬਿਨਾ ਕਿਸੇ ਟਿੱਪਣੀ ਤੋਂ**

## ਬੋਲਦੇ ਅੰਕੜੇ ਚੀਕਦੀਆਂ ਸੱਚਾਈਆਂ

20 ਦਸੰਬਰ 2010 ਦੇ ਜਨਸੱਤਾ ਅਖ਼ਬਾਰ ਵਿੱਚ ਛਪੀ ਖ਼ਬਰ ਮੁਤਾਬਕ ਸਾਡੇ ਦੇਸ਼ ਵਿੱਚ ਹਰ ਸਾਲ 5.9 ਕਰੋੜ ਟਨ ਫਲ਼ ਅਤੇ ਸਬਜ਼ੀਆਂ ਬਰਬਾਦ ਹੋ ਜਾਂਦੀਆਂ ਹਨ। ਇਹ ਬਿਆਨ ਖਾਧ ਅਤੇ ਖੇਤੀ ਰਾਜ ਮੰਤਰੀ ਪ੍ਰੋਫੈਸਰ ਕੇ. ਵੀ. ਥਾਮਸ ਦਾ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਹਰ ਸਾਲ 6.8 ਕਰੋੜ ਟਨ ਫਲ਼ ਅਤੇ 12.9 ਕਰੋੜ ਟਨ ਸਬਜ਼ੀਆਂ ਪੈਦਾ ਕਰਦਾ ਹੈ। ਇਹ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਪਰ 30 ਫੀਸਦੀ ਫਲ਼ ਅਤੇ ਸਬਜ਼ੀਆਂ ਆਲ਼-ਜੰਜਾਲ਼ (ਇਨਫਾਸਟਰਕਚਰ) ਦੀ ਕਮੀ ਕਾਰਨ ਬਰਬਾਦ ਹੋ ਜਾਂਦੀਆਂ ਹਨ।

# ਇੰਗਲੈਂਡ 'ਚ ਵਿਦਿਆਰਥੀ-ਰੋਹ ਦੇ ਝਟਕੇ

**- ਸਵਜੀਤ**

ਇਸ ਸਾਲ ਸਰਦੀਆਂ ਵਿੱਚ ਇੰਗਲੈਂਡ ਦਾ ਰਾਜਨੀਤਕ ਮਾਹੌਲ ਹਜ਼ਾਰਾਂ ਵਿਦਿਆਰਥੀਆਂ ਦੇ ਸੜਕਾਂ 'ਤੇ ਉੱਤਰ ਆਉਣ ਕਾਰਨ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਨਵੀਂ ਸਰਕਾਰ ਵੱਲੋਂ ਕੀਤੇ ਜਾ ਰਹੇ ਫੀਸਾਂ ਵਿੱਚ ਬੇਤਹਾਸ਼ਾ ਵਾਧੇ ਦਾ ਵਿਰੋਧ ਕਰਨ ਲਈ ਹਜ਼ਾਰਾਂ ਵਿਦਿਆਰਥੀਆਂ ਨੇ ਦੇਸ਼ ਵਿਆਪੀ ਮੁਹਿੰਮ ਛੇੜੀ ਹੋਈ ਹੈ। ਨਵੰਬਰ ਮਹੀਨੇ ਤੋਂ ਲਗਾਤਾਰ ਦੇਸ਼ ਭਰ ਵਿੱਚ ਥਾਂ-ਥਾਂ ਵਿਦਿਆਰਥੀਆਂ ਦੇ ਰੋਸ ਮੁਜ਼ਾਹਰੇ ਹੋ ਰਹੇ ਹਨ। ਇੰਗਲੈਂਡ ਦੀ ਨਵੀਂ ਚੁਣੀ ਕੰਜ਼ਰਵੇਟਿਵ-ਲਿਬਰਲ ਗੱਠਜੋੜ ਸਰਕਾਰ ਯੂਨੀਵਰਸਿਟੀਆਂ ਨੂੰ ਹਰ ਸਾਲ ਦਿੱਤੀ ਜਾਣ ਵਾਲ਼ੀ 2.9 ਬਿਲੀਅਨ ਪਾਉਂਡ ਦੀ ਰਾਜਕੀ ਇਮਦਾਦ ਨੂੰ ਖਤਮ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ। ਇਸ ਦਾ ਕਾਰਨ ਇਸ ਸਾਲ ਦੇ ਬਜਟ ਘਾਟੇ ਨੂੰ ਪੂਰਾ ਕਰਨਾ ਦੱਸਿਆ ਜਾ ਰਿਹਾ ਹੈ, ਜਿਹੜਾ ਕਿ ਕੁੱਲ ਘਰੇਲੂ ਉਤਪਾਦ ਦਾ 11 ਪ੍ਰਤੀਸ਼ਤ ਬਣਦਾ ਹੈ। ਆਪਣੀਆਂ ਸਾਮਰਾਜਵਾਦੀ ਨੀਤੀਆਂ ਕਾਰਨ ਇਰਾਕ ਜੰਗ ਵਿੱਚ ਕਰੋੜਾਂ ਡਾਲਰ ਫੂਕ ਦੇਣ ਤੋਂ ਬਾਅਦ ਅਤੇ ਚਾਲੂ ਵਿੱਤੀ ਸੰਕਟ ਦੌਰਾਨ ਬੈਂਕਾਂ ਨੂੰ ਦਿੱਤੇ 'ਸਟਿਮੁਲਸ ਪੈਕਜਾਂ' ਦਾ ਭਾਰ ਸਰਕਾਰ ਹੁਣ ਗਰੀਬ ਵਿਦਿਆਰਥੀਆਂ 'ਤੇ ਪਾਉਣ ਜਾ ਰਹੀ ਹੈ। 'ਨੈਸ਼ਨਲ ਯੂਨੀਅਨ ਆਫ ਸਟੂਡੈਂਟਸ' ਅਤੇ 'ਯੂਨੀਵਰਸਿਟੀ ਐਂਡ ਕਾਲਜ ਯੂਨੀਅਨ' ਅਤੇ ਇੰਗਲੈਂਡ, ਵੇਲਸ, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਦੀਆਂ ਕਈ ਵਿਦਿਆਰਥੀ ਯੂਨੀਅਨਾਂ ਇਸ ਫੈਸਲੇ ਖਿਲਾਫ ਪਿਛਲੇ ਕੁਝ ਸਮੇਂ ਤੋਂ 'ਫੰਡਿੰਗ ਅਵਰ ਫਿਊਚਰ' ਨਾਮ ਦੀ ਇੱਕ ਮੁਹਿੰਮ ਚਲਾ ਰਹੀਆਂ ਹਨ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਫੀਸਾਂ ਵਿੱਚ ਇਸ ਹੱਦ ਤੱਕ ਵਾਧਾ ਕਰਨ ਨਾਲ਼ ਗਰੀਬ ਅਤੇ ਹੇਠਲੇ ਮੱਧ ਵਰਗ ਦੇ ਨੌਜਵਾਨ ਪੂਰੀ ਤਰ੍ਹਾਂ ਸਿੱਖਿਆ ਦੇ ਖੇਤਰ 'ਚੋਂ ਬਾਹਰ ਧੱਕੇ ਜਾਣਗੇ। ਜ਼ਿਕਰਯੋਗ ਹੈ ਕਿ ਇੰਗਲੈਂਡ ਦੀ ਵਰਤਮਾਨ ਸਰਕਾਰ ਅਗਲੇ ਚਾਰ ਸਾਲਾਂ ਵਿੱਚ 81 ਬਿਲੀਅਨ ਪਾਉਂਡ ਦੀ ਰਕਮ ਜਨਤਕ ਖਰਚੇ 'ਚੋਂ ਕੱਢਣ ਦਾ ਫੈਸਲਾ ਕਰ ਚੁੱਕੀ ਹੈ ਤੇ ਇਸੇ ਦੀ ਇੱਕ ਕੜੀ ਵਜੋਂ 'ਉੱਚ ਸਿੱਖਿਆ ਫੰਡਿੰਗ' ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਜਿਸ ਦੇ ਸਿੱਟੇ ਵਜੋਂ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਫੀਸ ਲਗਭਗ ਤਿੰਨ ਗੁਣਾ ਤੱਕ ਵੱਧ ਕੇ 9000 ਪਾਉਂਡ ਪ੍ਰਤੀ ਸਾਲ ਦੀ ਹੱਦ ਤੱਕ ਪਹੁੰਚ ਜਾਵੇਗੀ।

ਪਿਛਲੀ ਲੇਬਰ ਸਰਕਾਰ ਨੇ ਇੰਗਲੈਂਡ ਦੇ ਸਿੱਖਿਆ ਖੇਤਰ ਵਿੱਚ ਕੁਝ "ਸੁਧਾਰ" ਕਰਨ ਦੀ ਮਨਸ਼ਾ ਨਾਲ਼ ਅਤੇ ਇੰਗਲੈਂਡ ਦੀ 'ਉੱਚ ਸਿੱਖਿਆ ਫੰਡਿੰਗ' ਦੇ ਭਵਿੱਖ ਬਾਰੇ ਨਵੇਂ ਦਿਸ਼ਾ ਨਿਰਦੇਸ਼ ਤੈਅ ਕਰਨ ਲਈ 'ਇੰਡੀਪੈਂਡਟ ਰੀਵੀਊ ਆਫ ਹਾਈ ਐਜੂਕੇਸ਼ਨ ਫੰਡਿੰਗ ਐਂਡ ਸਟੂਡੈਂਟ ਫਾਈਨੈਂਸ' ਨਾਮਕ ਇੱਕ ਕਮਿਸ਼ਨ ਬਿਠਾਇਆ ਸੀ। ਜਿਸਨੂੰ 'ਬਰਾਊਨ ਰੀਵੀਊ' ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ। ਉਸ ਸਮੇਂ ਲਿਬਰਲ ਡੈਮੋਕਰੈਟ ਦੇ ਮੁੱਖ ਆਗੂ ਨਿੱਕ ਕਲੈੱਗ (ਹੁਣ ਡਿਪਟੀ ਪ੍ਰਧਾਨ ਮੰਤਰੀ) ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਮਈ 2010 ਵਿੱਚ ਹੋਈਆਂ ਆਮ ਚੋਣਾਂ ਦੀ ਆਪਣੀ ਚੋਣ ਮੁਹਿੰਮ ਵਿੱਚ ਸ਼੍ਰੀਮਾਨ ਕਲੈੱਗ ਨੇ ਦੇਸ਼ ਦੇ ਵਿਦਿਆਰਥੀਆਂ ਨਾਲ਼ ਸੱਤਾ ਵਿੱਚ ਆਉਣ 'ਤੇ ਫੀਸਾਂ ਮਾਫ ਕਰਨ ਦਾ ਵਾਅਦਾ ਕੀਤਾ। ਉਹਨਾਂ ਦੇ ਇਸ ਬਿਆਨ ਦਾ ਵਿਦਿਆਰਥੀਆਂ ਨੇ ਭਰਪੂਰ ਸਵਾਗਤ ਕੀਤਾ ਅਤੇ ਚੋਣਾਂ ਦੌਰਾਨ ਉਹਨਾਂ ਦੀ ਪਾਰਟੀ ਦੀ ਕਾਫੀ ਹਮਾਇਤ ਵੀ ਕੀਤੀ। ਇਸੇ ਮੁੱਦੇ ਦੇ ਆਧਾਰ 'ਤੇ ਲਿਬਰਲਾਂ ਨੇ ਕੰਜ਼ਰਵੇਟਿਵ ਪਾਰਟੀ ਨਾਲ਼ ਗੱਠਜੋੜ ਬਣਾਇਆ। ਪਰ ਸਰਕਾਰ ਬਣਨ ਤੋਂ ਬਾਅਦ ਸ਼੍ਰੀਮਾਨ ਕਲੈੱਗ ਆਪਣੇ ਸਾਰਿਆਂ ਵਾਅਦਿਆਂ ਤੋਂ ਸਾਫ-ਸਾਫ ਮੁੱਕਰ ਗਏ ਅਤੇ ਜਿਸ 'ਬਰਾਊਨ ਰੀਵੀਊ' ਦਾ ਵਿਰੋਧ ਕਰਕੇ ਉਹ ਸੱਤਾ ਵਿੱਚ ਆਏ ਸਨ, ਉਸੇ ਦੀਆਂ ਸਿਫਾਰਸ਼ਾਂ ਮੁਤਾਬਿਕ ਫੀਸਾਂ ਵਿੱਚ ਵਾਧਾ ਕਰਨ ਦਾ ਫੈਸਲਾ ਕਰ ਲਿਆ। ਉਹਨਾਂ ਦੇ ਇਸ ਤਰ੍ਹਾਂ "ਯੂ-ਟਰਨ" ਲੈਣ ਨਾਲ਼ ਦੇਸ਼ ਦੇ ਵਿਦਿਆਰਥੀ ਭੜਕ ਉੱਠੇ। 28 ਅਕਤੂਬਰ 2010 ਨੂੰ ਆਕਸਫੋਰਡ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਇੱਕ ਭਰਵਾਂ ਇਕੱਠ ਹੋਇਆ ਜਿਸ ਵਿੱਚ ਕਈ ਵਿਦਿਆਰਥੀ ਜੱਥੇਬੰਦੀਆਂ ਨੇ ਇਸ ਮੁੱਦੇ 'ਤੇ ਇੱਕ ਦੇਸ਼ ਵਿਆਪੀ ਸੰਘਰਸ਼ ਛੇੜਨ ਦਾ ਫੈਸਲਾ ਲਿਆ।

ਇਸ ਦੇ ਸਿੱਟੇ ਵਜੋਂ 3 ਨਵੰਬਰ 2010 ਨੂੰ ਡਿਊਬਲਿਨ ਵਿਖੇ ਇੱਕ ਰੋਸ-ਮੁਜ਼ਾਹਰਾ ਕੀਤਾ ਗਿਆ। ਦੇਸ਼ ਦੇ ਲਗਭਗ ਸਾਰੇ ਹਿੱਸਿਆਂ ਮਾਨਚੈਸਟਰ, ਕੈਂਬਰਿਜ, ਕਾਰਡਿਫ, ਕੋਲਚੈਸਟਰ, ਨਿਊਕਾਸਲ, ਬਾਥ, ਲੀਡਸ, ਸ਼ੈਫੀਲਡ, ਐਡਿਨਬਰਗ, ਲੀਵਰਪੂਲ, ਬੈਲਫਾਸਟ, ਬਰਾਈਟਨ, ਸਕੰਨਥੋਪਰ ਅਤੇ ਬਰਿਸਟਲ ਵਿੱਚ ਵੀ ਵਿਦਿਆਰਥੀਆਂ ਨੇ ਜ਼ਬਰਦਸਤ ਰੋਸ-ਮੁਜ਼ਾਹਰੇ ਕੀਤੇ। ਇਸੇ ਕੜੀ ਤਹਿਤ 10 ਨਵੰਬਰ ਨੂੰ ਸੈਂਟਰਲ ਲੰਡਨ ਦੇ ਮਿਲੀਬੈਂਕ ਟਾਵਰ ਵਿਖੇ ਸਥਿਤ ਕੰਜ਼ਰਵੇਟਿਵ ਪਾਰਟੀ ਦੇ ਹੈੱਡਕੁਆਟਰ ਦੇ ਸਾਹਮਣੇ ਵਿਦਿਆਰਥੀ, ਲੈਕਚਰਾਰ ਅਤੇ ਹੋਰ ਹਮਾਇਤੀਆਂ ਨੇ ਇੱਕ ਭਰਵੀਂ ਰੈਲੀ ਦੇ ਰੂਪ ਵਿੱਚ ਸ਼ਾਂਤੀਪੂਰਨ ਰੋਸ-ਮੁਜ਼ਾਹਰੇ ਦਾ ਆਯੋਜਨ ਕੀਤਾ। ਇਸ ਰੈਲੀ ਵਿੱਚ ਲਗਭਗ 50,000 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ। ਜਦੋਂ "ਸਿੱਖਿਆ ਕਟੌਤੀ ਬੰਦ ਕਰੋ" ਅਤੇ "ਟੈਕਸ ਬੈਂਕਾਂ 'ਤੇ ਲਗਾਓ, ਵਿਦਿਆਰਥੀਆਂ 'ਤੇ ਨਹੀਂ" ਦੇ ਨਾਅਰੇ ਲਗਾਉਂਦੇ ਵਿਦਿਆਰਥੀ ਬਿਲਡਿੰਗ ਵਿੱਚ ਸ਼ਾਂਤੀਪੂਰਵਕ ਦਾਖਲ ਹੋ ਰਹੇ ਸਨ ਤਾਂ ਪੁਲਿਸ ਨੇ ਉਹਨਾਂ 'ਤੇ ਡਾਂਗਾਂ ਨਾਲ਼ ਹੱਲਾ ਬੋਲ ਦਿੱਤਾ। ਜਿਸ ਦੇ ਸਿੱਟੇ ਵਜੋਂ ਪਾਰਲੀਮੈਂਟ ਸਕੁਏਰ ਵਿੱਚ ਹੋਈ ਝੜਪ ਵਿੱਚ 40 ਦੇ ਕਰੀਬ ਵਿਦਿਆਰਥੀ ਫੱਟੜ ਹੋਏ ਅਤੇ 180 ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਦੇ ਇਸ ਵਤੀਰੇ ਤੋਂ ਰੋਹ ਵਿੱਚ ਆਏ ਵਿਦਿਆਰਥੀਆਂ ਨੇ ਪੂਰੀ ਬਿਲਡਿੰਗ 'ਤੇ ਕਬਜ਼ਾ ਕਰ ਲਿਆ ਅਤੇ ਭੰਨ-ਤੋੜ ਦੀਆਂ ਵੀ ਇੱਕਾ ਦੁੱਕਾ ਖਬਰਾਂ ਆਈਆਂ। ਕੁਝ ਵਿਦਿਆਰਥੀਆਂ ਨੇ ਇਸ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ "ਜੇਕਰ ਉਹ ਸਾਡੀਆਂ ਜਨਤਕ ਸੇਵਾਵਾਂ ਦੀ ਭੰਨ-ਤੋੜ ਕਰਨਗੇ ਤਾਂ ਅਸੀਂ ਉਹਨਾਂ ਦੀ ਭੰਨ-ਤੋੜ ਕਰਾਂਗੇ।" ਲੰਡਨ ਦੀ ਸਿਟੀ ਯੂਨੀਵਰਸਿਟੀ ਦੇ ਇੱਕ 20 ਸਾਲਾ ਵਿਦਿਆਰਥੀ ਨੇ ਕਿਹਾ "ਜਿਵੇਂ

ਇਹ ਲੋਕ ਸਾਡੇ ਪੜ੍ਹਨ ਦੇ ਮੌਕੇ ਤਬਾਹ ਕਰ ਰਹੇ ਹਨ, ਉਵੇਂ ਹੀ ਅਸੀਂ ਇਹਨਾਂ ਦੀਆਂ ਇਮਾਰਤਾਂ ਤਬਾਹ ਕਰਾਂਗੇ।"

50,000 ਦੇ ਕਰੀਬ ਲੋਕਾਂ ਦੀ ਸ਼ਾਮੂਲੀਅਤ ਵਾਲ਼ੇ ਵਿਸ਼ਾਲ ਮੁਜ਼ਾਹਰੇ ਵਿੱਚ ਵਾਪਰੀਆਂ ਇੱਕਾ ਦੁੱਕਾ ਹਿੰਸਕ ਘਟਨਾਵਾਂ ਨੂੰ ਮੀਡੀਆ ਨੇ ਪੂਰਾ ਜ਼ੋਰ ਲਾ ਕੇ ਪ੍ਰਚਾਰਿਆ। ਅਤੇ ਅਰਾਜਕਤਾ ਫੈਲਾਉਣ ਦੇ ਸੰਗੀਨ ਦੋਸ਼ ਲਾ ਕੇ ਇਸ ਲੋਕ ਲਹਿਰ ਨੂੰ ਬਦਨਾਮ ਕਰਨ ਦੀ ਅਤੇ ਇਸਦਾ ਅਕਸ ਵਿਗਾੜਨ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਮੀਡੀਆ ਦੀ ਇਸ ਚਲਾਕੀ ਭਰੀ ਕਾਰਸਤਾਨੀ ਦੇ ਬਾਵਜੂਦ ਵੀ ਵਿਦਿਆਰਥੀ ਜੱਥੇਬੰਦੀਆਂ ਦੇ ਨਾਲ਼-ਨਾਲ਼ ਹੋਰ ਕਰਮਚਾਰੀ ਜੱਥੇਬੰਦੀਆਂ ਵੀ ਇਸ ਸੰਘਰਸ਼ ਦੀ ਪੁਰਜ਼ੋਰ ਹਮਾਇਤ 'ਤੇ ਉੱਤਰ ਆਈਆਂ। ਯੂਨੀਵਰਸਿਟੀ ਆਫ ਅਲਸਟਰ ਦੀ ਇੱਕ ਵਿਦਿਆਰਥਣ ਦਾ ਕਹਿਣਾ ਸੀ ਕਿ "ਮੈਂ ਇੱਥੇ ਇਸ ਲਈ ਆਈ ਹਾਂ ਕਿਉਂਕਿ ਇਹ ਹੁਣ ਜ਼ਰੂਰੀ ਹੋ ਗਿਆ ਹੈ ਕਿ ਵਿਦਿਆਰਥੀ ਉੱਠ ਖੜੇ ਹੋਣ ਅਤੇ ਜੋ ਵੀ ਹੋ ਰਿਹਾ ਹੈ ਉਸ ਦੇ ਖਿਲਾਫ ਬੋਲਣ।"

ਐਨ.ਯੂ.ਐੱਸ ਨੇ ਇਸ ਲਹਿਰ ਨੂੰ ਹੋਰ ਅੱਗੇ ਵਧਾਉਣ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਉਹ ਇਸ ਬਿਲ ਦੇ ਹੱਕ ਵਿੱਚ ਵੋਟ ਪਾਉਣ ਵਾਲੇ 'ਗੱਦਾਰ' ਪਾਰਲੀਮੈਂਟ ਮੈਂਬਰਾਂ ਨੂੰ ਵਾਪਸ ਬੁਲਾਉਣ ਲਈ ਵੀ ਲੜਾਈ ਛੇੜਨਗੇ।

24 ਨਵੰਬਰ, 30 ਨਵੰਬਰ ਅਤੇ 9 ਦਸੰਬਰ ਨੂੰ ਵੀ ਵੱਖ-ਵੱਖ ਥਾਵਾਂ 'ਤੇ ਅਜਿਹੇ ਮੁਜ਼ਾਹਿਰੇ ਹੋਏ। ਇੰਗਲੈਂਡ ਦੇ ਵਿਦਿਆਰਥੀ ਸੰਘਰਸ਼ਾਂ ਦੇ ਇਤਿਹਾਸ ਵਿੱਚ ਇੰਨੀ ਵੱਡੀ ਪੱਧਰ 'ਤੇ ਸ਼ਾਮੂਲੀਅਤ ਇੱਕ ਦੁਰਲੱਭ ਵਰਤਾਰਾ ਹੈ। ਟੋਰੀ ਹੈੱਡਕੁਆਟਰ 'ਤੇ ਕਬਜ਼ਾ ਕਰਨ ਤੋਂ ਬਾਅਦ ਵਿਖਾਵਾਕਾਰੀਆਂ ਨੇ ਆਪਣਾ ਜਿਹੜਾ ਬਿਆਨ ਜਾਰੀ ਕੀਤਾ ਉਸ ਵਿੱਚ ਆਪਣੇ ਇਰਾਦੇ ਸਾਫ ਤੌਰ 'ਤੇ ਜ਼ਾਹਿਰ ਕਰ ਦਿੱਤੇ ਹਨ, "ਅਸੀ ਹਰ ਤਰ੍ਹਾਂ ਦੇ ਕਟੌਤੀ ਦਾ ਵਿਰੋਧ ਕਰਦੇ ਹਾਂ ਅਤੇ ਅਸੀਂ ਸਾਰੇ ਪਬਲਿਕ ਸੈਕਟਰ ਕਾਮਿਆਂ, ਗਰੀਬਾਂ, ਅਪਾਹਜਾਂ, ਬਜ਼ੁਰਗਾਂ ਅਤੇ ਕਿਰਤੀ ਲੋਕਾਂ ਨਾਲ਼ ਇੱਕਜੁੱਟ ਖੜੇ ਹਾਂ।"

ਪੂੰਜੀਵਾਦ ਦੇ ਸੰਸਾਰੀਕਰਨ ਦੇ ਦੌਰ ਵਿੱਚ ਦਾਖਿਲ ਹੋਣ ਕਾਰਨ ਅਤੇ ਨਿੱਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਨਾਲ਼ ਸਾਰੀ ਦੁਨੀਆਂ ਵਿੱਚ ਕੀਨਜ਼ੀਆਈ ਮਾਡਲ ਅਤੇ 'ਕਲਿਆਣਕਾਰੀ ਰਾਜ' ਦੇ ਸੰਕਲਪ ਦਾ ਭੋਗ ਪੈ ਚੁੱਕਿਆ ਹੈ। ਵਿਦਿਆਰਥੀਆਂ ਨੌਜਵਾਨਾਂ ਲਈ ਇਹ ਗੱਲ ਸਮਝਣਾ ਹੁਣ ਬੇਹੱਦ ਲਾਜ਼ਮੀ ਹੋ ਗਿਆ ਹੈ ਕਿ ਇਸ ਢਾਂਚੇ ਅੰਦਰ ਰਹਿ ਕੇ ਵੋਟ-ਵਟੋਰੂ ਪਾਰਟੀਆਂ ਤੋਂ ਕਿਸੇ ਕਿਸਮ ਦੀ ਆਸ ਰੱਖਣਾ ਪਿਛਾਂਹ ਵੱਲ ਕਦਮ ਪੁੱਟਣਾ ਹੈ। ਇੰਗਲੈਂਡ ਦਾ ਵਰਤਮਾਨ ਘਟਨਾਕ੍ਰਮ ਵੀ ਇਸੇ ਗੱਲ ਦਾ ਇੱਕ ਹੋਰ ਸਬੂਤ ਹੈ। ਵਿਦਿਆਰਥੀ ਲਹਿਰਾਂ ਵੀ ਕਿਰਤੀ ਲੋਕਾਂ ਦੀ ਅਗਵਾਈ ਹੇਠ ਦੁਨੀਆਂ ਭਰ ਵਿੱਚ ਚਲ ਰਹੇ ਮੁਕਤੀ ਪ੍ਰੋਜੈਕਟ ਨਾਲ਼ ਜੁੜ ਕੇ ਅਤੇ ਇਸ ਵੇਲ਼ਾ ਵਿਹਾ ਚੁੱਕੇ ਢਾਂਚੇ ਵਿਰੁੱਧ ਸੇਧਿਤ ਹੋ ਕੇ ਹੀ ਆਪਣੇ ਤਰਕਪੂਰਨ ਸਿੱਟੇ ਤੱਕ ਅੱਪੜ ਸਕਦੀਆਂ ਹਨ। ਇਹੀ ਅੱਜ ਦੀ ਜ਼ਰੂਰਤ ਹੈ ਅਤੇ ਭਵਿੱਖ ਦੀ ਦਿਸ਼ਾ ਵੀ।

***◊◊◊***

**(ਸਫ਼ਾ 12 ਦਾ ਬਾਕੀ)**

ਮਕਸਦ ਵੀ ਸਿਰਫ ਇਸ ਬਾਕੀ ਬਚਦੇ ਕਾਰਬਨ ਸਪੇਸ ਨੂੰ ਆਪਸ ਵਿੱਚ ਵੰਡਣ ਦੀ ਲੜਾਈ ਹੀ ਹੈ।

ਕਿਸੇ ਦੇਸ਼ ਦੇ ਅਰਥਚਾਰੇ ਵਿੱਚ ਸਨਅਤ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਸਨਅਤ ਤੇ ਟਰਾਂਸਪੋਰਟ ਦਾ ਇੱਕ ਵੱਡਾ ਹਿੱਸਾ (ਲਗਭਗ 70 ਪ੍ਰਤੀਸ਼ਤ) ਊਰਜਾ ਲਈ ਕੋਲੇ ਅਤੇ ਤੇਲ 'ਤੇ ਨਿਰਭਰ ਕਰਦਾ ਹੈ। ਕੋਲਾ ਅਤੇ ਤੇਲ ਅਜਿਹੇ ਬਾਲਣ ਹਨ ਜਿਹੜੇ ਸਭ ਤੋਂ ਜ਼ਿਆਦਾ ਕਾਰਬਨ ਨਿਕਾਸੀ ਦਾ ਕਾਰਨ ਬਣਦੇ ਹਨ। ਹੁਣ ਸਮੱਸਿਆ ਤਾਂ ਇੱਥੇ ਖੜੀ ਹੁੰਦੀ ਹੈ ਕਿ "ਮਹਿਜ਼" ਵਾਤਾਵਰਣ ਨੂੰ ਬਚਾਉਣ ਲਈ ਕਿਹੜਾ ਦੇਸ਼ (ਖਾਸ ਕਰਕੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼) ਆਪਣੀਆਂ ਸਨਅਤਾਂ ਵਿੱਚ ਵਰਤੀ ਜਾਂਦੀ ਊਰਜਾ 'ਚ ਕਟੌਤੀ ਕਰਕੇ ਆਪਣੇ ਅਰਥਚਾਰੇ ਨੂੰ (ਜਿਹੜਾ ਕਿ ਮੁਨਾਫੇ 'ਤੇ ਟਿਕਿਆ ਹੁੰਦਾ ਹੈ) ਦਾਅ 'ਤੇ ਲਗਾਏਗਾ?

ਪੂਰਾ ਅਰਥਚਾਰਾ ਤਾਂ ਦਾਅ 'ਤੇ ਨਹੀਂ ਲਗਾਇਆ ਜਾ ਸਕਦਾ, ਪਰ ਬੁਰਕੀਆਂ ਤਾਂ ਸੁੱਟੀਆਂ ਹੀ ਜਾ ਸਕਦੀਆਂ ਨੇ ਅਤੇ ਜੋ ਸੁੱਟੀਆਂ ਵੀ ਗਈਆਂ। ਬੁਰਜੂਆ ਮੀਡੀਆ ਨੇ ਵਿਕਸਤ ਦੇਸ਼ਾਂ ਵੱਲੋਂ ਜੁਟਾਏ ਜਾਣ ਵਾਲੇ ਇਸ 'ਗਰੀਨ ਫੰਡ' ਦਾ ਵੀ ਕਾਫੀ ਪ੍ਰਚਾਰ ਕੀਤਾ ਹੈ। ਕਾਨਕੁਨ ਵਾਰਤਾ ਵਿੱਚ ਹੋਏ ਇਸ ਇੱਕਲੌਤੇ ਸਮਝੌਤੇ ਨੂੰ 'ਅਗਾਂਹ ਵੱਲ ਕਦਮ' ਦੱਸਿਆ ਜਾ ਰਿਹਾ ਹੈ। ਪਰ ਇਸ 'ਅਗਾਂਹ ਵੱਲ ਕਦਮ' ਦੀ ਅਸਲੀਅਤ ਸਮਝਣ ਲਈ ਉੱਪਰ ਸਿਰਲੇਖ ਵਿੱਚ ਲਿਖੀ ਹੋਈ ਪੰਜਾਬੀ ਦੀ ਇੱਕ ਕਹਾਵਤ ਹੀ ਕਾਫੀ ਹੈ। ਇੱਕ ਰਿਪੋਰਟ ਮੁਤਾਬਿਕ ਜੇਕਰ ਵਿਕਸਤ ਦੇਸ਼ ਵਾਤਾਵਰਣ ਨੂੰ ਬਚਾਉਣ ਹਿੱਤ ਕਾਰਬਨ ਨਿਕਾਸੀ ਵਿੱਚ ਕਟੌਤੀ ਕਰਦੇ ਹਨ ਤਾਂ ਹਰ ਸਾਲ ਸੰਸਾਰ ਦੇ ਕੁੱਲ ਘਰੇਲੂ ਉਤਪਾਦ ਵਿੱਚ 20% ਤੱਕ ਦਾ "ਘਾਟਾ" ਪੈ ਸਕਦਾ ਹੈ। ਜਦਕਿ ਅਜਿਹੇ ਫੰਡ ਮੁਹੱਈਆ ਕਰਵਾਉਣ ਵਿੱਚ 1% ਤੋਂ ਵੀ ਘੱਟ ਦਾ ਨੁਕਸਾਨ ਹੋਵੇਗਾ।

ਜ਼ਿੰਦਗੀ ਦੇ ਹਰ ਖੇਤਰ ਵਿੱਚ ਸਤੇ ਹੋਏ ਲੋਕਾਂ ਦਾ ਵਧ ਰਿਹਾ ਦਬਾਅ ਅਤੇ ਕਿਸੇ ਇਨਕਲਾਬੀ ਉੱਥਲ-ਪੁੱਥਲ ਦਾ ਡਰ ਵੀ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਤੇ ਉਹਨਾਂ ਦੇ ਮਾਲਕਾਂ ਨੂੰ ਸਤਾਉਂਦਾ ਰਹਿੰਦਾ ਹੈ। ਇਸ ਲਈ ਲੋਕਾਂ ਵਿੱਚ ਇਸ ਢਾਂਚੇ ਪ੍ਰਤੀ ਭਰਮ ਕਾਇਮ ਰੱਖਣ ਲਈ ਕੁਝ ਐਨ.ਜੀ.ਓਜ਼ ਰਾਹੀਂ ਇਹ ਪੂੰਜੀਪਤੀ ਥੋੜੀ ਬਹੁਤ 'ਸਮਾਜ ਸੇਵਾ' ਤਾਂ ਕਰਦੇ ਹੀ ਰਹਿੰਦੇ ਹਨ। ਪਰ ਕਾਨਕੁਨ ਵਾਰਤਾ ਨੇ ਇੱਕ ਵਾਰ ਫਿਰ ਇਸ ਤੱਥ 'ਤੇ ਮੋਹਰ ਲਾ ਦਿੱਤੀ ਹੈ ਕਿ ਇਸ ਸੰਕਟਗ੍ਰਸਤ ਸਿਸਟਮ ਦੇ ਅੰਦਰ ਰਹਿ ਕੇ ਮਨੁੱਖ ਜਾਤੀ ਕਦੇ ਵੀ ਕੁਦਰਤ ਨਾਲ਼ ਆਪਣੀਆਂ ਵਿਰੋਧਤਾਈਆਂ ਹੱਲ ਨਹੀਂ ਕਰ ਸਕਦੀ।

***◊◊◊***

# ਲੁਧਿਆਣੇ ਦੀ ਮਜ਼ਦੂਰ ਬਸਤੀ 'ਚ ''ਮਜ਼ਦੂਰ ਲਾਈਬ੍ਰੇਰੀ'' ਦੀ ਸਥਾਪਨਾ

ਕੁਦਰਤ ਦੁਆਰਾ ਮਨੁੱਖਤਾ ਨੂੰ ਤੋਹਫੇ ਵਜੋਂ ਦਿੱਤੇ ਕੁਦਰਤੀ ਸਾਧਨਾਂ ਨੂੰ ਨਵੇਂ ਸਾਂਚੇ ਵਿੱਚ ਢਾਲ਼ ਕੇ ਮਜ਼ਦੂਰਾਂ ਦੇ ਹੱਥਾਂ ਨੇ ਧਰਤੀ ਉੱਪਰ ਇੱਕ ਨਵੀਂ ਦੁਨੀਆਂ ਸਿਰਜੀ ਹੈ। ਇਹਨਾਂ ਹੱਥਾਂ ਨੇ ਪਹਾੜਾਂ ਨੂੰ ਕੱਟ ਕੇ ਸੜਕਾਂ ਬਣਾਈਆਂ, ਸੁਰੰਗਾਂ ਬਣਾਈਆਂ, ਦਰਿਆਵਾਂ ਦੇ ਵਹਿਣ ਮੋੜੇ, ਗੱਲ ਕੀ ਕੁਦਰਤ ਦੀਆਂ ਆਪ ਮੁਹਾਰੀਆਂ ਤਾਕਤਾਂ ਨੂੰ ਮਨੁੱਖਤਾ ਦੀਆਂ ਸੇਵਕ ਬਣਾਇਆ।

ਗਿਆਨ ਵੀ ਇਸੇ ਪ੍ਰਕਿਰਿਆ (ਪੈਦਾਵਾਰ ਦੀ ਪ੍ਰਕਿਰਿਆ) ਭਾਵ ਕੁਦਰਤ ਨਾਲ਼ ਮਨੁੱਖ ਦੇ ਸੰਘਰਸ਼ 'ਚੋਂ ਪੈਦਾ ਹੁੰਦਾ ਹੈ। ਪੈਦਾਵਾਰੀ ਪ੍ਰਕਿਰਿਆ ਵਿੱਚ ਮੁੱਖ ਭੂਮਿਕਾ ਉਤਪਾਦਕ ਜਮਾਤ ਦੀ ਹੁੰਦੀ ਹੈ। ਕਹਿਣ ਦਾ ਭਾਵ ਸਮੁੱਚੇ ਗਿਆਨ, ਸੱਭਿਆਚਾਰ ਨੂੰ ਪੈਦਾ ਕਰਨ ਵਾਲ਼ੇ ਵੀ ਕਿਰਤੀ ਲੋਕ ਹੀ ਹਨ। ਪਰ ਉਹ ਖੁਦ ਹਰ ਤਰ੍ਹਾਂ ਦੇ ਗਿਆਨ, ਸੱਭਿਆਚਾਰ ਤੋਂ ਵਾਂਝੇ ਹਨ। ਅੱਜ ਦੇ ਸਮੇਂ 'ਚ ਉਹ ਮਸ਼ੀਨਾਂ ਦੇ ਪੁਰਜ਼ੇ ਬਣ ਕੇ ਰਹਿ ਗਏ ਹਨ। ਪੂੰਜੀ ਦੁਆਰਾ ਅੰਨ੍ਹੀ ਲੁੱਟ ਨੇ ਆਧੁਨਿਕ ਮਜ਼ਦੂਰ ਜਮਾਤ ਨੂੰ ਇਕ ਅਮਾਨਵੀਕ੍ਰਿਤ ਸਮੂਹ ਬਣਾ ਦਿੱਤਾ ਹੈ।

**ਮਜ਼ਦੂਰ ਜਮਾਤ ਤੱਕ ਗਿਆਨ ਅਤੇ ਸੱਭਿਆਚਾਰ ਲੈ ਕੇ ਜਾਣਾ ਮੁਕਤੀ ਦੇ ਨਵੇਂ ਪ੍ਰੋਜੈਕਟ ਦਾ ਇੱਕ ਅਹਿਮ ਅੰਗ ਹੈ। ਮਜ਼ਦੂਰ ਜਮਾਤ ਦੁਆਰਾ ਸਿਰਜੀ ਗਿਆਨ ਅਤੇ ਸੱਭਿਆਚਾਰ ਦੀ ਦੌਲਤ ਨੂੰ ਵਾਪਸ ਮਜ਼ਦੂਰ ਜਮਾਤ ਕੋਲ਼ ਲੈ ਜਾਣਾ ਹੋਵੇਗਾ। ਸਾਡੇ ਦੇਸ਼ ਵਿੱਚ ਇਹ ਕਾਰਜ ਉਹਨਾਂ ਬਹਾਦਾਰ ਵਿਦਿਆਰਥੀਆਂ ਨੌਜਵਾਨਾਂ ਨੂੰ ਆਪਣੇ ਜ਼ਿੰਮੇ ਲੈਣਾ ਹੋਵੇਗਾ ਜਿਹਨਾਂ ਕੋਲ਼ ਇੱਕ ਹੱਦ ਤੱਕ ਗਿਆਨ ਅਤੇ ਸੱਭਿਆਚਾਰ ਦੀ ਦੌਲਤ ਹੈ। ਇਸ ਚੀਜ਼ਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਉਹਨਾਂ ਨੂੰ ਖੁਦ ਨੂੰ ਬਦਲਣਾ ਹੋਵੇਗਾ। ਉਹਨਾਂ ਨੂੰ ਮਜ਼ਦੂਰ ਜਮਾਤ ਨਾਲ਼ ਇੱਕ ਰੂਪ ਹੋਣਾ ਹੋਵੇਗਾ। ਬੇਸ਼ੱਕ ਇਹ ਇੱਕ ਬਹੁਤ ਹੀ ਮੁਸ਼ਕਿਲ ਕਾਰਜ ਹੈ, ਪਰ ਨਾਮੁਮਕਿਨ ਨਹੀਂ। ਲਗਾਤਾਰ ਯਤਨਾਂ ਜ਼ਰੀਏ ਮਜ਼ਦੂਰ ਜਮਾਤ ਅੰਦਰ ਗਿਆਨ ਦੀ ਭੁੱਖ ਜਗਾਈ ਜਾ ਸਕਦੀ ਹੈ। ਇਸੇ ਪ੍ਰਕਿਰਿਆ 'ਚ ਮਜ਼ਦੂਰ ਜਮਾਤ ਆਪਣੇ 'ਆਰਗੇਨਿਕ' ਬੁੱਧੀਜੀਵੀ ਪੈਦਾ ਕਰੇਗੀ। ਇਸੇ ਸੋਚ ਨੂੰ ਅਮਲੀ ਰੂਪ ਦੇਣ ਲਈ ਲੁਧਿਆਣਾ ਵਿੱਚ ''ਮਜ਼ਦੂਰ ਲਾਈਬ੍ਰੇਰੀ'' ਦੀ ਸ਼ੁਰੂਆਤ ਕੀਤੀ ਗਈ ਹੈ।**

2 ਨਵੰਬਰ 2010 ਨੂੰ ਫੋਕਲ ਪੁਆਇੰਟ, ਲੁਧਿਆਣਾ 'ਚ ਸਥਿਤ ਮਜ਼ਦੂਰ ਬਸਤੀ ਰਾਜੀਵ ਕਲੋਨੀ ਵਿਖੇ ''ਮਜ਼ਦੂਰ ਲਾਈਬ੍ਰੇਰੀ'' ਦੀ ਸਥਾਪਨਾ ਕੀਤੀ ਗਈ। ਉਦਘਾਟਨ ਵੇਲੇ ਲਗਭਗ 200 ਮਜ਼ਦੂਰ ਹਾਜ਼ਰ ਸਨ। ਲਾਈਬ੍ਰੇਰੀ ਦਾ ਉਦਘਾਟਨ ਜਮਹੂਰੀ ਹੱਕਾਂ ਦੇ ਸਰਗਰਮ ਘੁਲਾਟੀਏ ਪ੍ਰੋ. ਏ. ਕੇ. ਮਲੇਰੀ ਜੀ ਨੇ ਕੀਤਾ। ਪ੍ਰੋ. ਏ. ਕੇ. ਮਲੇਰੀ ਜੀ ਨੇ ਮਜ਼ਦੂਰ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਜ਼ਦੂਰਾਂ ਨੂੰ ਚੇਤੰਨ ਕਰਨ ਦਾ ਇਹ ਉਪਰਾਲਾ ਬਹੁਤ ਸ਼ਲਾਂਘਾਯੋਗ ਹੈ ਅਤੇ ਉਮੀਦ ਜਤਾਈ ਕਿ ਮਜ਼ਦੂਰਾਂ ਵਲੋਂ ਉਹਨਾਂ ਲਈ ਸਥਾਪਿਤ ਕੀਤੀ ਗਈ ਇਸ ਲਾਈਬ੍ਰੇਰੀ ਨੂੰ ਵਧੀਆ ਹੁੰਗਾਰਾ ਮਿਲੇਗਾ।

ਮਜ਼ਦੂਰ ਲਾਈਬ੍ਰੇਰੀ ਦੇ ਉਦੇਸ਼ ਬਾਰੇ ਬੋਲਦੇ ਹੋਏ ਲਾਈਬ੍ਰੇਰੀ ਦੇ ਪ੍ਰਬੰਧਕ ਲਖਵਿੰਦਰ ਨੇ ਕਿਹਾ ਕਿ ਜਿਸ ਤਰ੍ਹਾਂ ਪੂੰਜੀਵਾਦੀ ਪ੍ਰਬੰਧ ਨੇ ਮਜ਼ਦੂਰ ਜਮਾਤ ਨੂੰ ਹੋਰਨਾਂ ਸਭ ਚੀਜਾਂ ਤੋਂ ਵਾਂਝਾ ਰੱਖਣ ਦੀ ਕੋਈ ਕਸਰ ਨਹੀਂ ਛੱਡੀ ਉਸੇ ਤਰ੍ਹਾਂ ਗਿਆਨ ਤੋਂ ਵੀ ਵਾਂਝਾ ਕਰ ਦਿੱਤਾ ਹੈ। ਪੂੰਜੀਪਤੀ ਜਮਾਤ ਗਿਆਨ ਦਾ ਇਸਤੇਮਾਲ ਇਸ ਲੁਟੇਰੇ ਪ੍ਰਬੰਧ ਨੂੰ ਕਾਇਮ ਰੱਖਣ ਲਈ ਕਰ ਰਹੀ ਹੈ ਪਰ ਮਜ਼ਦੂਰ ਜਮਾਤ ਨੇ ਲੁਟੇਰੇ ਪ੍ਰਬੰਧ ਨੂੰ ਚਕਨਾਚੂਰ ਕਰਨਾ ਹੈ। ਮਜ਼ਦੂਰ ਜਮਾਤ ਨੂੰ ਹੀ ਗਿਆਨ ਦੀ ਸਭ ਤੋਂ ਵੱਧ ਜ਼ਰੂਰਤ ਹੈ ਕਿਉਂਕਿ ਉਸ ਨੇ ਹੀ ਇਸ ਦੁਨੀਆਂ ਦੀ ਇਤਿਹਾਸਕ ਕਾਇਆਪਲਟ ਕਰਨੀ ਹੈ। ਇਸ ਦੁਨੀਆਂ 'ਚੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਮਜ਼ਦੂਰ ਜਮਾਤ ਨੇ ਹੀ ਕਰਨਾ ਹੈ। ਮਜ਼ਦੂਰਾਂ-ਕਿਰਤੀਆਂ ਦੀ ਬਦਹਾਲੀ ਦੇ ਅਸਲ ਕਾਰਨਾਂ, ਮੁਕਤੀ ਦੇ ਸ਼ਾਨਦਾਰ ਰਾਹ ਅਤੇ ਸੰਸਾਰ ਮਜ਼ਦੂਰ ਜਮਾਤ ਦੇ ਇਨਕਲਾਬੀ ਸੰਘਰਸ਼ਾਂ ਦੇ ਮਾਣਮੱਤੇ ਇਤਿਹਾਸ ਤੋਂ ਮਜ਼ਦੂਰ ਜਮਾਤ ਅਣਜਾਣ ਹੈ। ਇਹ ਸਭ ਕੁਝ ਮਜ਼ਦੂਰਾਂ ਨੂੰ ਜਾਨਣਾ ਹੋਵੇਗਾ। ਲਖਵਿੰਦਰ ਨੇ ਕਿਹਾ ਕਿ ''ਮਜ਼ਦੂਰ ਲਾਈਬ੍ਰੇਰੀ'' ਦੀ ਸਥਾਪਨਾ ਮਜ਼ਦੂਰਾਂ ਤੱਕ ਮੁਕਤੀ ਗਿਆਨ ਪਹੁੰਚਾਉਣ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਦਾ ਹੀ ਇੱਕ ਛੋਟਾ ਜਿਹਾ ਅੰਗ ਹੈ।

+++++++

(ਸਫ਼ਾ 15 ਦਾ ਬਾਕੀ)

ਵੱਧ ਮੁਨਾਫ਼ਾ ਲੁੱਟਣ ਦੀ ਗੱਡੀ 'ਚ ਬਲਦ ਦੀ ਤਰ੍ਹਾਂ ਜੋੜ ਦਿੱਤਾ ਗਿਆ ਹੈ। ਨਿਸ਼ਚਿਤ ਰੂਪ ਨਾਲ਼ ਦਾਰਸ਼ਨਿਕ ਰੂਪ ਨਾਲ਼ ਵਿਗਿਆਨ ਦੇ ਹਰ ਉੱਨਤ ਪ੍ਰਯੋਗ ਨੇ ਪਦਾਰਥਵਾਦ ਨੂੰ ਪੁਸ਼ਟ ਕੀਤਾ ਹੈ ਅਤੇ ਤਰਕ ਅਤੇ ਰੀਜ਼ਨ ਦੇ ਮਹਾਂਦੀਪਾਂ ਨੂੰ ਵਿਸਥਾਰਿਤ ਕੀਤਾ ਹੈ। ਇਸ ਪ੍ਰਯੋਗ ਨੇ ਵੀ ਅਧਿਆਤਮਵਾਦ, ਵਿਚਾਰਵਾਦ ਅਤੇ ਅਬੋਧਵਾਦ ਦੀ ਕਬਰ 'ਤੇ ਥੋੜ੍ਹੀ ਹੋਰ ਮਿੱਟੀ ਸੁੱਟਣ ਦਾ ਕੰਮ ਕੀਤਾ ਹੈ। ਇਸ ਰੂਪ 'ਚ ਇਤਿਹਾਸਕ ਅਤੇ ਦਾਰਸ਼ਨਿਕ ਤੌਰ 'ਤੇ ਇਸ ਪ੍ਰਯੋਗ ਦੀ ਇੱਕ ਅਗਾਂਹਵਧੂ ਭੂਮਿਕਾ ਹੈ। ਪਰ ਹਰ ਅਜਿਹੇ ਪ੍ਰਯੋਗ ਦੀ ਪੂੰਜੀਵਾਦੀ ਪ੍ਰਬੰਧ ਅੰਦਰ ਆਮ ਤੌਰ 'ਤੇ ਮੁਨਾਫ਼ੇ ਅਤੇ ਮੁਨਾਫ਼ੇ ਨੂੰ ਸੁਰੱਖਿਅਤ ਰੱਖਣ ਵਾਲ਼ੇ ਜ਼ਾਬਰ-ਢਾਂਚੇ ਨੂੰ ਉੱਨਤ ਬਣਾਉਣ ਲਈ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਅੱਜ ਹਰ ਨੌਜਵਾਨ ਵਿਗਿਆਨੀ ਮੂਹਰੇ, ਜਿਹੜਾ ਵਿਗਿਆਨ ਦੀ ਸਹੀ ਮਾਇਨਿਆਂ 'ਚ ਸੇਵਾ ਕਰਨਾ ਚਾਹੁੰਦਾ ਹੈ, ਮਨੁੱਖਤਾ ਦੀ ਸਹੀ ਮਾਇਨਿਆਂ 'ਚ ਸੇਵਾ ਕਰਨਾ ਚਾਹੁੰਦਾ ਹੈ, ਮੁੱਖ ਉਦੇਸ਼ ਇਸ ਪੂਰੇ ਮਨੁੱਖ-ਵਿਰੋਧੀ ਅਨਿਆਂ-ਪੂਰਨ ਸੰਸਾਰ ਪੂੰਜੀਵਾਦੀ ਪ੍ਰਬੰਧ ਦਾ ਬਦਲ ਪੇਸ਼ ਕਰਨਾ ਅਤੇ ਉਸ ਲਈ ਸੰਘਰਸ਼ ਕਰਨਾ ਹੋਣਾ ਚਾਹੀਦਾ ਹੈ। ਇੱਕ ਅਨੈਤਿਕ ਪ੍ਰਬੰਧ ਅੰਦਰ ਨੈਤਿਕ-ਅਨੈਤਿਕ ਦੀ ਬਹਿਸ ਹੀ ਅਪ੍ਰਸੰਗਿਕ ਹੈ।



# ਜਾਰਜ ਔਰਸਨ ਵੈਲਸ

## ''ਸਿਟੀਜ਼ਨ ਕੇਨ'' ਦਾ ਅਮਰ ਨਿਰਦੇਸ਼ਕ

- ਕੁਲਵਿੰਦਰ




ਕਲਾਕਾਰ ਕਈ ਵਾਰ ਅਚੇਤ ਰੂਪ ਵਿਚ ਅਜਿਹੀ ਰਚਨਾ ਕਰ ਜਾਂਦੇ ਹਨ ਜੋ ਨਾ ਸਿਰਫ਼ ਹਾਸਲ ਦੌਰ ਨੂੰ ਪ੍ਰਭਾਵਤ ਕਰਦੀ ਹੈ ਸਗੋਂ ਸਮਾਂ ਪਾ ਕੇ ਉਹ ਇਕ ਸ਼ਾਹਕਾਰ ਰਚਨਾ ਦਾ ਦਰਜਾ ਵੀ ਹਾਸਲ ਕਰ ਲੈਂਦੀ ਹੈ। ਜਾਰਜ ਔਰਸਨ ਵੈਲਸ ਇਕ ਅਜਿਹਾ ਹੀ ਲੋਕ ਪੱਖੀ ਫ਼ਿਲਮਕਾਰ ਸੀ ਜਿਸ ਦੀ ਫ਼ਿਲਮ ''ਸਿਟੀਜਨ ਕੇਨ'' ਲੋਕਪੱਖੀ ਫ਼ਿਲਮ ਇਤਿਹਾਸ ਵਿਚ ਮੀਲ ਪੱਥਰ ਦਾ ਦਰਜਾ ਰੱਖਦੀ ਹੈ।

6 ਮਈ, 1915 ਨੂੰ ਇਕ ਖਾਂਦੇ ਪੀਂਦੇ ਘਰ ਵਿਚ ਪੈਦਾ ਹੋਣ ਦੇ ਬਾਵਜੂਦ ਔਰਸਨ ਵੈਲਸ ਨੂੰ ਬਚਪਨ ਵਿਚ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਕਈ ਤਰ੍ਹਾਂ ਦੇ ਕੰਮਾਂ ਕਾਰਾਂ ਤੋਂ ਬਾਅਦ ਵੈਲਸ ਨੇ ਇਕ ਅਦਾਕਾਰ ਬਣਨ ਦੀ ਕੋਸ਼ਿਸ਼ ਕੀਤੀ ਅਤੇ 1936-39 ਦੌਰਾਨ ਉਹ ਰੇਡੀਓ ਅਤੇ ਥਿਏਟਰ ਦਾ ਇਕ ਸਥਾਪਤ ਅਦਾਕਾਰ ਬਣ ਚੁਕਾ ਸੀ। ਇਥੇ ਉਸ ਦੀ ਪ੍ਰਤਿਭਾ ਨੂੰ ਆਰ. ਕੇ. ਓ. ਰੇਡੀਓ ਪਿਕਚਰ ਦੇ ਪ੍ਰਧਾਨ ਜਾਰਜ ਸਕੇਫ਼ਰ ਨੇ ਪਛਾਣਿਆ ਅਤੇ ਉਸ ਨੂੰ ਇਕ ਅਜਿਹੀ ਪੇਸ਼ਕਸ਼ ਕੀਤੀ ਜਿਸ ਨੂੰ ਫ਼ਿਲਮ ਇਤਿਹਾਸ ਵਿਚ ਕਿਸੇ ਨੌਸਿੱਖੀਏ ਨਿਰਦੇਸ਼ਕ ਨੂੰ ਦਿਤੇ ਜਾਣ ਵਾਲੇ ਸਭ ਤੋਂ ਵੱਡੇ ਕਰਾਰ ਵਜੋਂ ਜਾਣਿਆ ਜਾਂਦਾ ਹੈ। ਆਰ. ਕੇ. ਓ. ਰੇਡੀਓ ਪਿਕਚਰ ਨੇ ਵੈਲਸ ਨੂੰ ਦੋ ਫ਼ਿਲਮਾਂ ਕਰਨ ਲਈ ਸਾਈਨ ਕੀਤਾ ਜਿਸ ਵਿਚ ਸਕ੍ਰਿਪਟ ਤੋਂ ਲੈ ਕੇ ਕਾਸਟ ਤੱਕ ਸਾਰੀ ਜ਼ਿੰਮੇਵਾਰੀ ਵੈਲਸ ਦੀ ਸੀ। ਕੰਪਨੀ ਨੇ ਵੈਲਸ ਦੀਆਂ ਪਹਿਲੀਆਂ ਦੋ ਕਹਾਣੀਆਂ ਨੂੰ ਤਾਂ ਨਾ-ਮੰਜ਼ੂਰ ਕਰ ਦਿਤਾ ਪਰ ਉਸ "**ਦੀ ਅਮੈਰੀਕਨ**" ਨਾਂ ਦੀ ਉਸ ਦੀ ਤੀਜੀ ਸਕ੍ਰਿਪਟ ਨੂੰ ਪ੍ਰਵਾਨਗੀ ਦੇ ਦਿਤੀ, ਜੋ ਉਸ ਨੇ ਹਰਮਨ ਜੇ. ਮੈਨਕੀਵਿਕਜ਼ ਨਾਲ ਮਿਲਕੇ ਲਿਖੀ ਸੀ। ''ਦੀ ਅਮੈਰੀਕਨ'' ਨੂੰ ਹੀ ਬਾਅਦ ਵਿਚ ''**ਸਿਟੀਜਨ ਕੇਨ**''(1941) ਦੇ ਸਿਰਲੇਖ ਹੇਠ ਬਣਾਇਆ ਗਿਆ। ''**ਸਟੀਜਨ ਕੇਨ**'' ਫ਼ਿਲਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਕ ਜਿਉਂਦੀ ਜਾਗਦੀ ਸ਼ਖ਼ਸੀਅਤ ਵਿਲੀਅਮ ਰੈਂਡੋਲਫ਼ ਹਰਨੈਸਟ ਨੂੰ ਮੁੱਖ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਹਰਨੈਸਟ ਇਕ ਮੀਡੀਆ ਧੁਰੰਦਰ ਪੂੰਜੀਪਤੀ ਸੀ ਅਤੇ ਜੋ ਕਈ ਅਖ਼ਬਾਰਾਂ ਤੇ ਰਸਾਲਿਆਂ ਦਾ ਮਾਲਕ ਸੀ।

ਪਾਠਕਾਂ ਦੀ ਜਾਣਕਾਰੀ ਲਈ ਇਹ ਵੀ ਦੱਸਣਾ ਲਾਹੇਵੰਦ ਹੈ ਕਿ ਵਿਲੀਅਮ ਰੇਂਡੋਲਫ਼ ਹਰਨੈਸਟ ਉਹੀ ਵਿਅਕਤੀ ਹੈ ਜਿਸ ਨੇ ਦੋਹਾਂ ਸੰਸਾਰ ਜੰਗਾਂ ਵਿਚਲੇ ਸਮੇਂ ਦੌਰਾਨ ਨਾਜ਼ੀਆਂ ਨਾਲ ਮਿਲਕੇ ਸਮਾਜਵਾਦੀ ਸੋਵੀਅਤ ਯੂਨੀਅਨ ਅਤੇ ਵਿਸ਼ੇਸ਼ ਕਰਕੇ ਸਤਾਲਿਨ ਵਿਰੁੱਧ ਕੂੜ ਪ੍ਰਚਾਰ ਦੀ ਮੁਹਿੰਮ ਵਿੱਢੀ ਸੀ ਅਤੇ ਉਸ ਦੁਆਰਾ ਪ੍ਰਚਾਰੇ ਗਏ ਕੁਫ਼ਰ ਅੱਜ ਵੀ ਪੂੰਜੀਵਾਦੀ ਮੀਡੀਆ ਅਤੇ ਬੁੱਧੀਜੀਵੀ ਤਬਕੇ ਦੁਆਰਾ ਸਧਾਰਨ ਲੋਕਾਂ ਨੂੰ ਗੁਮਰਾਹ ਕਰਨ ਲਈ ਇਕ ਹਥਿਆਰ ਵਜੋਂ ਵਰਤੇ ਜਾ ਰਹੇ ਹਨ।

''ਸਿਟੀਜ਼ਨ ਕੇਨ'' ਦੇ ਵੈਲਸ ਨਾ ਸਿਰਫ਼ ਨਿਰਮਾਤਾ ਅਤੇ ਨਿਰਦੇਸ਼ਕ ਸਨ ਸਗੋਂ ਉਹ ਇਸ ਦੇ ਸਹਿ ਲੇਖਕ, ਮੁੱਖ ਅਦਾਕਾਰ ਵੀ ਸਨ। ਵੈਲਸ ਦੀ ਲਿਆਕਤ ਇਸ ਵਿਚ ਵੀ ਸੀ ਕਿ ਉਸ ਨੇ ਆਪਣੇ ਸਹਿ ਲੇਖਕ ਹਰਮਨ ਜੇ. ਮੈਨਕੀਵਿਕਜ਼ ਦੀ ਹਰਨੈਸਟ ਦੀ ਨਿੱਜੀ ਬਦਲੇ ਦੀ ਲਿਖਤ ਨੂੰ ਚਾਰਲਸ ਫੋਸਟਰ ਕੇਨ ਦੇ ਇਕ ਅਜਿਹੇ ਕਿਰਦਾਰ ਵਿਚ ਬਦਲ ਦਿਤਾ ਜਿਸ ਵਿਚ ਹਰਨੈਸਟ ਦੀਆਂ ਕਰਤੂਤਾਂ ਦੇ ਨਾਲ ਹੀ 'ਅਮਰੀਕੀ ਜਿਊਂਣ ਢੰਗ' ਦੇ ਹੋਰਨਾਂ ਲੱਛਣਾਂ ਨੂੰ ਮਿਲਾ ਕੇ ਕੇਨ ਦੇ ਕਿਰਦਾਰ ਨੂੰ ਇਕ ਆਮ ਅਤੇ ਰਹੱਸਮਈ ਸ਼ਖਸੀਅਤ ਵਿਚ ਬਦਲ ਦਿਤਾ।

''ਸਿਟੀਜ਼ਨ ਕੇਨ'' ਦੇ ਨਿਰਮਾਣ ਦੀ ਗੱਲ ਹਰਨੈਸਟ ਤੋਂ ਵੀ ਗੁੱਝੀ ਨਾ ਰਹੀ ਅਤੇ ਉਸ ਨੇ ਇਸ ਫ਼ਿਲਮ ਦੇ ਨਿਰਮਾਣ ਨੂੰ ਰੁਕਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਪੀਲੀ ਪੱਤਰਕਾਰੀ ਦਾ ਸਮਰਾਟ ਹੁਣ ਹਿਫ਼ਾਜਤੀ ਪੋਜ਼ੀਸ਼ਨ ਵਿਚ ਸੀ। ਜਦ ਹਰਨੈਸਟ ''**ਸਿਟੀਜ਼ਨ ਕੇਨ**'' ਦੇ ਪ੍ਰਦਰਸ਼ਨ ਨੂੰ ਰੋਕਣ ਵਿਚ ਸਫ਼ਲ ਨਾ ਹੋਇਆ ਤਾਂ ਉਹ ਬਲੈਕਮੇਲ 'ਤੇ ਉੱਤਰ ਆਇਆ। ਉਸ ਨੇ ਹਾਲੀਵੁੱਡ ਫ਼ਿਲਮ ਭਾਈਚਾਰੇ ਨੂੰ ਪੰਦਰਾਂ ਸਾਲਾਂ ਦੇ ਦਬਾਏ ਹੋਏ ਸਕੈਂਡਲਾਂ ਨੂੰ ਜਾਹਰ ਕਰਨ ਦੀ ਧਮਕੀ ਦਿੱਤੀ। ਫਿਰ ਇਕ ਮੌਕਾ ਅਜਿਹਾ ਆਇਆ ਕਿ ਹਾਲੀਵੁੱਡ ਦੇ ਪ੍ਰਮੁੱਖ ਸਟੂਡੀਓ ਮਾਲਕਾਂ ਨੇ ਇਸ ਦੇ ਨਿਰਮਾਤਾ ਆਰ. ਕੇ. ਓ ਸਟੂਡੀਓ ਨੂੰ ਫ਼ਿਲਮ ਦੇ ਨੈਗਟਿਵਾਂ ਅਤੇ ਪ੍ਰਿੰਟਾਂ ਬਦਲੇ ਇਸ ਦੀ ਪੂਰੀ ਕੀਮਤ ਦੇਣ ਦੀ ਪੇਸ਼ਕਸ਼ ਕੀਤੀ ਤਾਂ ਕਿ ਇਨ੍ਹਾਂ ਨੂੰ ਜਲਾਇਆ ਜਾ ਸਕੇ। ਹਰਨੈਸਟ ਦੁਆਰਾ ਕੰਟਰੋਲ ਕੀਤੇ ਜਾਂਦੇ ਮੀਡੀਏ ਨੇ ''**ਸਿਟੀਜ਼ਨ ਕੇਨ**'' ਦਾ ਬਾਈਕਾਟ ਕੀਤਾ ਅਤੇ ਥਿਏਟਰਾਂ ਵਿਚ ਇਸ ਫ਼ਿਲਮ ਦੇ ਪ੍ਰਦਰਸ਼ਨ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ। ਜਦ ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਸਫ਼ਲ ਨਾ ਹੋਈਆਂ ਤਾਂ ਉਨ੍ਹਾਂ ਨੇ ਆਪਣਾ ਬ੍ਰਹਮਅਸਤਰ ਵਰਤਦਿਆਂ ਵੈਲਸ ਨੂੰ ਇਕ 'ਕਮਿਊਨਿਸਟ' ਕਲਾਕਾਰ ਗਰਦਾਨ ਦਿੱਤਾ। ਇਹ ਵੱਖਰੀ ਗੱਲ ਹੈ ਕਿ ਵੈਲਸ ਭਾਵੇਂ ਰਸਮੀ ਤੌਰ 'ਤੇ ਕਮਿਊਨਿਸਟ ਨਹੀਂ ਬਣਿਆ ਪਰ ਖੱਬੇ ਪੱਖੀਆਂ ਵਲ ਆਪਣੀ ਹਮਦਰਦੀ ਨੂੰ ਉਸ ਸਾਰੀ ਉਮਰ ਨਹੀਂ ਲਕੋਇਆ।

''ਸਿਟੀਜ਼ਨ ਕੇਨ'' ਦੇ ਪ੍ਰਦਰਸ਼ਨ ਤੋਂ ਬਾਅਦ ਵੀ ਹਰਨੈਸਟ ਨੇ ਵੈਲਸ ਦੇ ਕੈਰੀਅਰ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਸ ਦੌਰਾਨ ਵੈਲਸ ਨੇ ਬੂਥ ਟਾਰਕਿੰਗਟਨ ਦੇ ਪਲਟਜ਼ਰ ਇਨਾਮ ਜੇਤੂ ਨਾਵਲ 'ਤੇ ਅਧਾਰਤ ''**ਮੈਗਨੀਫਿਸੈਂਟ ਅੰਬਰਸਨਸ**'' (1942) ਅਤੇ ਦੱਖਣੀ ਅਮਰੀਕਾ 'ਤੇ ਦਸਤਾਵੇਜ਼ੀ ਫ਼ਿਲਮ ''**ਇਟਸ ਆਲ ਟਰੂ**'' ਬਣਾ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਪਰ ਹਰਨੈਸਟ ਦੇ ਦਬਾਅ ਕਾਰਨ ਹੁਣ ਕੋਈ ਵੀ ਹਾਲੀਵੁੱਡ ਸਟੂਡੀਓ ਵੈਲਸ ਨਾਲ ਕੰਮ ਕਰਨ ਲਈ ਤਿਆਰ ਨਹੀਂ ਸੀ। ਨਤੀਜੇ ਵਜੋਂ ਵੈਲਸ ਨੇ ਰੇਡੀਓ ਨਾਲ ਆਪਣਾ ਨਾਤਾ ਮੁੜ ਤੋਂ ਜੋੜ ਲਿਆ। ਨਿਊਯਾਰਕ ➣ ਬਾਕੀ ਸਫ਼ਾ 25 'ਤੇ

*ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।*

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20.00
2. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30.00
3. ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) 50.00
4. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35.00
5. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65.00
6. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 05.00
7. ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ
ਦਰਸ਼ਨ ਦਾ ਅੰਤ (ਫ਼. ਏਂਗਲਜ਼) 30.00
8. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35.00
9. ਰਾਜ ਅਤੇ ਇਨਕਲਾਬ (ਲੈਨਿਨ) 50.00
10. ਰਾਜ (ਲੈਨਿਨ 10.00)
11. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15.00
12. ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) 50.00
13. ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) 35.00
14. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40.00
15. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75.00
16. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40.00
17. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60.00
18. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10.00
(ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ)
19. ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) 100.00
20. ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) 20.00
21. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10.00
22. ਚੋਰ, ਭ੍ਰਿਸ਼ਟ ਤੇ ਅੱਯਾਸ਼ ਨੇਤਾਸ਼ਾਹੀ 3.00
23. ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ 3.00
24. ਫ਼ਿਲਾਸਫ਼ੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00
25. ਗਦਰੀ ਸੂਰਬੀਰ (ਰਣਧੀਰ ਸਿੰਘ) 10.00
26. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10.00
27. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਾਹੌਰ) 10.00
28. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ
10.00
29. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15.00
30. ਜੰਗਲਨਾਮਾ – ਇਕ ਰਾਜਨੀਤਿਕ ਪੜਚੋਲ 3.00
31. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00
32. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ 20.00
ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ
33. ਕਿਉਂ ਮਾਓਵਾਦ ? 10.00
34. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ
ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) 10.00
35. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00
36. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00
37. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00
38. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ
ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25.00
39. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ
(ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00
40. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00
41. ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) 5.00
42. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00
43. ਭਗਤ ਸਿੰਘ ਨੇ ਕਿਹਾ... 5.00
44. ਸ਼ਹੀਦ ਕਰਤਾਰ ਸਿੰਘ ਸਰਾਭਾ 5.00
45. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10.00
46. ਫ਼ਲਸਫ਼ਾਨਾ ਲਿਖਤਾਂ (ਮਾਓ-ਜ਼ੇ-ਤੁੰਗ) 25.00
47. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00
48. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20.00
49. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00
50. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10.00
51. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ ਵਲੋਂ
ਸੁਤੰਤਰ ਵਪਾਰ ਸੰਬੰਧੀ ਵਿਚਾਰ) 10.00
52. ਆਈਨਸਟੀਨ ਦੇ ਸਮਾਜਿਕ ਸਰੋਕਾਰ 10.00
53. ਫਾਸੀਵਾਦ ਕੀ ਹੈ ? ਅਤੇ ਇਸ ਨਾਲ ਕਿਵੇਂ ਲੜੀਏ ? 15.00

## ਦਸਤਕ ਪ੍ਰਕਾਸ਼ਨ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) 80.00
2. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ) 100.00
3. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ) 70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) 20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ) 15.00
6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00
8. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00
9. ਚੇਖ਼ੋਵ ਦੀਆਂ ਕਹਾਣੀਆਂ 30.00
10. ਸ਼ਾਂਤ ਸਰਘੀ ਵੇਲਾ (ਨਾਵਲ) (ਬੋਰਿਸ ਵਾਸੀਲਿਯੇਵ) 30.00

## ਅਨੁਰਾਗ ਟਰੱਸਟ

1. ਇਵਾਨ (ਵਲਾਦੀਮੀਰ ਬਗਾਮੋਲੋਵ) 40 ਰੁਪਏ
2. ਵਾਂਕਾ (ਐਂਤੋਨ ਚੇਖ਼ਵ) 15 ਰੁਪਏ
3. ਕਿਸਮਤ ਆਪੋ ਆਪਣੀ (ਜੈਨੇਂਦਰ) 20 ਰੁਪਏ
4. ਕੋਹਕਾਫ਼ ਦਾ ਕੈਦੀ (ਲਿਓ ਤਾਲਸਤਾਏ) 30 ਰੁਪਏ

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : **janchetna@rediffmail.com**
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲ੍ਹਾ — ਲੁਧਿਆਣਾ। ਫੋਨ : 98155-87807